# ਸੋਚਾਂ ਦੇ ਨਿਸ਼ਾਨ

(ਸਮੁੱਚੀ ਕਵਿਤਾ)

ਪਹਿਲੀਆਂ ਛਪੀਆਂ ਪੁਸਤਕਾਂ :

| | | |
|---|---|---|
| ਮਾਰੂਥਲ ਵਿਚ ਤੁਰਦੇ ਪੈਰ | 1985 | ਕਾਵਿ ਸੰਗ੍ਰਹਿ |
| ਮੈਨੂੰ ਸੀਤਾ ਨਾ ਕਹੋ | 1998 | ਕਾਵਿ ਸੰਗ੍ਰਹਿ |
| ਦਰੋਪਦੀ ਤੋਂ ਦੁਰਗਾ | 1990 | ਕਾਵਿ ਸੰਗ੍ਰਹਿ |
| ਖ਼ਾਮੋਸ਼ੀ ਦੀ ਆਵਾਜ਼ | 1998 | ਕਾਵਿ ਸੰਗ੍ਰਹਿ |
| ਹਾਲੈਂਡ ਦੇ ਹਾਸ਼ੀਏ | 1998 | ਵਾਰਤਕ |
| ਯੋਰਪੀਅਨ ਪੰਜਾਬੀ ਸਾਹਿਤ | 2000 | ਸੰਪਾਦਿਤ |
| ਅੰਬਰ (ਡੱਚ ਪੰਜਾਬੀ ਸਾਹਿਤ | 2004 | ਸੰਪਾਦਿਤ |
| ਸੂਫ਼ੀ ਰੋਮਾਂਸ | 2004 | ਰੋਮਾਂਸ ਤੋਂ ਇਸ਼ਕ ਤਕ ਫ਼ਾਸਲਾ ਤਹਿ ਕਰਦੀ ਲੰਬੀ ਨਜ਼ਮ/ਨਜ਼ਮਾਂ |

# ਸੋਚਾਂ ਦੇ ਨਿਸ਼ਾਨ

(ਸਮੁੱਚੀ ਕਵਿਤਾ)

ਅਮਰ ਜਿਉਤੀ (ਡਾ.)

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

**SOCHAN DE NISHAN**

*by*

**AMAR JYOTI (DR.)**
P.Box. 14860
1001 LJ AMSTERDAM
NETHERLANDS
Tel.fax : 00-31-20-6250241
e-mail : cactusbloem@hotmail.com

*Published by* :
**CHETNA PARKASHAN**
Punjabi Bhawan, Ludhiana
Ph. 0161-2413613
e-mail : chetnaparkashan@sify.com

*ਪਹਿਲੀ ਵਾਰ* : 2004

*ਕਾਪੀ ਰਾਈਟ* : ਲੇਖਕ

*ਪ੍ਰਕਾਸ਼ਕ* : **ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।**(ਫ਼ੋਨ 0161-2413613)

*ਛਾਪਕ* : ਆਰ.ਕੇ. ਆਫ਼ਸੈੱਟ, ਦਿੱਲੀ।

*ਟਾਈਪ ਸੈਟਰਜ਼* : ਸਟਾਰ ਪਲੱਸ ਕੰਪਿਊਟਰ, ਜਲੰਧਰ।(ਫ਼ੋਨ 0181-2205991)

*ਮੁੱਲ* : *300 ਰੁਪਏ*
*10* **€**

# ਸਮਰਪਣ

ਸੋਚਾਂ ਮੇਰੇ ਪੈਰਾਂ ਸੰਗ ਹਮੇਸ਼ਾ ਤੁਰੀਆਂ ਹਨ ਇਹਨਾਂ ਸੰਗ
ਕੀਤਾ ਸਫ਼ਰ ਇਨਸਾਨੀਅਤ ਦਾ ਦਰਦ ਨਜ਼ਮਾਂ ਰਾਹੀਂ
ਪੇਸ਼ ਕਰਨ ਵਿਚ ਮੇਰਾ ਮਾਰਗ ਦਰਸ਼ਕ ਬਣਿਆ ਹੈ :

ਸੋਚਾਂ ਜੇ ਹੋਣ ਚੰਗੀਆਂ
ਉਹਨਾਂ ਵਿਚੋਂ ਨਿਕਲਦੇ ਅਬਰਕੀ ਤਾਰੇ....

ਅਬਰਕ ਵਿਚ ਝਿਲਮਿਲਾਉਂਦੇ ਰੰਗਾਂ ਵਰਗੇ
**ਮੇਰੇ ਪਾਠਕਾਂ ਦੇ ਨਾਂਅ**



# ਪੈਰਾਂ ਦਾ ਸਫ਼ਰ


***ਖਾਮੋਸ਼ੀ ਦੀ ਆਵਾਜ਼*** ................ 11

**ਖਾਮੋਸ਼ੀ ਦੀ ਆਵਾਜ਼ (ਮੁੱਖ ਬੰਦ)** ............13

**ਖ਼ਾਮੋਸ਼, ਗਦਰਾਈ ਚੀਖ਼ (ਮੁੱਖ ਬੰਦ)** .........19

ਮੈਂ ਤੇ ਮਿੱਟੀ ............................21

ਕੇਵਲ ਜਾਣਦੀਆਂ ਮਛਲੀਆਂ ...........22

ਸਟਰੈੱਸ ..................................23

ਡਰ .......................................25

ਰੋਹ .......................................28

ਧੁੱਪ ਤੇ ਸੇਕ ............................30

ਸ਼ਗੁਨ ....................................31

ਤਸਲੀਮ .................................33

ਬੁੱਤ-ਤਰਾਸ਼ ..............................34

ਪਿਆਰ ..................................36

ਸਮਝੌਤਾ ................................38

ਕਾਕੂਨ ...................................40

ਮੇਗ੍ਹਾਬਾਈਟਸ ਦੀ ਰਫ਼ਤਾਰ ...............41

ਸਿਫ਼ਰ ਦੀ ਪ੍ਰਾਪਤੀ .......................42

ਮੁਕਤੀ ...................................44

ਤਲਿਸਮੀ ਤੀਜੀ ਦੁਨੀਆਂ ................45

ਅਹਿਸਾਸ ..............................47

ਹਮਰਾਹ .................................48

ਤਾਮੀਰ ..................................49

ਤਿਕੋਣ ...............................51

ਸੱਤ ਘੜੇ ................................52

ਖੰਡਿਤ ..................................53

ਮੋਈ ਸ਼ਾਰਕ ............................55

ਟੂਰਿਸਟ ................................58

ਮੌਕਾ-ਇ-ਵਾਰਦਾਤ ....................60

ਹੁੰਮਸ ...................................62

ਬੋਸਨੀਆ...............................63

ਸ਼ਰੀਂਹ ...................................64

ਸ਼ਾਹਕਾਰ ...............................65

ਤਾਂਡਵ-ਨਾਚ ...........................67

ਨਾਗਮਣੀ ...............................68

ਲਾਡਲੀਆਂ ਅੱਖਾਂ .....................71

ਅਭਿਮਨਯੂ ...........................72

ਸੋਚਾਂ ਦੀ ਸੂਲੀ......................74

ਲਿਬਾਸ .................................75

ਠੰਡੀ ਜੰਗ ............................76

ਗੌਂਦੇ ਪੰਛੀ ..............................78

ਮਨ ਦੇ ਹੰਸ ...........................79

ਦਫਾ ਨਿਯਤ ਨਹੀਂ .....................81

ਦਰਦ ਦਾ ਹਾਸ਼ੀਆ .......................83

ਵਰਦਾਨ ................................85

ਖੀਰ ਗੰਗਾ ........................87

ਕੁੰਭ .................................90

ਕੰਨਿਆ ਕੁਮਾਰੀ .........................92

ਆਦਤ .................................93

ਕਲਾਸਿਕ ਲਿੱਪੀ .......................94

ਸੋਨੇ ਰੰਗੇ ਬਸਤਰ .....................96

ਖੰਭਾਂ ਦੇ ਰੰਗ ........................97

ਮਿੱਟੀ ਵਿਚ ਰੁਲਦੇ ਅੰਗੂਰ .................98

ਸ਼ਿਲਾਲੇਖ ..............................99

ਸਵਾਲ ................................100

ਅਵਾਗੌਣ ............................101

ਬਖ਼ਸ਼ੀਸ਼ ............................102

ਇਨਾਮ ............................103

ਮੁਹੱਬਤ ਦੇ ਜੁਗਨੂੰ .......................104

ਨੇਮ-ਪਲੇਟ ..........................106

ਦਸਤਕ ............................107

ਦਹਿਲੀਜ਼ੋਂ ਬਾਹਰ ......................109

ਸਫ਼ਰ ..............................110

ਧੀਆਂ ਦੇ ਲੇਖ—ਹਰ ਦੇਸ ................111

ਜ਼ਿੰਦਗੀ ਤੂੰ ਮੇਰੀ ਦੋਸਤ ਨਾ ਬਣ ਸਕੀ ..113

ਬੁੱਲ੍ਹੇ ਦੀਆਂ ਸੱਦਾਂ ................115

ਗੂੜ੍ਹਾ ਰੰਗ ਸਾਡੇ ਤਨ ਮਨ ਰਹਿੰਦਾ ........117

ਦਰਦ ਬੁੱਕਾਂ ਵਿਚੋਂ ਕਿਰਦਾ ................118

ਸ਼ਾਮ ਸੁੰਦਰ ......................119

ਭੇਦ ਜਿਹਦੇ ਅਵੱਲੇ ....................120

ਕਸਬੀ ................................121

ਕੋਰਾ ਕਾ.ਗਜ਼ .........................123

ਮੌਸਮ-1 ..............................124

ਮੌਸਮ-2 ..............................125

ਰੇਸ਼ਮੀ ਤੰਦਾਂ ..........................126

ਮਾਂ ............................128

ਮਾਂਦਰੀ ...........................130

ਸਰਮਾਏਦਾਰ ..........................131

ਮਾਂ ਅਸਾਂ ਦੀ ........................133

***ਦਰੋਪਦੀ ਤੋਂ ਦੁਰਗਾ*** ................135

**ਦਰਦ ਸਾਡੇ ਕਰਜ਼ ਦਾ (ਮੁੱਖ ਬੰਦ)** ........137

ਮੁਹੱਬਤ ...............................139

ਹਵਾ ਦੀ ਬੇਟੀ ....................141

ਮੰਨਤ ..............................142

ਦੇਸ਼ ਮਹਾਨ ......................145

ਭੋਲੇ ਕਬੂਤਰ ਮੁੜ ਆਵਣ ..............147

ਬੁੱਲ੍ਹਾ ਨਹੀਂ ਬਣ ਸਕਦੇ ? .................154

ਵੀਹਵੀਂ ਸਦੀ ਦੇ ਪੈਰ ਬਚਾਓ ...........155

ਨੈਣਾਂ ਦੀ ਰੜਕ .................158

ਅਰਥ ..............................160

ਬੇਵਤਨ ..............................161

ਫ਼ਾਸਲੇ .............................166

ਵਰਤਮਾਨ .........................169

ਪੋਹਲੀ ਦਾ ਬੂਟਾ ......................172

ਰਮਜ਼ ..............................173

ਮੈਂ ਢੂੰਡ ਥੱਕੀ .........................174

ਖਾਨਗਾਹ .........................175

ਕਰਜ਼ ..............................176

ਤੁਆਰਫ ..........178
ਅਹਿਸਾਸ ..........179
ਪੰਛੀ ..........181
ਕਥਾ ਇਕ ਸ਼ਹਿਰ ਦੀ ..........182
ਲੁਕਣਮੀਟੀ ..........183
ਦੁਆ ..........184
ਸਵਾਲੀਆ ਨਿਸ਼ਾਨ ..........186
ਰੂਹ ਇਕ ਕੁੜੀ ਗੁੰਮ ਹੋ ਗਈ ..........187
ਮਨਫੀ ..........190
ਕਬਰ ..........191
ਮਖੌਟਿਆਂ ਦੀ ਜਲੂਸ ..........192
ਅਗਲੀ ਤਰੀਕ ..........196
ਸੂਲੀ ..........198
ਜ਼ਿਕਰ ..........200
ਸਵਾਲ ਬਿਨਾਂ ਜਵਾਬ ..........201
ਸਨਮਾਨ ..........202
ਸ਼ੋ ਪੌਪ ..........203
ਸਾਨੂੰ ਵੀ ਸੱਚ ਸਿਖਾਂਦਾ ਜਾ ..........207

***ਮੈਨੂੰ ਸੀਤਾ ਨਾ ਕਹੋ*** ..........208
ਬੋਲ ਰਹੇ ਸਾਥੋਂ ਅਣਕਹੇ (ਮੁੱਖ ਬੰਦ) ..........210
ਚਾਨਣ ਦੀ ਕਾਤਰ ..........212
ਨਹੀਂ ਉਡੀਕ ਰਾਮ ਦੀ ..........214
ਮੁਕਤੀ ..........217
ਫ਼ਰਕ ਚਿਹਰੇ ਤੇ ਨਕਾਬ ਦਾ ..........220
ਕੌਣ ਬੁੱਧ ਸੀ ..........222
ਕਿਸ਼ਤੀਆਂ ..........224
ਜ਼ਿੰਦਗੀ ਤੂੰ ਮੇਰੀ ਦੋਸਤ ਨਾ ਬਣ ਸਕੀ ..........226
ਮੈਨੂੰ ਸੀਤਾ ਨਾ ਕਹੋ ..........227
ਕਥਾ ਸਾਗਰ ਦੀ ..........228
ਰਹਿਮਤ ਦੀ ਇਕੋ ਬੂੰਦ ..........229
ਉਡੀਕ ..........230
ਜੁਗਨੂੰ ..........231
ਤਿਤਲੀ ..........232
ਉਹ ਕੈਸਾ ਹਾਦਸਾ ਸੀ ? ..........234
ਉਹ ਇਕ ਨਿੱਕਾ ਬੱਚਾ ਨਹੀਂ ..........235
ਜਸ਼ਨ ..........236
ਇਕ ਅਰਥ ..........237
ਰੂ-ਬ-ਰੂ ..........240
ਡਾਲਰਾਂ ਦੀ ਖਾਣ ..........242
ਦਰਾਖ ਮੁਦਰ ..........246
ਡੌਲਹੌਫ਼ ..........250
ਸੱਚ ਮਾਰਗਰੇਟ ਦਾ ..........252
ਚਾਨਣ ਦੇ ਯਾਰ ..........259
ਓਡੀਪਸ ਦੇ ਬੇਟੇ ..........262
ਨਕਾਬਪੋਸ਼ ..........263
ਮਨ ਤਨ ਅੱਖਾਂ ਬਣ ਕੇ ਤਰਸੇ ..........265
ਕੋਈ ਸੂਰਜ ਚੋਰੀ ਲੈ ਗਿਆ ..........267
ਸੱਦੋ ਅੱਜ ਬੁਲ੍ਹਾ ਸਈਓ ..........269
ਸੱਚ ਦੀ ਮੈਨਾ ..........271
ਮੇਰੀ ਨਜ਼ਮ ਦਾ ਮੱਥਾ ਗਰਮ ਹੈ ..........272
ਹਰਫ਼ਾਂ ਦੀ ਪੀੜ ..........273
ਸੱਜਣ ਸਾਡਾ ਜੇ ਬਾਵਫ਼ਾ ਹੋ ਜਾਂਦਾ ..........274
ਮੁਹੱਬਤ ਦਾ ਜਾਮ ..........275
ਕਾਤਲ ਖ਼ਾਮੋਸ਼ੀ ..........276
ਮਸਤ ਕਲੰਦਰ ..........277
ਗੁਲਾਲ ਰੰਗ ਖੇਡੀਏ ..........278
ਦੁਲਹਨ ..........279
ਦੁਆ ..........281
ਮੇਖਾਂ ..........282

***ਮਾਰੂਥਲ ਵਿਚ ਤੁਰਦੇ ਪੈਰ*** ..........283
(ਮੁੱਖ ਬੰਦ) ..........285
ਆਪਣਾ ਹੱਕ ਲਈਏ ..........287
ਅਭੀਨੰਦਨ ਗ੍ਰੰਥ ..........290
ਘਰ ਦਾ ਪਤਾ ਲੱਭੀਏ ..........292
ਕਬਰਸਤਾਨ ..........294
ਸਾਜ਼ਿਸ਼ ..........296
ਚਾਨਣ ਦਾ ਹੱਕ ..........297
ਵਰਜਿਤ ਫਲ ..........298
ਆਸ਼ਾ ..........299
ਮੇਰੇ ਖ਼ਿਆਲ ..........300
ਇਸ਼ਕ ..........302
ਸੂਹੇ ਪੱਟ ਵਿਚ ਲਪੇਟੀ ਕੰਨਿਆ ..........303
ਬਿਰਹਾ ..........304
ਸੀਤਾ ਦੀ ਕਿਸਮਤ ..........306
ਸੁੱਚੇ ਅਰਥ ..........307
ਅਮਰ ਵਰਤਮਾਨ ..........309
ਔਰਤ ..........310
ਸਫ਼ਰ ..........311
ਦੁਲਹਨ ..........312
ਸੂਰਜ ..........314
ਕਵੀ ਦੀ ਸ਼ਰਧਾਂਜਲੀ ..........315
ਜ਼ੰਜੀਰ ..........317
ਕੁੜੀਆਂ ਤੇ ਧਰੇਕਾਂ ..........319
ਹਯਾਤੀ ..........321
ਨ੍ਹੇਰੇ ਦਾ ਓਹਲਾ ..........323
ਅਨਾਰਕਲੀ ਦਾ ਮਾਹੀ ..........325
ਹੋਮੋਸੈਕਸ ..........327
ਅਲਵਿਦਾ ..........328
ਅਰਥਾਂ ਦੇ ਨਾਗ ..........330
ਕਥਾ ..........332
ਰੋਹ ..........334
ਚਮਚੇ ਤੇ ਕੜਛੀਆਂ ..........336
ਰਾਖ ..........338
ਜਵਾਬ ..........340
ਮਿੱਟੀ ਦੀ ਮਹਿਕ ..........341
ਅਮਰ ਜਿਉਤੀ ਦਾ ਕਾਵਿ ਸਫ਼ਰ : ਕੁਝ ਵਿਚਾਰ ..........343
ਅਮਰ ਜਿਉਤੀ ਦਾ ਬਾਇਓਡਾਟਾ ..........351

# ਖ਼ਾਮੋਸ਼ੀ ਦੀ ਆਵਾਜ਼

# ਖ਼ਾਮੋਸ਼ੀ ਦੀ ਆਵਾਜ਼

ਅਮਰ ਜਿਓਤੀ ਦਾ 'ਮਾਰੂਥਲ ਵਿਚ ਤੁਰਦੇ ਪੈਰ', 'ਮੈਨੂੰ ਸੀਤਾ ਨਾ ਕਹੋ' ਤੇ 'ਦਰੋਪਦੀ ਤੋਂ ਦੁਰਗਾ' ਤੋਂ ਪਿੱਛੋਂ ਇਹ ਚੌਥਾ ਕਾਵਿ-ਸੰਗ੍ਰਹਿ ਹੈ ਤੇ ਇਹਨਾਂ ਸੰਗ੍ਰਹਿਆਂ ਰਾਹੀਂ ਪੰਜਾਬੀ ਪਾਠਕਾਂ ਦਾ ਉਸਨੇ ਲਗਾਤਾਰ ਧਿਆਨ ਖਿੱਚਿਆ ਹੈ। ਉਸਦੇ ਕਾਵਿ ਦਾ ਚਰਚਾ ਕੇਵਲ ਵਿਦੇਸ਼ਾਂ 'ਚ ਲਿਖੇ ਜਾ ਰਹੇ ਪੰਜਾਬੀ ਕਾਵਿ ਵਿਚ ਹੀ ਨਹੀਂ, ਸਗੋਂ ਸਮੁੱਚੇ ਕਾਵਿ ਦੇ ਪਰਵਾਹ ਵਿਚ ਕੀਤਾ ਜਾਂਦਾ ਹੈ। ਉਸ ਦੀ ਕਵਿਤਾ ਦਾ ਪੈਰਾਡਾਈਮ ਜੋ ਪਿਛਲੇ ਕਾਵਿ-ਸੰਗ੍ਰਹਿਆਂ ਤੋਂ ਹੀ ਬਣਦਾ ਰਿਹਾ ਹੈ, ਉਹ 'ਖ਼ਾਮੋਸ਼ੀ ਦੀ ਆਵਾਜ਼' ਵਿਚ ਹੋਰ ਵਿਸਤ੍ਰਿਤ ਹੋ ਜਾਂਦਾ ਹੈ, ਜਿਸ ਬਾਰੇ ਗੱਲ ਮੈਂ ਉਸਦੀਆਂ ਹੇਠ ਲਿਖੀਆਂ ਸਤਰਾਂ ਤੋਂ ਸ਼ੁਰੂ ਕਰਨਾ ਚਾਹੁੰਦਾ ਹਾਂ :

*ਖ਼ਾਮੋਸ਼ੀ ਮੇਰੀ*
*ਬਣ ਕੇ ਇਬਾਰਤ*
*ਕਿਤਾਬ ਦੀ*
*ਲਿਖੀ ਗਈ ਏ*
*ਮੇਰੀਆਂ ਅੱਖਾਂ 'ਚ*
*ਮੇਰੇ ਪਾਠਕ!*
*ਪੜ੍ਹ ਸਕਦੈਂ ਤਾਂ*
*ਪੜ੍ਹ ਇਹਦੇ ਅੱਖਰਾਂ*
*ਦੀ ਤਨਹਾਈ*
*ਇਹਦੇ ਦਰਦ ਦੀ ਕਹਾਣੀ।*

ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸਦੇ ਇਸ ਸੰਗ੍ਰਹਿ ਦੇ ਥੀਮਕੀ ਪਾਸਾਰ ਵਿਚ ਬਹੁਤ ਸਾਰੇ ਪੱਖ ਪਏ ਹਨ, ਜਿਹਨਾਂ ਦਾ ਸਰੋਕਾਰ ਸਮਾਜਕ, ਸਭਿਆਚਾਰਕ ਤੇ ਵਿਸ਼ਵ ਦੇ ਸਮਕਾਲੀ ਯਥਾਰਥ ਦੇ ਕਈ ਗੰਭੀਰ ਪ੍ਰਸ਼ਨਾਂ ਨਾਲ ਹੈ, ਫਿਰ ਵੀ ਔਰਤ-ਰਚਿਤ ਕਾਵਿ ਦੇ ਕੇਂਦਰ ਵਿਚ ਔਰਤ ਦੀ ਸਥਿਤੀ, ਰਿਸ਼ਤਿਆਂ ਦੇ ਯਥਾਰਥ ਦੀ ਗੱਲ ਬਹੁਤ ਅਹਿਮ ਹੁੰਦੀ ਹੈ, ਜਿਸ ਵਿਚ ਇਸ ਕਾਵਿ ਦੀ ਵਿਲੱਖਣਤਾ ਤੇ ਪਹਿਚਾਣ ਵੀ ਹੁੰਦੀ ਹੈ। ਅਮਰ ਜਿਓਤੀ ਦੀ ਕਵਿਤਾ ਦੀ ਖ਼ਾਮੋਸ਼ੀ ਇਥੇ ਹੀ ਇਕ



ਚਿਹਨ/ਚਿਹਨਿਕ ਵਾਂਗ ਅੰਕਿਤ ਹੋਣੀ ਸ਼ੁਰੂ ਹੁੰਦੀ ਹੈ, ਜਿਸ ਵਲ ਉਹ ਕਈ ਵਾਰ ਸੰਕੇਤ ਕਰਦੀ ਹੈ :

1. ਆ ਮੇਰੀ ਖ਼ਾਮੋਸ਼ੀ ਨੂੰ
   ਆਵਾਜ਼ ਦੇ
   ਨਹੀਂ ਤਾਂ ਗੁੰਮ ਜਾਵਾਂਗੀ
   ਅੰਨ੍ਹੇ ਖੂਹ 'ਚ
2. ਮੇਰੀ ਖ਼ਾਮੋਸ਼ੀ
   ਕੈਦ ਏ ਜ਼ੰਜੀਰਾਂ ਵਿਚ
3. ਗਾ ਮੇਰੀ ਖ਼ਾਮੋਸ਼ੀ ਦੀ
   ਆਵਾਜ਼ ਦਾ ਗੀਤ
4. ਖ਼ਾਮੋਸ਼ੀ ਮੇਰੀ
   ਨਜ਼ਮ ਬਣ ਕੇ
   ਰਹਿਣ ਲੱਗੀ ਏ
   ਮੇਰੇ ਹੋਠਾਂ 'ਤੇ
5. ਬਸ ਖ਼ਾਮੋਸ਼ੀ ਤੇ ਸਨਾਟਾ
   ਮੇਰੀ ਸਾਲਮ ਸਬੂਤ ਹੋਂਦ
   ਹੰਭ ਗਈ ਤੇ ਅੰਬ ਗਈ
6. ਤਨਹਾਈ ਦੇ ਕੰਨਾਂ ਵਿਚ
   ਜਦ ਖ਼ਾਮੋਸ਼ੀ ਕਰਦੀ ਹੈ ਸਰਗੋਸ਼ੀਆਂ
   ਤਾਂ ਕਿਸ ਤਰ੍ਹਾਂ ਲਗਦਾ ਹੈ?
7. ਬੈੱਡ ਦੀ ਚੁਰਮੁਰਾਹਟ ਨਾਲ
   ਚੀਕਦੀ ਹੈ ਖ਼ਾਮੋਸ਼ੀ
   ਰੋਂਦੀ ਹੈ ਮੁਹੱਬਤ
   ਮੇਰੇ ਕੰਨਾਂ ਨੂੰ ਸੁਣਦਾ ਹੈ ਵਿਰਲਾਪ....

ਇਸ ਚਿਹਨ/ਚਿਹਨਿਕ ਵਲ ਵਿਸਥਾਰ ਵਿਚ ਸੰਕੇਤ ਇਸ ਲਈ ਕੀਤਾ ਹੈ,

ਕਿਉਂਕਿ ਅਮਰ ਜਿਉਤੀ ਦੇ ਇਸ ਸੰਗ੍ਰਹਿ ਦੀ ਕਵਿਤਾ ਵਿਚ ਇਹ ਚਿਹਨ/ ਚਿਹਨਿਕ ਕੇਂਦਰੀ ਹੈ, ਜੋ ਇਸ ਤੋਂ ਪਹਿਲਾਂ ਉਸ ਦੀ ਕਵਿਤਾ ਵਿਚ ਇਉਂ ਵਿਸਤ੍ਰਿਤ ਨਹੀਂ ਸੀ। ਉਹ ਇਸ ਖ਼ਾਮੋਸ਼ੀ ਦੇ ਆਲੇ ਦੁਆਲੇ ਦੀਆਂ ਸਥਿਤੀਆਂ ਤੇ ਤ੍ਰਾਸਦੀ ਵੱਲ ਸੰਕੇਤ ਵੀ ਕਰਦੀ ਹੈ ਤੇ ਇਸਨੂੰ ਆਵਾਜ਼ ਵੀ ਬਣਾਉਂਦੀ ਹੈ। ਇਹ ਆਵਾਜ਼ ਔਰਤ ਦੀ ਸਥਿਤੀ ਤੇ ਯਥਾਰਥ ਨੂੰ ਪੇਸ਼ ਕਰਦੀ ਹੈ ਤੇ ਕਈ ਥਾਂ ਤੇ ਉਹ ਬੜੇ ਰੋਹ ਵਿਚ ਬੋਲਦੀ ਹੈ। ਇਹ ਰੋਹ ਦੀ ਆਵਾਜ਼ 'ਮੈਨੂੰ ਸੀਤਾ ਨਾ ਕਹੋ' ਤੇ 'ਦਰੋਪਦੀ ਤੋਂ ਦੁਰਗਾ' ਵਿਚ ਹੀ ਸਾਹਮਣੇ ਆ ਗਈ ਸੀ। ਔਰਤ ਕਿਥੇ ਕਿਥੇ ਕਿਵੇਂ ਕਿਵੇਂ ਪ੍ਰੰਪਰਕ ਰਿਸ਼ਤਿਆਂ ਨੂੰ ਪਾਲਦੀ ਘੁਟਨ, ਸ਼ੋਸ਼ਨ ਤੇ ਤ੍ਰਾਸਦੀ ਵਿਚ ਘਿਰਦੀ ਨਿਰਹੋਂਦ ਹੁੰਦੀ ਜਾਂਦੀ ਹੈ, ਪਤੀ-ਪਤਨੀ ਦੇ ਰਿਸ਼ਤੇ ਵਿਚ ਜਾਂ ਤਾਂ 'ਮੁਹੱਬਤ' ਮਕਾਨਕੀ ਆਦਤ, ਤੇ ਸਮਝੌਤਾ ਬਣ ਕੇ ਰਹਿ ਜਾਂਦੀ ਹੈ ਤੇ ਜਾਂ ਉਹ ਲਗਾਤਾਰ ਇਕ ਅੰਦਰਲੀ ਤਲਾਸ਼ ਨਾਲ ਸਬੰਧਤ ਹੋ ਜਾਂਦੀ ਹੈ, ਜਿਸਦੀ ਅਪ੍ਰਾਪਤੀ ਉਸਨੂੰ ਉਦਾਸ ਤੇ ਤ੍ਰਾਸਦੀ ਦੇ ਅਹਿਸਾਸ ਤਕ ਲੈ ਜਾਂਦੀ ਹੈ। ਇਹੀ ਤਨਹਾਈ ਤੇ ਦਰਦ ਦੀ ਕਹਾਣੀ ਹੈ, ਜਿਸਨੂੰ ਅਮਰ ਜਿਉਤੀ 'ਖ਼ਾਮੋਸ਼ੀ ਤੋਂ ਆਵਾਜ਼' ਬਣਾਉਂਦੀ ਹੈ :-

1. ਮੁਕਤ ਕਰੋ ਮੈਨੂੰ
   ਮੇਰੇ ਅੰਦਰ ਤੜਪ ਰਿਹਾ ਬੋਸਨੀਆ
   ਪੁਕਾਰ ਰਿਹਾ ਏ
2. ਬਰਫ਼ ਦੀਆਂ ਕੰਧਾਂ
   ਮੇਰੇ ਦਵਾਲੇ
   ਉੱਗ ਆਈਆਂ
   ਦਿਨ-ਬ-ਦਿਨ ਪੱਕੀਆਂ ਤੇ ਮਜ਼ਬੂਤ ਹੋ ਕੇ
   ਵਧ ਰਹੀਆਂ
   ਮੈਂ ਇਹਨਾਂ ਦੀ ਕੈਦ ਵਿਚ ਘਿਰੀ

ਇਸ 'ਦਰਦ ਦੀ ਕਹਾਣੀ' ਦੇ ਕੇਂਦਰ ਵਿਚ ਜੋ ਹੋਰ ਚਿਹਨ/ਚਿਹਨਿਕ ਫੈਲਦੇ ਹਨ, ਉਹ ਉਦਾਸੀ ਤੇ ਤ੍ਰਾਸਦੀ ਦੇ ਅਹਿਸਾਸ ਨੂੰ ਪਹਿਲਾਂ ਨਾਲੋਂ ਹੋਰ ਡੂੰਘਾ ਕਰ ਦਿੰਦੇ ਹਨ :

1. ਅੰਦਰੇ ਅੰਦਰ ਖ਼ੁਦਕੁਸ਼ੀ ਹਾਂ
   ਕਰ ਰਹੀ



   ਆਪਣੇ ਰੋਹ ਨੂੰ ਅੱਜ ਮੈਂ
   ਲੱਭ ਰਹੀ
2. ਖ਼ੁਦਕੁਸ਼ੀ ਕਰ ਲਈ
   ਤੂੰ ਮੈਂ ਜਾਂ ਵਕਤ ਨੇ
3. ਆਪਣੇ ਦਿਲ ਦੀ ਕਬਰ ਵਿਚ
   ਤੇਰਾ ਵਜੂਦ
   ਕਰ ਲਿਆ ਮੈਂ ਮਹਿਫ਼ੂਜ਼

ਇਸ ਤ੍ਰਾਸਦਿਕ ਅਹਿਸਾਸ ਵਿਚੋਂ ਹੀ ਰੋਹ, ਵਿਦਰੋਹ ਤੇ ਤਲਾਸ਼ ਜਨਮ ਲੈਂਦੇ ਹਨ, ਜਿਸ ਦਾ ਪ੍ਰਗਟਾ ਉਸਦੀ ਕਵਿਤਾ ਵਿਚ ਬਹੁਤ ਵਿਸਤ੍ਰਿਤ ਰੂਪ ਵਿਚ ਹੈ। ਉਹ (ਔਰਤ) ਇਸ ਤਲਾਸ਼ ਵਿਚ ਉਸ ਮਰਦ ਨੂੰ ਰੱਦ ਕਰਦੀ ਹੈ ਜੋ ਇਕ 'ਟੂਰਿਸਟ' ਵਾਂਗ ਉਸਦੀ ਜ਼ਿੰਦਗੀ ਵਿਚ ਆਉਣਾ ਚਾਹੁੰਦਾ ਹੈ ਜਾਂ ਜੋ ਮਰਦ ਰਿਸ਼ਤੇ ਨੂੰ ਇਕ 'ਠੰਡੀ ਜੰਗ' ਵਾਂਗ ਲੜ ਰਿਹਾ ਹੈ :

ਹੰਕਾਰ ਦੇ ਭਾਰੇ ਬੂਟ ਪਾ ਕੇ
ਜਿਵੇਂ ਪੁਲਾੜ ਦੀ ਖੋਜ ਵਿਚ ਨਿਕਲਿਆ ਉਹ
ਯਾਤਰੀ ਹੋਵੇ
ਬੇਰਹਿਮੀ ਦੇ ਸੰਦਾਂ ਸੰਗ
ਪੁਟਦਾ ਮੇਰੇ ਜਿਸਮ ਦੀ ਮਿੱਟੀ...
(ਪਰ) ਉਹ ਨੁਮਾਇਸ਼ ਕਰ ਰਿਹਾ
ਦੁਨੀਆ ਸਾਹਵੇਂ
ਮੇਰੇ ਜਿਸਮ ਤੋਂ ਪੁੱਟ ਕੇ ਲਿਆਂਦੀ
ਮਿੱਟੀ ਦੀ—ਕਿ
ਉਹ ਤਾਂ ਲੜ ਰਿਹਾ ਹੈ
ਮੇਰੇ ਸੰਗ
ਠੰਡੀ ਜੰਗ

ਅਜਿਹੀ ਨਾਰੀਵਾਦੀ-ਆਵਾਜ਼ ਤੇ ਦ੍ਰਿਸ਼ਟੀ ਕਾਵਿ-ਯੋਗਤਾ ਨਾਲ ਇਹਨਾਂ ਕਵਿਤਾਵਾਂ ਵਿਚ ਸਾਹਮਣੇ ਆਉਣ ਕਰਕੇ ਇਹ ਦੋਵੇਂ ਕਵਿਤਾਵਾਂ ਇਸ ਸੰਗ੍ਰਹਿ

ਦੀਆਂ ਚੋਣਵੀਆਂ ਕਵਿਤਾਵਾਂ ਬਣਦੀਆਂ ਹਨ, ਜਿਹਨਾਂ ਵਿਚ ਉਹ ਉਸ ਉਦਾਸ ਅਹਿਸਾਸ ਤੋਂ ਮੁਕਤ ਹੋ ਜਾਂਦੀ ਹੈ, ਜਿਸ ਦਾ ਉਪਰ ਉਲੇਖ ਕੀਤਾ ਗਿਆ ਹੈ। ਉਸ (ਔਰਤ) ਦੀ ਤਲਾਸ਼ ਦੇ ਬਿੰਬ ਕਈ ਕਵਿਤਾਵਾਂ ਵਿਚ ਉਘੜਦੇ ਹਨ :

ਜਦ ਆਵੇਂਗਾ
ਬੁੱਤ-ਸ਼ਿਕਨ ਬਣ ਕੇ ਨਾ ਆਵੀਂ
ਮੇਰੀ ਜ਼ਿੰਦਗੀ ਦੀ ਪਗਡੰਡੀ 'ਚ
ਟੁੱਟੇ ਤੇ ਖਿਲਰੇ-
ਮੇਰੀ ਹੋਂਦ ਦੇ ਟੁਕੜੇ
ਆਪਣੇ ਨਾਲ ਸਮੇਟਦਾ ਆਵੀਂ...
ਆਪਣੀ ਮੁਹੱਬਤ ਦਾ ਤਿੱਖਾ ਨਸ਼ਤਰ
ਨਾਲ ਲੈਂਦਾ ਆਵੀਂ
ਜਦ ਆਵੇਂਗਾ
ਬੁੱਤ-ਤਰਾਸ਼ ਬਣ ਕੇ ਆਵੀਂ।

ਇਉਂ ਉਸਦੀ ਕਵਿਤਾ ਇਹਨਾਂ ਵਿਰੋਧਾਂ ਨੂੰ ਉਘਾੜਦਿਆਂ ਇਕ ਚੇਤਨਾ ਨਾਲ ਸੰਬੰਧਤ ਹੋਣ ਲਗਦੀ ਹੈ ਤੇ ਫਿਰ ਉਹ ਕਈ ਕਵਿਤਾਵਾਂ ਵਿਚ ਉਸ ਚੇਤਨਾ ਦਾ ਸਿੱਧਾ ਸੰਚਾਰ ਕਰਨ ਲਗਦੀ ਹੈ।

ਇਸ ਸੰਗ੍ਰਹਿ ਦੀਆਂ ਕਵਿਤਾਵਾਂ ਦੇ ਅੰਤ ਤੇ ਇਕ ਭਾਗ ਉਪਰੋਕਤ ਪੈਰਾਡਾਈਮ ਵਾਲੀਆਂ ਨਜ਼ਮਾਂ ਤੋਂ ਬਿਨਾਂ ਪ੍ਰਗੀਤਕ-ਅੰਦਾਜ਼ ਦੀਆਂ ਕਵਿਤਾਵਾਂ ਦਾ ਵੀ ਹੈ, ਜਿਹਨਾਂ ਵਿਚ ਅਮਰ ਜਿਉਤੀ ਕੇਵਲ ਤੋਲ-ਤੁਕਾਂਤ ਵਾਲੇ ਰਿਦਮ ਵੱਲ ਹੀ ਰੁਚਿਤ ਨਹੀਂ, ਸਗੋਂ ਇਕ ਸੂਫ਼ੀ ਅੰਦਾਜ਼ ਵੀ ਉਘੜਨ ਲਗਦਾ ਹੈ, ਇਸੇ ਲਈ ਕਈ ਵਾਰ ਉਹ ਬੁੱਲ੍ਹੇ ਸ਼ਾਹ ਤੇ ਹੋਰ ਸੂਫ਼ੀ-ਚਿਹਨਾਂ ਨਾਲ ਸਬੰਧਤ ਹੋ ਜਾਂਦੀ ਹੈ :

ਕਾਲਾ ਸੂਫ਼ ਰੰਗਾ ਲਿਆ
ਮੈਂ ਮੁਰਸ਼ਦ ਲੱਭਾਂ
ਸੁਣੀਆਂ ਤੈਨੂੰ ਕਦੇ ਨਾ
ਬੁਲ੍ਹੇ ਦੀਆਂ ਸੱਦਾਂ।

ਇਸ ਸੂਫ਼ੀ ਅੰਦਾਜ਼ 'ਚੋਂ ਲੰਘ ਕੇ ਫਿਰ ਉਹ ਕੁਝ ਕਵਿਤਾਵਾਂ ਵਿਚ ਧੀ-



ਮਾਂ/ਮਾਂ-ਧੀ ਦੇ ਰਿਸ਼ਤੇ ਵਿਚਲੀ ਕਰੁਣਾ ਤੇ ਸਿਮਰਤੀ ਨੂੰ ਪਹਿਚਾਣਦੀ ਹੈ ਤੇ ਉਹ ਨਾਰੀ-ਸੰਵੇਦਨਾ ਫਿਰ ਉਘੜ ਆਉਂਦੀ ਹੈ, ਜਿਸ 'ਚੋਂ ਇਸ ਸੰਗ੍ਰਹਿ ਦੇ ਕਾਵਿ ਦਾ ਪੈਰਾਡਾਈਮ ਵਿਸਤ੍ਰਿਤ ਹੋਣਾ ਸ਼ੁਰੂ ਹੋਇਆ ਸੀ। ਇਸ ਸੰਗ੍ਰਹਿ ਨੂੰ ਪੜ੍ਹਦਿਆਂ ਇਸ ਦੀ ਪਹਿਚਾਣ ਕਰਨੀ ਜ਼ਰੂਰੀ ਹੈ। ਮੈਨੂੰ ਉਮੀਦ ਹੈ ਪਾਠਕ ਇਉਂ ਹੀ ਅਮਰ ਜਿਉਤੀ ਦੇ ਕਾਵਿ ਦੀ ਪਹਿਚਾਣ ਕਰਨਗੇ।

**ਸੁਤਿੰਦਰ ਸਿੰਘ ਨੂਰ**
ਪ੍ਰੋਫੈਸਰ
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ
ਦਿੱਲੀ -110007

# ਖ਼ਾਮੋਸ਼, ਗਦਰਾਈ ਚੀਖ਼

ਅਮਰ ਜਿਉਤੀ ਦੀਆਂ ਨਜ਼ਮਾਂ ਭਰ ਜਵਾਨ ਹੋ ਕੇ, ਆਪਣੇ ਪੂਰੇ ਜਾਹੋ-ਜਲਾਲ ਵਿਚ ਤੇ ਵੇਗ ਵਿਚ, ਰਸੇ ਹੋਏ ਜੋਬਨ ਤੇ ਪੱਕੀ ਹੋਈ ਖਜੂਰ ਵਰਗੀ ਸੰਜੀਦਾ ਮਿਠਾਸ ਆਪਣੇ ਅੱਖਰ ਅੱਖਰ ਵਿਚ ਸੰਜੋਈ, ਉਸ ਦੇ ਨਵੇਂ ਸੰਗ੍ਰਹਿ 'ਖਾਮੋਸ਼ੀ ਦੀ ਆਵਾਜ਼' ਰਾਹੀਂ ਕਾਵਿ-ਜਗਤ ਉੱਤੇ ਦਿਸਹੱਦੇ ਤੋਂ ਦਿਸਹੱਦੇ ਤਕ ਚਮਤਕਾਰੀ ਹਸਤਾਖ਼ਰ ਕਰਦੀਆਂ ਹੋਈਆਂ ਤੁਹਾਡੇ ਧੁਰ ਅੰਦਰ ਪੌੜੀ ਪੌੜੀ ਉਤਰਦੀਆਂ ਜਾਣਗੀਆਂ।

ਕਮ-ਅਜ਼-ਕਮ ਮੇਰੇ ਨਾਲ ਤਾਂ ਇਹੀ ਹੋਇਆ ਏ।

ਚਮਤਕਾਰ ਵਰਗੀ ਹੈਰਾਨੀ ਤੇ ਚੌਂਕਾ ਦੇਣ ਵਾਲੀ ਖ਼ੁਸ਼ੀ! ਕਿਉਂਕਿ ਅਮਰ ਜਿਉਤੀ ਮੇਰੀ ਦੋਸਤ ਹੈ। ਤੇ ਦੋਸਤ ਜਦੋਂ ਜੁਗਨੂੰ ਤੋਂ ਸਿਤਾਰਾ ਬਣਦਾ ਹੈ, ਸਿਤਾਰੇ ਤੋਂ ਸੂਰਜ ਬਣਦਾ ਹੈ ਤਾਂ ਖ਼ੁਸ਼ੀ ਹੋਣੀ ਲਾਜ਼ਮੀ ਹੈ।

ਅਮਰ ਜਿਉਤੀ ਦਾ ਇਹ ਚੌਥਾ ਕਾਵਿ-ਸੰਗ੍ਰਹਿ ਹੈ।

ਇਹਦੀ ਅਲੋਚਨਾਤਮਕ ਚਰਚਾ ਦਾ ਆਲਮ-ਫ਼ਾਜ਼ਲ ਆਲੋਚਕ ਕਰਨਗੇ, ਇਹਦੀ ਤਾਰੀਫ਼ ਇਹਦੇ ਪਾਠਕ ਕਰਨਗੇ, ਮੈਂ ਸਿਰਫ਼ ਆਪਣੀ ਖ਼ੁਸ਼ੀ ਤੇ ਚੌਂਕਾ ਦੇਣ ਵਾਲੀ ਹੈਰਾਨੀ, ਕਿ ਪੰਜਾਬੀ ਕਵਿਤਾ ਨੂੰ ਅਮਰ ਜਿਉਤੀ ਨੇ ਕਿੰਨੀਆਂ ਨਵੀਆਂ 'ਡਾਈਮੈਨਸ਼ਨਜ਼' ਦਿੱਤੀਆਂ ਨੇ, ਤੁਹਾਡੇ ਨਾਲ ਸਾਂਝੀ ਕਰ ਰਹੀ ਹਾਂ।

ਜ਼ਰਾ 'ਧੁੱਪ ਤੇ ਸੇਕ' ਦੀ ਗੂੰਜਵੀਂ ਪਰ ਖ਼ਾਮੋਸ਼ ਵੰਗਾਰ ਨਾਲ ਰੂਬਰੂਈ ਕਰੋ:

*ਮੇਰੇ ਸੰਗ ਤੁਰ ਕੇ ਵਿਖਾ*
*ਸ਼ਹਿਰ ਤੇ ਭੀੜ*
*ਪਿੰਡ ਤੇ ਸੱਥ*
*ਜੰਗਲ ਤੇ ਕਬੀਲੇ*
*ਸੱਪ ਤੇ ਥੇਹ*
*ਸਾਗਰ ਤੇ ਗਹਿਰਾਈ*
*ਸੂਰਜ ਤੇ ਚਾਨਣ*
*ਧੁੱਪ ਤੇ ਸੇਕ ਦੇ*
*ਮਾਅਨੇ ਹੀ ਬਦਲ ਜਾਣਗੇ।*

ਜਿਹਨਾਂ ਜਿਹਨਾਂ ਚੀਜ਼ਾਂ ਤੋਂ 'ਉਹ' ਡਰਦਾ ਏ, ਉਹਨਾਂ ਦੇ ਹੀ ਮਾਅਨੇ ਬਦਲ ਦੇਣ ਦੀ, ਵੰਗਾਰਨ ਦੀ ਹਿੰਮਤ! ਤੋਬਾ!



ਇਸ ਸੰਗ੍ਰਹਿ ਦੀਆਂ ਕਵਿਤਾਵਾਂ ਦੇ ਮੁੱਖ ਸੁਰ ਹਨ :

ਪੱਕੀ ਤੇ ਗੁਦਾਜ਼ ਸੰਜੀਦਗੀ ਵਿਚੋਂ ਪੈਦਾ ਹੋਈ ਵੰਗਾਰ ਜਿਹੜੀ ਮਹਿਬੂਬ ਲਈ ਹੈ, ਪੂਰੀ ਦੁਨੀਆਂ ਲਈ ਹੈ, ਪਤੀ ਅਖਵਾਏ ਜਾਣ ਵਾਲੇ ਕਿਸੇ ਵੀ ਮਨੁੱਖ ਲਈ ਹੈ, ਸਮਿਆਂ ਲਈ ਹੈ।

ਦੂਜਾ ਸੁਰ ਹੈ ਉਹਨਾਂ ਤਮਾਮ ਜਜ਼ਬਿਆਂ ਨੂੰ ਲਫ਼ਜ਼ਾਂ ਦੇ ਰੰਗਾਂ ਵਿਚ ਚਿਤਰਨਾ ਜਿਹੜੇ ਹੁਣ ਤਕ ਆਪਣੀ ਐਬਸਟਰੈਕਟ' ਹੋਂਦ ਵਿਚ ਤੁਹਾਨੂੰ ਘਾਇਲ ਜਾਂ ਪਾਮਾਲ ਤਾਂ ਕਰਦੇ ਰਹੇ ਹਨ, ਪਰ ਜਿਹਨਾਂ ਦੇ ਨੈਣ-ਨਕਸ਼ ਨਜ਼ਰ ਨਹੀਂ ਸਨ ਆਉਂਦੇ। ਪਹਿਲੀ ਵਾਰੀ ਕਿਸੇ ਨੇ ਸ਼ਬਦਾਂ ਰਾਹੀਂ ਡਰ ਨੂੰ, ਸਟ੍ਰੈੱਸ ਨੂੰ, ਰੋਹ ਨੂੰ, ਸਾਹਮਣੇ ਖੜਿਆਂ ਕਰ ਦਿਤਾ ਹੈ।

ਤੀਜਾ ਸੁਰ ਹੈ ਆਪਣੇ ਆਲੇ-ਦੁਆਲੇ ਦੀ ਦੁਨੀਆ, ਅਜ ਦੀ ਤਕਨੀਕੀ ਦੁਨੀਆਂ ਦੀ ਡੂੰਘੀ ਸਮਝ ਤੇ ਉਹਦਾ ਬਿਆਨ। ਉਹਨਾਂ ਤਮਾਮ ਹਾਦਸਿਆਂ ਨੂੰ ਮਹਿਸੂਸ ਕਰ ਕੇ ਬਿਆਨਣ ਦੀ ਸਮਝ ਤੇ ਤਾਕਤ— ਕਿਉਂਕਿ ਉਹ ਕਵੀ ਦੇ ਸਰੋਕਾਰਾਂ ਵਿਚ ਸ਼ਾਮਲ ਨੇ— ਜਿਹੜੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਵਾਪਰ ਰਹੇ ਹਨ, ਤੇ ਜਿਹਨਾਂ ਬਾਰੇ ਜਾਗਰੂਕ ਹੋਣਾ ਸਭਨਾਂ ਦਾ ਫ਼ਰਜ਼ ਵੀ ਹੈ ਤੇ ਵਕਤ ਦਾ ਤਕਾਜ਼ਾ ਵੀ।

ਏਸੇ ਕਰ ਕੇ ਅਮਰ ਜਿਉਤੀ ਦੀਆਂ ਨਜ਼ਮਾਂ ਰਾਹੀਂ ਤੁਹਾਨੂੰ ਸਮੁੰਦਰਾਂ ਵਿਚ ਹੋ ਰਹੇ ਐਟਾਮਿਕ ਟੈਸਟਾਂ ਤੋਂ ਲੈ ਕੇ ਬੋਸਨੀਆ ਦੇ ਕਤਲੇਆਮ ਤਕ ਨਾਲ ਸਿਰਫ਼ ਪਛਾਣ ਹੀ ਨਹੀਂ ਹੋਵੇਗੀ, ਉਹ ਤੁਹਾਨੂੰ ਇਹਨਾਂ ਹਾਦਸਿਆਂ ਦਾ ਹਿੱਸਾ ਵੀ ਬਣਾ ਦੇਣਗੀਆਂ।

ਚੌਥਾ ਸੁਰ ਹੈ ਖ਼ਾਮੋਸ਼ੀ ਦੇ ਅੰਦਰ ਲੁਕੀ ਚੀਖ਼ ਦਾ, ਜਿਹੜੀ ਔਰਤ ਦੇ ਅੰਦਰ ਜ਼ਮੀਨਦੋਜ਼ ਜੁਆਲਾਮੁਖੀ ਵਾਂਗੂੰ ਫਟਦੀ ਹੈ, ਜ਼ਖ਼ਮੀ ਪੰਛੀ ਵਾਂਗੂੰ ਤੇ ਪਾਣੀ ਕੰਢੇ ਪਈ ਰੇਤ ਵਿਚ ਤੜਫਦੀ ਮੱਛੀ ਵਾਂਗੂੰ ਫੜਫੜਾਉਂਦੀ ਹੈ, ਅੰਦਰਲੀਆਂ ਕੰਧਾਂ ਤੇ ਬਾਹਰ ਉੱਸਰੀਆਂ ਬਰਫ਼ ਦੀਆਂ ਕੰਧਾਂ ਵਿਚਕਾਰ ਛਟਪਟਾਉਂਦੀ ਹੈ। ਇਹ ਨਜ਼ਮਾਂ ਸਿਰਫ਼ ਇਕ ਔਰਤ ਹੀ ਲਿਖ ਸਕਦੀ ਸੀ।

ਪੰਜਾਬੀ ਕਾਵਿ ਜਗਤ ਵਿਚ ਪ੍ਰਸਿੱਧ ਤੇ ਮਕਬੂਲ ਹੋਈਆਂ ਨਜ਼ਮਾਂ ਲਿਖਣ ਵਾਲੀਆਂ ਔਰਤਾਂ ਦੀ ਸਾਹਮਣੀ ਕਤਾਰ ਵਿਚ ਆ ਖੜੋਤੀ ਹੈ ਅਮਰ ਜਿਉਤੀ।

ਇਸ ਸੰਗ੍ਰਹਿ ਦਾ ਸੁਆਗਤ ਕਰਨ ਦੀ ਖ਼ੁਸ਼ੀ ਅਮਰ ਜਿਉਤੀ ਨੇ ਮੈਨੂੰ ਦਿਤੀ ਹੈ। ਉਹਦਾ ਸ਼ੁਕਰੀਆ।

**—ਅਜੀਤ ਕੌਰ**

# ਮੈਂ ਤੇ ਮਿੱਟੀ

ਜ਼ਿੰਦਗੀ ਦੇ ਸਹਿਰਾ ਵਿਚ ਬੈਠੀ
ਉਸਾਰਦੀ ਰਹੀ ਮੈਂ
ਰੇਤ ਦਾ ਮਹਿਲ
ਹਰ ਪਲ ਵਕਤ ਦਾ ਬਣਦਾ
ਰੇਤ ਦਾ ਨਿੱਕਾ ਜਿਹਾ ਕਣ
ਲਿਪਟ ਜਾਂਦਾ ਉਹ
ਮੇਰੇ ਦਵਾਲੇ
ਰੇਤ ਦੇ ਮਹਿਲ ਵਿਚ ਤੁਰਨ ਲਈ
ਮੈਂ ਜਦ ਕਦਮ ਰਖੇ
ਮਹਿਲ ਢਹਿ ਪਿਆ
ਮਿੱਟੀ ਉੱਡੀ ਮੇਰੇ ਦਵਾਲੇ
ਮੈਂ ਤੇ ਮਿੱਟੀ ਦੀ
ਬਾਰੀਕ ਜਿਹੀ ਧੂੜ
ਇਕ ਹੋ ਗਏ
ਇਹੀ ਧੂੜ—ਜਿਸਤੋਂ ਮੈਂ
ਡਰਦੀ ਰਹੀ ਹਮੇਸ਼ਾ
ਤੁਰ ਰਹੀ ਹਮਰਾਹ ਮੇਰੇ—ਹੁਣ
ਮੈਂ ਤੇ ਮਿੱਟੀ ਇਕੋ ਹਾਂ।



# ਕੇਵਲ ਜਾਣਦੀਆਂ ਮਛਲੀਆਂ

ਸਾਗਰ ਦੇ ਵਿਚ ਐਟਮ ਬੰਬ
ਸੁਟਿਆ ਉਹਨਾਂ
ਪਾਣੀ ਕੰਬਿਆ
ਪਾਣੀ ਖੌਲਿਆ
ਜਿਗਰ ਹੌਲਿਆ
ਗਹਿਰਾਈ 'ਚੋਂ ਟਪਕੀਆਂ ਮਛਲੀਆਂ
ਸਾਗਰ ਕਿਨਾਰੇ ਪਈਆਂ
ਅਧਮੋਈਆਂ ਜਿਹੀਆਂ
ਪਥਰਾਈਆਂ ਅੱਖਾਂ
ਨੀਝ ਉਹਨਾਂ ਦੀ ਕਰਦੀ ਛੇਕ
ਵਿਚ ਖਿਲਾਅ
ਦੂਜੀ ਵਾਰ ਜਦ ਗਿਆ ਦੁਹਰਾਇਆ
ਹੀਰੋਸ਼ੀਮਾ ਦਾ ਹਾਦਸਾ
ਕਿਸੇ ਨਾ ਸੁਣਿਆ
ਐਟਮ ਬੰਬ ਫਟਣ ਦਾ ਸ਼ੋਰ
ਨਾ ਹੀ ਤੱਕਿਆ ਕਿਸੇ ਇਹ ਵੇਲਾ
ਕੇਵਲ ਜਾਣਦੀਆਂ ਮਛਲੀਆਂ
ਜਾਂ ਸਾਗਰ!

## ਸਟਰੈੱਸ

ਜਦ ਮਨ ਮਰ ਗਿਆ
ਕੋਈ ਰੋਇਆ ਸੀ
ਕਿਉਂ ਨਹੀਂ.....?
ਜਿਸਮ ਦੀਆਂ ਸਾਰੀਆਂ ਨਾੜਾਂ
ਕੰਬੀਆਂ
ਤੜਪੀਆਂ ਤੇ
ਉਲਝ ਕੇ ਗੁੱਛੇ ਬਣ ਗਈਆਂ
ਸਾਰਾ ਵਜੂਦ ਦਰਦ ਨਾਲ
ਭਰ ਗਿਆ
ਇਸ ਪੀੜ ਨੂੰ ਹੰਢਾਉਂਦੀ ਜਾਗਦੀ
ਪਰ ਸੁੱਤੀ ਹੁੰਦੀ
ਜਦ ਸੌਂ ਜਾਂਦੀ ਤਾਂ
ਜਾਗਦੀ
ਕੂਲੀ ਮੈਟਰੈੱਸ ਦੀ ਸਪੰਜ
ਤੂੰਬਾ ਤੂੰਬਾ ਕਰਕੇ
ਟੁਟਦੀ ਸਾਰੀ ਰਾਤ
ਮੇਰੇ ਹੇਠਾਂ ਵਿਛੀ ਚਾਦਰ
ਭਰ ਜਾਂਦੀ ਸਿਲਵਟਾਂ ਨਾਲ—
ਦਿਨ ਚੜ੍ਹਨ ਤਕ;
ਦਰਦ ਤਦ ਬਹੁਤ ਹੀ ਵਧ ਜਾਂਦਾ
ਜਦ ਉਹ ਸਰਕ ਕੇ ਆਪਣੇ ਪਾਸੇ ਤੋਂ



ਕੋਲ ਆਉਂਦਾ
ਬਾਹਾਂ ਵਿਚ ਲੈਂਦਾ ਤਾਂ
ਜਿਸਮ ਰੋਂਦਾ
ਪੀੜ ਨਾਲ ਕਰਾਹੁੰਦਾ
ਮਨ ਵਿਚ ਰੋਸਿਆਂ ਤੇ ਸ਼ਿਕਵਿਆਂ ਦਾ
ਮੀਂਹ ਵਰ੍ਹਦਾ
ਰੋਹ ਤੜਫਦਾ ਤੇ ਛਟਪਟਾਉਂਦਾ
ਤੂਫ਼ਾਨ ਵਿਚ ਘਿਰਿਆ ਸ਼ੂਕਦੀਆਂ—
ਲਹਿਰਾਂ ਦੇ ਗਲ ਲਗ ਕੇ
ਮਰ ਜਾਂਦਾ
ਚੁੱਪ ਸਾਜ਼ਿਸ਼ ਕਰਕੇ ਸੰਗ—
ਉਹਦੇ ਸੌਂਦੀ
ਮਰ ਚੁੱਕੇ ਮਨ ਦੀਆਂ ਅੱਖਾਂ ਖੁੱਲ੍ਹੀਆਂ
ਤਰੇੜੇ ਹੋਏ ਰਿਸ਼ਤੇ ਦਾ
ਹਸ਼ਰ ਵਿੰਹਦੀਆਂ
ਹੰਝੂ ਹੰਝੂ ਰੋਂਦੀਆਂ
ਕੁਰਲਾਉਂਦੀਆਂ
ਪੀੜ ਦਾ ਕਾਫਲਾ ਹਰ ਰੋਜ਼ ਹੀ
ਗੁਜ਼ਰਦਾ ਦਨਦਨਾਉਂਦਾ ਤਾਂ
ਦਵਾ ਲਈ ਗਈ ਕਲੀਨਿਕ ਵਿਚ
ਗੰਭੀਰ ਅੱਖਾਂ ਨਾਲ ਚਸ਼ਮੇ ਵਿਚੋਂ ਤਕਦਿਆਂ
ਡਾਕਟਰ ਨੇ ਕਿਹਾ :
ਸਟਰੈੱਸ!

# ਡਰ

ਡਰ ਕਿਥੇ ਉੱਗਦਾ ਹੈ
ਸਾਡੇ ਆਲੇ ਦੁਆਲੇ ਵਿਚ ਜਾਂ
ਸਾਡੇ ਜਿਸਮ ਦੀਆਂ—
ਬਾਰੀਕ ਨਾੜਾਂ ਵਿਚ
ਡਰ ਕਿਥੇ ਵਸਦਾ ਹੈ
ਲਟਕਦਾ ਹੈ ਆਲੇ-ਦੁਆਲੇ ਵਿਚ
ਚਮਗਿੱਦੜ ਬਣਕੇ
ਉੱਗਦਾ ਹੈ ਸਾਡੇ ਦਿਮਾਗ ਦੀਆਂ
ਬਾਰੀਕ ਨਾੜਾਂ ਵਿਚ।
ਡਰ ਬੰਨ੍ਹ ਲੈਂਦਾ ਹੈ
ਸਾਡੇ ਹੱਥ ਪੈਰ
ਗੂੰਗੀ ਕਰਦਾ ਹੈ
ਸਾਡੀ ਜ਼ਬਾਨ ਤੇ
ਮਨ ਦੇ ਸੁੱਚੇ ਬੋਲ।
ਡਰ ਜਿਸ ਕਾਰਨ
ਬੋਲਦੇ ਹਾਂ ਅਸੀਂ
ਥਥਲਾ ਕੇ
ਬੋਲ ਪੂਰਾ ਹੋਣ ਤੋਂ ਪਹਿਲਾਂ
ਲਫਜ਼ ਕੰਬਦੇ ਤੇ
ਹਰਫ਼ ਮਰ ਜਾਂਦੇ ਹਨ।
ਡਰ ਸਾਡੇ ਨਾਲ ਤੁਰਦਾ
ਹਰ ਵੇਲੇ ਸਾਡਾ ਹੀ



ਪਰਛਾਵਾਂ ਬਣਕੇ
ਹਮਰਾਹ ਬਣਕੇ ਸਾਡੀ
ਹਰ ਗੱਲ ਸੁਣਦਾ ਤੇ
ਹੁੰਗਾਰਾ ਭਰਦਾ।
ਡਰ ਲਹੂ ਵਿਚ ਘਰ ਬਣਾਉਂਦਾ
ਦਿਲ ਵੱਲੋਂ ਆਉਂਦੀਆਂ
ਕੋਮਲ ਸੁਰਾਂ ਨੂੰ
ਕਤਲ ਕਰਦਾ ਪਰ
ਬੇਬਾਕ ਹੋ ਕੇ ਨਾ ਹੱਸਦਾ
ਨਾ ਇਕਬਾਲ ਕਰਦਾ ਸਗੋਂ
ਮੀਸਣਾ ਬਣ ਕੇ ਚੁੱਪ ਰਹਿੰਦਾ।
ਡਰ ਰਾਹਾਂ ਵਿਚ—
ਖਲੋ ਕੇ ਰਾਹੀਆਂ ਨੂੰ
ਭਟਕਾਉਂਦਾ
ਗ਼ਲਤ ਦਿਸ਼ਾ ਵਿਖਾਉਂਦਾ
ਉਂਗਲੀ ਲਾ ਕੇ
ਉਜਾੜ ਖੂਹਾਂ ਤੇ ਲੈ ਜਾਂਦਾ।
ਡਰ ਹੱਥ ਵਿਚ ਕਸ਼ਕੌਲ ਫੜੀ
ਬੁੱਢਾ ਮੰਗਤਾ ਬਣ ਕੇ
ਤੁਹਾਡੇ ਦਰ ਤੇ ਆਉਂਦਾ
ਕਰੁਣਾ ਦਾ ਪਾਤਰ ਬਣ ਕੇ
ਮਨਚਾਹੀ ਖ਼ੈਰਾਤ
ਲੈ ਜਾਂਦਾ।
ਡਰ ਰੇਗਿਸਤਾਨਾਂ ਵਿਚ

ਬਬੂਲ ਬਣ ਕੇ ਉੱਗਦਾ
ਮ੍ਰਿਗ ਤ੍ਰਿਸ਼ਨਾ ਬਣ ਕੇ ਨੱਚਦਾ
ਆਬਸ਼ਾਰ ਬਣ ਕੇ ਵਗਦਾ
ਜਲ-ਤਰੰਗ ਵਜਾਉਂਦਾ
ਗੀਤ ਗਾਉਂਦਾ
ਭੁੱਲੇ ਭਟਕਿਆਂ ਨੂੰ ਭਰਮਾਉਂਦਾ।
ਡਰ ਸ਼ਾਹਾਂ ਦਾ ਹਮਸ਼ੀਰ
ਫ਼ੌਜ ਦੀ ਸ਼ਮਸ਼ੀਰ
ਸਮਿਆਂ ਦਾ ਸਾਖੀ
ਲੁੱਟ ਦਾ ਪਹਿਰੇਦਾਰ
ਜ਼ਾਲਮਾਂ ਨਾਲ ਸੀਰ
ਗ਼ੁਲਾਮਾਂ ਦੀ ਤਕਦੀਰ।
ਡਰ ਵਕਤ ਦਾ ਯਾਰ
ਉਹਨੂੰ ਕੱਢਦਾ ਗਾਲ੍ਹਾਂ
ਜੱਫੀ ਪਾ ਕੇ ਤੁਰਦਾ
ਭ੍ਰਿਗੂ ਬਣ ਕੇ ਜੰਗਲਾਂ ਵਿਚ ਘੁੰਮਦਾ
ਪੱਤੇ ਪੱਤੇ ਉੱਤੇ ਲਿਖਦਾ
ਵਕਤ ਦੇ ਸੰਗੀਆਂ ਦੇ ਲੇਖ।
ਡਰ ਨੂੰ ਲੱਭਦਾ ਹਰ ਕੋਈ
ਆਵਾਗੌਣ ਭੌਂਦਾ
ਆਲੇ ਦੁਆਲੇ ਤੱਕਦਾ
ਦੂਰ ਤਕ ਜਾਂਦਾ ਤੇ
ਖ਼ੁਦ ਨੂੰ ਡਰ ਦੇ ਜਾਲ ਵਿਚ
ਫਸਿਆ ਪਾਉਂਦਾ।



## ਰੋਹ

ਮੇਰਾ ਰੋਹ ਸੀ
ਮੇਰਾ ਬੁੱਤ ਸ਼ਿਕਨ;
ਮੇਰੇ ਵਜੂਦ ਨੂੰ ਉਹ
ਮੇਰੇ ਅਹਿਸਾਸਾਂ ਤੇ
ਰੂਹ ਦੀ ਗਰਮੀ ਸੰਗ
ਪਿਘਲਾ ਕੇ ਹੌਲੀ ਹੌਲੀ
ਤੋੜਦਾ
ਮੇਰੇ ਟੁਕੜੇ ਫਿਰ
ਜੋੜਦਾ
ਮੇਰੀ ਬੇਬਾਕੀ ਤੇ ਸੱਚ ਦਾ
ਗਵਾਹ
ਮੇਰੇ ਸਵਾਲਾਂ ਤੇ ਸੋਚਾਂ ਦਾ
ਹਮਰਾਜ਼
ਮੇਰੀ ਪ੍ਰੀਤ ਮੇਰੀ ਸ਼ਿੱਦਤ ਦਾ
ਮਲਾਹ
ਮੇਰੀ ਲਗਨ ਮੇਰੀ ਜ਼ਿੱਦ ਦੇ
ਰੌਸ਼ਨ ਕਰਦਾ ਸੀ
ਰਾਹ
ਮੇਰੇ ਜਿਉਣ ਦੇ ਸਲੀਕਿਆਂ 'ਚ
ਭਰਦਾ ਸੀ ਉਹ
ਰੰਗ
ਮੇਰਾ ਰੋਹ—

ਜੁ ਮੇਰੀਆਂ ਕੰਬਖ਼ਤੀਆਂ
ਮੇਰੀਆਂ ਗ਼ਲਤੀਆਂ
ਸਾਰੀਆਂ ਮੁਸ਼ਕਲਾਂ ਵਿਚ
ਰਹਿੰਦਾ ਸਦਾ ਮੇਰੇ
ਅੰਗ ਸੰਗ
ਅੰਞਾਣੇ ਬਾਲ ਵਾਂਗ ਮੈਂ—
ਉਹਦੀ ਉਂਗਲੀ ਫੜੀ
ਜ਼ਿੰਦਗੀ ਦੇ ਹਨੇਰੇ ਕਾਲੇ ਜੰਗਲਾਂ 'ਚੋਂ
ਗੁਜ਼ਰਦੀ
ਤਪਦੇ ਮਾਰੂਥਲ ਵਿਚ-ਚੁਪਚਾਪ
ਤੁਰਦੀ
ਉਫ਼ ਨਾ ਕਰਦੀ
ਕਿਥੇ ਛੁਪਿਆ ਅੱਜ ਮੇਰਾ
ਉਹ ਚਾਨਣ
ਮੇਰੇ ਅੰਦਰ ਜੁ
ਲਟਲਟ ਬਲਦਾ ਸੀ
ਮੇਰੇ ਵਜੂਦ—ਮੇਰੇ ਮਨ ਨੂੰ
ਜਵਾਲਾ ਕਰਦਾ ਸੀ
ਅੰਦਰੇ ਅੰਦਰ ਖ਼ੁਦਕੁਸ਼ੀ ਹਾਂ
ਕਰ ਰਹੀ
ਆਪਣੇ ਰੋਹ ਨੂੰ ਅੱਜ ਮੈਂ
ਲੱਭ ਰਹੀ।



# ਧੁੱਪ ਤੇ ਸੇਕ

ਤੁਰ ਨਹੀਂ ਸਕਦਾ ਤੂੰ
ਮੇਰੇ ਹਮਰਾਹ
ਡਰਦਾ ਏਂ
ਸ਼ਹਿਰ ਤੇ ਭੀੜ
ਪਿੰਡ ਤੇ ਸੱਥ
ਜੰਗਲ ਤੇ ਕਬੀਲੇ
ਸੱਪ ਤੇ ਥੇਹ
ਸਾਗਰ ਤੇ ਗਹਿਰਾਈ
ਸੂਰਜ ਤੇ ਚਾਨਣ
ਧੁੱਪ ਤੇ ਸੇਕ
ਸਫ਼ਰ ਤੇ ਥਕਾਨ ਕੋਲੋਂ ਤੇ
ਦਾਅਵਾ ਕਰਦਾ ਏਂ
ਸਾਰੀ ਦੁਨੀਆਂ ਗਾਹੁਣ ਦੀ ਲੋਚਾ
ਨਹੀਂ ਟਿਕਣ ਦੇਂਦੀ ਤੈਨੂੰ
ਮੇਰੇ ਸੰਗ ਤੁਰ ਕੇ ਵਿਖਾ
ਸ਼ਹਿਰ ਤੇ ਭੀੜ
ਪਿੰਡ ਤੇ ਸੱਥ
ਜੰਗਲ ਤੇ ਕਬੀਲੇ
ਸੱਪ ਤੇ ਥੇਹ
ਸਾਗਰ ਤੇ ਗਹਿਰਾਈ
ਸੂਰਜ ਤੇ ਚਾਨਣ
ਧੁੱਪ ਤੇ ਸੇਕ ਦੇ—
ਮਾਅਨੇ ਹੀ ਬਦਲ ਜਾਣਗੇ।

## ਸ਼ਗੁਨ

ਖ਼ੁਦਕੁਸ਼ੀ ਕਰ ਲਈ
ਤੂੰ ਮੈਂ ਜਾਂ ਵਕਤ ਨੇ
ਵਕਤ ਕਦ ਮਰਦਾ ਹੈ ?
ਤੇਰੇ ਤੇ ਮੇਰੇ ਵਿਚਕਾਰਲਾ ਫਾਸਲਾ
ਉਸ ਰਾਹ ਤੇ ਤੁਰਦੇ ਪਲ ਛਿਣ
ਬਣਦੇ ਦਿਨ
ਮਹੀਨੇ ਸਾਲ
ਸਦੀਆਂ ਜਿਉਂਦੀਆਂ
ਅਲਾਪ ਛੋਂਹਦੀਆਂ
ਗੀਤ ਗੌਂਦੀਆਂ
ਸੰਗੀਤ ਸੱਤ ਸੁਰਾਂ ਦਾ ਸ਼ਗੁਨ
ਝੋਲੀ ਪਾਉਂਦੀਆਂ
ਲਫ਼ਜ਼ ਪਤਾਸੇ ਅਰਥ ਛੁਹਾਰੇ
ਹੋਠੀਂ ਲਾਉਂਦੀਆਂ
ਵਿਹੜੇ ਵਿਚ ਵੱਜਦੀ ਰਹੀ ਸ਼ਹਿਨਾਈ



ਇਹਦੇ ਰੁਦਨ ਵਿਚ ਉਡੀਕ ਪਾਉਂਦੀ
ਔਂਸੀਆਂ,
ਤੂੰ ਨਾ ਆਇਆ
ਜਾਪਿਆ ਵਕਤ ਨੇ—
ਖ਼ੁਦਕੁਸ਼ੀ ਕਰ ਲਈ
ਉਮੰਗ ਮਰ ਗਈ
ਅਨ੍ਹਾ ਜਿਊ ਪਈ
ਗਿੱਧਾ ਕੌਣ ਹੈ ਪਾ ਰਿਹਾ
ਹੱਸ ਰਿਹਾ-ਬੇਰਹਿਮ ਹਾਸਾ
ਖਿਲਾਅ ਨੂੰ ਪਗਲਾ ਰਿਹਾ
ਕੌਣ ਕਿਧਰ ਜਾ ਰਿਹਾ
ਵਕਤ ਦੀ ਲਾਸ਼ ਚੁੱਕੀ—
ਮੋਢਿਆਂ 'ਤੇ
ਪਤਾ ਤੇਰਾ ਗਵਾਚ ਗਿਆ
ਮਰਨਾ ਕਿਹਾ—
ਜਿਊਣਾ ਕਿਹਾ..... ?

## ਤਸਲੀਮ

ਤੇਰੇ ਚਿਹਰੇ ਨੂੰ ਤੱਕਿਆ—
ਸਮਝ ਆਈ
ਮੁਬਾਰਿਕ ਲਫ਼ਜ਼ ਦੇ
ਮਾਅਨੇ ਕੀ ਹਨ
ਮੁਬਾਰਿਕ ਹੁੰਦਾ ਹੈ ਉਹੀ
ਜਿਸਨੂੰ ਕਰਦੇ ਹੋ ਤੁਸੀਂ
ਤਸਲੀਮ ਧੁਰ ਅੰਦਰੋਂ
ਇਕੋ ਲਫ਼ਜ਼ ਹੀ ਬਣ ਜਾਂਦਾ
ਜਿਉਂਦੇ ਰਹਿਣ ਦਾ ਸਬੱਬ
ਖਿਆਲਾਂ ਵਿਚ ਆਉਂਦੇ ਹਨ
ਜ਼ਲਜ਼ਲੇ
ਆਰਜ਼ੂਆਂ ਦੇ ਚਿਹਰੇ ਹੁੰਦੇ ਹਨ
ਰੌਸ਼ਨ
ਸੋਚਾਂ ਨੂੰ ਹੁੰਦਾ ਹੈ ਹਾਸਲ
ਨਵਾਂ ਮੁਕਾਮ
ਫਾਸਲੇ ਨੂੰ ਖਤਮ ਕਰਕੇ
ਫੈਸਲੇ ਦਾ ਮੱਥਾ ਚੁੰਮਣ ਲਈ
ਹੋਠ ਪੈਂਦੇ ਹਨ ਲਰਜ਼
ਇਕੋ ਬੋਸਾ ਹੀ ਲਿਖ ਦੇਂਦਾ
ਵਕਤ ਦੇ ਮੱਥੇ ’ਤੇ
ਜ਼ਿੰਦਗੀ ਜਿਊਣ ਦਾ ਮਕਸਦ।



## ਬੁੱਤ–ਤਰਾਸ਼

ਜਦ ਆਵੇਂਗਾ
ਬੁੱਤ–ਸ਼ਿਕਨ ਬਣਕੇ ਨਾ ਆਵੀਂ
ਮੇਰੀ ਜ਼ਿੰਦਗੀ ਦੀ ਪਗਡੰਡੀ ’ਚ
ਟੁੱਟੇ ਤੇ ਖਿਲਰੇ—
ਮੇਰੀ ਹੋਂਦ ਦੇ ਟੁਕੜੇ
ਆਪਣੇ ਨਾਲ ਸਮੇਟਦਾ ਆਵੀਂ।
ਜਦ ਆਵੇਂਗਾ
ਹਰ ਗਲੀ ਹਰ ਮੋੜ ’ਤੇ
ਮਿਲਣਗੇ ਤੈਨੂੰ
ਮੇਰੀਆਂ ਸੋਚਾਂ ਦੇ—
ਬਿਖਰੇ ਰੰਗ
ਆਪਣੇ ਜਜ਼ਬਿਆਂ ਨੂੰ
ਇਹਨਾਂ ਰੰਗਾਂ ਵਿਚ
ਰੰਗਦਾ ਆਵੀਂ।
ਜਦ ਆਵੇਂਗਾ
ਮਿਲਣਗੇ ਤੈਨੂੰ
ਰੇਤ ਵਿਚ ਬਿਖਰੇ
ਮੇਰੇ ਹੰਝੂਆਂ ਦੇ—
ਸੁੱਚੇ ਮੋਤੀ

ਹੰਸ ਬਣਕੇ ਇਹ ਚੋਗ ਤੂੰ
ਚੁਗਦਾ ਆਵੀਂ।
ਜਦ ਆਵੇਂਗਾ
ਗਮਜ਼ਦਾ ਮਿਲਣਗੇ ਤੈਨੂੰ
ਮੇਰੇ ਅਹਿਸਾਸਾਂ ਦੇ ਜੁਗਨੂੰ
ਰਾਹਾਂ ਵਿਚ ਭਟਕਦੇ ਤੇ ਰੁਲਦੇ
ਦਿਲ ਦੇ ਹਨੇਰੇ ਦੀ ਗਵਾਹੀ ਭਰਦੇ
ਇਹ ਚਰਾਗ
ਆਪਣੇ ਮਨ ਦੀਆਂ ਤਲੀਆਂ 'ਤੇ
ਜਗਾ ਕੇ ਲਿਆਵੀਂ।
ਜਦ ਆਵੇਂਗਾ
ਆਪਣੇ ਮਾਜ਼ੀ ਦੀ
ਗੁਫਾ ਦਾ ਬੂਹਾ
ਜੇਰੇ ਦੇ ਤਕੜੇ ਪੱਥਰ ਨਾਲ
ਬੰਦ ਕਰਕੇ ਆਵੀਂ
ਭਵਿੱਖ ਦੇ ਮ੍ਰਿਗ-ਤ੍ਰਿਸ਼ਨਾ ਮਹਿਲ
ਨਾ ਜਾਵੀਂ
ਆਪਣੀ ਮੁਹੱਬਤ ਦਾ ਤਿੱਖਾ ਨਸ਼ਤਰ
ਨਾਲ ਲੈਂਦਾ ਆਵੀਂ
ਜਦ ਆਵੇਂਗਾ
ਬੁੱਤ-ਤਰਾਸ਼ ਬਣ ਕੇ ਆਵੀਂ।



## ਪਿਆਰ

ਪਿਆਰ ਦਗਾ ਕੀਤਾ
ਫ਼ਰੇਬ ਕੀਤਾ
ਮੈਂ ਠੱਗੀ ਗਈ
ਮੇਰੀ ਬੁੱਕਲ ਵਿਚ ਜੁ ਲੁਕੇ ਸਨ
ਜਜ਼ਬਿਆਂ ਦੇ ਜੁਗਨੂੰ
ਹਨੇਰੇ ਅਸਮਾਨਾਂ ਦੇ ਤਾਰੇ
ਮੈਨੂੰ ਪਿਆਰੇ
ਠੱਗ ਕੇ ਲੈ ਗਿਆ
ਉਹ ਬਨਾਰਸੀ ਠੱਗ
ਲਹੌਰੀਆ ਜਾਂ ਅੰਬਰਸਰੀਆ
ਸਭ ਠੱਗਾਂ ਦਾ ਸਰਦਾਰ
ਦਗਾਬਾਜ਼
ਜਿਸਨੂੰ ਆਖਦੇ ਤੁਸੀਂ ਸਭ
ਪਿਆਰ
ਉਹ ਤਾਂ ਚੋਰ ਸੀ
ਕੁਝ ਹੋਰ ਸੀ

ਬੁਰਕੀ ਕਢ ਕੇ ਲੈ ਗਿਆ
ਮੇਰੇ ਦਿਲ ਮੋਰ ਦੀ
ਪੈੜਾਂ ਬਿਖਰੀਆਂ
ਪੈਲਾਂ ਵਿਸਰੀਆਂ
ਰੰਗ ਬੇਰੰਗ ਹੋਏ
ਮੋਹ ਭੰਗ ਹੋਏ
ਹੰਝੂ ਸੁੱਕੇ
ਤਲਾਅ ਫਿੱਕੇ ਰੇਤੜੇ
ਹਰਿਆਲੀ ਨਾ ਸੈਨਤਾਂ ਫੁੱਲਾਂ ਦੀਆਂ
ਖ਼ੁਸ਼ਬੂਆਂ ਨਾ ਰਹੀਆਂ ਮੇਰੀਆਂ ਸਹੇਲੀਆਂ
ਚੁੰਮਣਾਂ ਦਾ ਅਹਿਸਤਾ ਜਿਹਾ ਸਪਰਸ਼
ਹੋਇਆ ਬੇਗਾਨਾ
ਹੋਠਾਂ ਦੀ ਜੁੰਬਸ਼ ਵਿਚ ਆ ਗਈ
ਅਣਦਿਸਦੀ ਲਕੀਰ
ਜੁਮੈਟਰੀ ਦੀ ਰੇਖਾ ਵਰਗੀ ਤਣੀ ਹੋਈ
ਠੰਡੀ ਠਾਰ-ਇਕ ਸਾਰ
ਕਿਥੇ ਹੈ ਅਹਿਸਾਸ—ਕੋਈ ਇਕਰਾਰ
ਹਾਏ ਜੁਗਨੂੰ ਮੇਰੇ ਲੁੱਟੇ ਗਏ।



## ਸਮਝੌਤਾ

ਮੈਂ ਤੇ ਮੇਰਾ ਯਾਰ ਸਮਝੌਤਾ ਗਲਵਕੜੀ ਪਾ ਕੇ
ਮਿਲ ਬੈਠੇ
ਆੜੀ ਬਣ ਕੇ ਤੁਰਦੇ
ਹਮਰਾਜ਼ ਇਕ ਦੂਜੇ ਦੇ
ਸਰਗੋਸ਼ੀਆਂ ਕੰਨਾਂ ਵਿਚ ਕਰਦੇ
ਨਾ ਡਰਦੇ ਨਾ ਦੱਸਦੇ।
ਰੁਸ ਗਏ ਮੇਰੇ ਕੋਲੋਂ ਹਰਫ ਮੇਰੇ
ਮੈਨੂੰ ਗੂੰਗਾ ਕਰ ਗਏ
ਕੰਨੀਂ ਨਾ ਕੋਈ ਕਨਸੋ
ਦਸਤਕ ਨਾ ਦਿਲ ਤੇ—ਨਾ
ਸੁਣੇ ਪੈਰਾਂ ਦੀ ਚਾਪ
ਮੈਂ ਕਿਥੇ ਗਵਾਚੀ ਆਪ।
ਸਮਝੌਤਾ ਮੈਨੂੰ ਠੱਗ ਰਿਹਾ ਏ
ਉਹ ਤਾਂ ਚੋਰੀ ਕਰ ਰਿਹਾ ਏ
ਕਿਥੋਂ ਕੀ ਕੁਝ ਟੁਕ ਰਿਹਾ ਏ
ਰੂਹ ਦੇ ਟੋਟੇ ਕਰ ਰਿਹਾ ਏ।

ਕਿਥੇ ਗਈ ਸਾਰੀ ਪੂੰਜੀ ਉਹ
ਮਨ ਦੀ ਥੈਲੀ ਵਿਚ ਜੁ ਵਟਦੀ
ਸ਼ਿਕਵਿਆਂ-ਇੱਛਾਵਾਂ-ਵਿਰੋਧਾਂ ਦੇ
ਸੱਚ ਦਾ ਸੋਨਾ ਇਸ ਵਿਚ ਭਰਦੀ।
ਸਭ ਕੁਝ ਲੁਟ ਕੇ ਲੈ ਗਿਆ ਚਿਤਚੋਰ
ਉਹ ਤਾਂ ਜਾਨੀ ਨਾ ਕੋਈ ਹੋਰ
ਦਿਲ ਦਾ ਭੇਤੀ ਕਿਥੋਂ ਲੱਭਾਂ
ਨੈਣ ਜਿੰਦੜੀਏ ਖੋਲ੍ਹ
ਅੜੀਏ ਕੁਝ ਤਾਂ ਬੋਲ।
ਚਾਨਣ ਦਿਲ ਦਾ ਗੁੰਮ ਏ
ਜਜ਼ਬੇ ਗਿਰਵੀ ਅਤੇ ਸੰਨਾਟਾ
ਖਿਲਾਅ ਵਿਚ ਕਿਧਰ ਹੱਥ ਪਸਾਰਾਂ
ਕਿਹਦੇ ਬੁੱਤ ਗਲ ਬਾਹਵਾਂ ਪਾਵਾਂ
ਕਿਸਨੂੰ ਪੁਛਾਂ
ਔਹ ਤੁਰਿਆ ਆਉਂਦਾ ਸੱਜਣ ਕੌਣ
ਉਹ ਤਾਂ ਭੁਲੇਖਾ ਏ
ਕੀ ਉਹੋ ਹੀ ਸਮਝੌਤਾ ਏ।



## ਕਾਕੂਨ

ਕਿੰਨੇ ਭਰਮ-ਟੋਟੇ ਟੋਟੇ ਹੋ ਗਏ
ਕਿੰਨੇ ਹੀ ਹੋਰ ਜਿਊ ਪਏ
ਵਕਤ ਦੀਆਂ ਸੂਈਆਂ ਤੇ ਲਟਕੇ
ਇਹ ਨਿੱਕੇ ਸ਼ਬਦ ਜਾਲ
ਜ਼ਿੰਦਗੀ ਵਿਚ ਤੰਦਾਂ ਬੁਣਦੀ
ਆਪਣਿਆਂ ਅਹਿਸਾਸਾਂ ਤੋਂ
ਰੇਸ਼ਮ ਉਧਾਰਾ ਮੰਗ ਕੇ
ਉਧਾਰੀਆਂ ਤੰਦਾਂ ਦੇ ਕਾਕੂਨ ਵਿਚ
ਫਸਿਆ ਨਿੱਕਾ ਜਿਹਾ ਕੀੜਾ
ਝੂਠਾ ਰੇਸ਼ਮ ਬੁਣਦਾ ਰਿਹਾ
ਸੁੱਚੀਆਂ ਤੰਦਾਂ ਵਿਚ ਉਲਝੀ
ਉਮੰਗ, ਰੀਝ ਤੇ ਦੋਸਤੀ ਦੀ ਆਸ
ਫਾਹੀ ਲੈ ਕੇ ਮਰ ਗਈ
ਇਹਦੀ ਸੁੱਚੀ ਕੁਰਬਾਨੀ
ਇਕ ਹੋਰ ਉਮੀਦ
ਜ਼ਿੰਦਾ ਕਰ ਗਈ।

## ਮੇਗ੍ਰਾਬਾਈਟਸ ਦੀ ਰਫ਼ਤਾਰ

ਮਨੁੱਖ ਸਦੀਆਂ ਤੋਂ
ਲਿਖ ਰਿਹਾ ਹੈ
ਆਪਣੀ ਹੋਂਦ ਦੀ ਕਥਾ
ਵਕਤ ਦੇ ਸਫ਼ੇ 'ਤੇ
ਸਾਇੰਸ ਦੀ ਤੀਜੀ ਅੱਖ ਖੁੱਲ੍ਹੀ
ਰੌਬਟ ਦਾ ਵਜੂਦ ਤੱਕਿਆ
ਚਿਤਰਿਆ ਉਸਨੂੰ
ਕੰਪਿਊਟਰ ਦੇ ਸਕਰੀਨ ਉੱਤੇ
ਕੈਦ ਕੀਤਾ ਮਨੁੱਖ ਨੇ
ਕੰਪਿਊਟਰ ਪ੍ਰੋਗਰਾਮ ਵਿਚ
ਬਿਜਲਈ ਤਾਰਾਂ ਦੀ ਤਾਕਤ ਧੜਕੀ
ਉਹਦੇ ਅੰਦਰ
ਸ਼ਕਤੀ ਦਾ ਸਵਾਮੀ ਬਣਕੇ
ਫਰਾਰ ਹੋ ਗਿਆ ਉਹ
ਮੇਗ੍ਰਾਬਾਈਟਸ ਦੀ ਰਫਤਾਰ ਨਾਲ
ਲਿਖ ਰਿਹਾ ਹੈ ਹੁਣ ਰੌਬਟ
ਵਕਤ ਦੀ ਕਥਾ—
ਕੰਪਿਊਟਰ ਦੇ ਪਿੰਡੇ 'ਤੇ
ਮਨੁੱਖ ਦੀ ਹੋਂਦ ਕਿੱਥੇ ਹੈ?



## ਸਿਫ਼ਰ ਦੀ ਪ੍ਰਾਪਤੀ

ਮੈਂ ਵਿਚੋਂ ਮੈਂ ਮਨਫੀ ਹੋ ਗਈ
ਕੀ ਬਚਿਆ—ਸਿਫ਼ਰ
ਸਿਫ਼ਰ ਬੜਾ ਵੱਡਾ ਹੈ ਤੇ ਬੜਾ ਛੋਟਾ
ਜਦ ਭਟਕਦਾ ਹੈ ਇਹ ਮਾਰੂਥਲ ਵਿਚ
ਰੇਤ ਦਾ ਬਣਕੇ ਕਿਣਕਾ
ਨੱਚਦਾ ਗਰਮ ਹਵਾ ਸੰਗ
ਕਾਲੇ ਜੰਗਲ ਵਿਚੋਂ ਲੰਘ ਕੇ—ਰੌਸ਼ਨੀ ਦੀ ਕਿਰਨ
ਜ਼ਿੰਮੀ 'ਤੇ ਨਿੱਕਾ ਜਿਹਾ
ਦਾਇਰਾ ਬਣਾਉਂਦੀ
ਭੌਰ ਦੀ ਚਿੜੀ ਚੂਕਦੀ ਤੇ
ਗੀਤ ਗਾਉਂਦੀ—
ਚਹਿਚਹਾਉਂਦੀ—ਸਿਫ਼ਰ ਸੰਗ
ਗਿੱਧਾ ਪਾਉਂਦੀ
ਰੌਸ਼ਨੀ ਦਾ ਇਹ ਦਰਿਆ
ਲਟਕਿਆ ਹੁੰਦਾ ਵਿਚ ਖਿਲਾਅ
ਸੂਰਜ ਚੰਨ ਤੇ ਲੱਖਾਂ ਕਰੋੜਾਂ

ਬ੍ਰਹਿਮੰਡ ਬਣ ਕੇ
ਇਹਦੀ ਨਾ ਲਗਦੀ ਥਾਹ
ਇਹ ਤਾਂ ਅਸਗਾਹ
ਪਰ ਜਦ ਬਣਦਾ ਇਹ
ਤਿਜੌਰੀ ਦਾ ਸ਼ਿੰਗਾਰ
ਦੌਲਤ ਦਾ ਪਹਿਰੇਦਾਰ
ਬੈਂਕ-ਪੂੰਜੀ ਦਾ ਹਿੱਸੇਦਾਰ
ਸਿਰਜਿਆ ਜਾਂਦਾ—ਸਿਫ਼ਰ ਦਾ ਵਜੂਦ
ਲੱਖਿਆ ਜਾਂਦਾ—ਕਿਸ ਲਈ ਕਿੰਨਾ
ਕਦੋਂ ਤੇ ਕਿਧਰ ਹੋਵੇਗਾ ਸ਼ੁਰੂ
ਇਹਦਾ ਸਫ਼ਰ
ਕਦੋਂ ਇਹ ਬਣ ਜਾਂਦਾ ਵੱਡਾ
ਜਲਵਾਗਰ
ਘੁੰਮਦਾ ਗੋਲ ਦਾਇਰੇ ਵਿਚ ਸਿਫ਼ਰ
ਆਦਮੀ ਘੁੰਮਦਾ ਇਹਦੇ ਮਗਰ
ਗੋਲ ਘੁੰਮਦਾ ਇਨਸਾਨ-ਬਣ ਜਾਂਦਾ 'ਮੈਂ'
ਮੈਂ ਵਿਚੋਂ ਮੈਂ ਮਨਫ਼ੀ ਹੋ ਗਈ ਤਾਂ
ਕੀ ਬਚਿਆ......?



## ਮੁਕਤੀ

ਪਹਿਲਾਂ ਇੰਦਰਜਾਲ ਸੀ
ਫਿਰ ਸ਼ਬਦ ਜਾਲ-ਹੁਣ
ਕੰਪਿਊਟਰ ਜਾਲ ਵਿਚ—
ਫਸ ਗਿਆ ਹੈ ਮਨੁੱਖ
ਮੁਕਤੀ ਦੀ ਖੋਜ ਵਿਚ
ਖੋਜ ਗਵਾਚ ਗਈ ਕੰਪਿਊਟਰ ਦੇ
ਚੱਕਰਵਿਯੂ ਵਿਚ
ਕੰਪਿਊਟਰ ਦੇ ਸਾਰੀ ਦੁਨੀਆਂ ਵਿਚ ਵਿਛੇ ਸੂਤਰ
ਲਭ ਰਹੇ ਇਸਨੂੰ
ਕੌਣ ਕਿਸ ਨੂੰ ਲਭ ਰਿਹਾ ਹੈ
ਇੰਟਰਨੈੱਟ—ਜਾਂ
ਕੌਣ ਲਿਖ ਰਿਹਾ ਹੈ ਕਥਾ
ਕੀ ਪਤਾ—ਕਿਸਨੂੰ ਪਤਾ?

## ਤਲਿਸਮੀ ਤੀਜੀ ਦੁਨੀਆਂ

ਮੇਰੇ ਦੰਦਾਂ ਥਲੇ
ਕੁਤਰਿਆ ਜਾ ਰਿਹਾ
ਕੱਚਾ ਮਾਸ
ਮੇਰੀ ਜੀਭ ਨੂੰ
ਮਨੁੱਖੀ ਮਾਸ ਦਾ
ਆ ਰਿਹਾ ਸਵਾਦ
ਮੇਰਾ ਮੂੰਹ
ਮਨੁੱਖੀ-ਲਹੂ ਨਾਲ
ਜਾ ਰਿਹਾ ਭਰਦਾ
ਅਖ਼ਬਾਰਾਂ ਦੀਆਂ ਖ਼ਬਰਾਂ
ਪੜ੍ਹਦਿਆਂ,
ਕਈ ਸਾਲਾਂ ਤੋਂ
ਟੀ. ਵੀ. ਤੇ ਵੇਖਦਿਆਂ
ਰਾਜਨੀਤੀ ਦੀ ਖੇਡ ਦੇ
ਕਾਰਨਾਮੇ।
ਧਰਤੀ ਦੇ ਉੱਚੇ ਸੁਣੀਂਦੇ
ਟੋਟਿਆਂ 'ਤੇ
ਉੱਗ ਪਈਆਂ ਫੈਕਟਰੀਆਂ
ਜੁ ਜੰਮਦੀਆਂ



ਬੰਬ-ਬੰਦੂਕਾਂ, ਕਾਰਤੂਸ,
ਪਹਿਲੀ ਤੇ ਦੂਜੀ ਦੁਨੀਆਂ ਦੇ
ਨਾਜਾਇਜ਼ ਮਾਪਿਆਂ ਵਾਂਗ,
ਘੱਲੇ ਜਾਂਦੇ ਫਿਰ ਇਹ
ਕਰਨ ਮਜ਼ੂਰੀ ਤੀਜੀ ਦੁਨੀਆਂ ਦੇ
ਦੇਸਾਂ ਵਿਚ,
ਵਿਸ਼ਵਾਸਾਂ ਦੇ ਸ਼ਾਹ
ਮਾਸੂਮ ਅਣਜਾਣ
ਇਸ ਧਰਤੀ ਦੇ ਲੋਕਾਂ ਦੇ
ਰਾਹਨੁਮਾ ਗੋਦ ਲੈਂਦੇ,
ਬੰਬ-ਕਾਰਤੂਸ-ਗੋਲਾ ਬਾਰੂਦ
ਸੀਨੇ ਕਰਦੇ ਛਲਣੀ
ਆਪਣੀ ਹੀ ਧਰਤੀ ਦੇ
ਲੋਕਾਂ ਦੇ
ਡੁੱਲ੍ਹਦਾ ਲਾਲ ਲਹੂ
ਆਦਮੀਆਂ-ਔਰਤਾਂ ਤੇ
ਬੱਚਿਆਂ ਦਾ
ਇਸ ਲਹੂ ਨੂੰ ਜੀਰਦੀ
ਬਾਂਝ ਹੋ ਰਹੀ
ਤਲਿਸਮੀ ਤੀਜੀ ਦੁਨੀਆਂ ਦੀ
ਧਰਤੀ ਦੀ ਕੁੱਖ।

## ਅਹਿਸਾਸ

ਆਪਣੇ ਦਿਲ ਦੀ ਕਬਰ ਵਿਚ
ਤੇਰਾ ਵਜੂਦ
ਕਰ ਲਿਆ ਮੈਂ
ਮਹਿਫੂਜ਼
ਦਬ ਨਾ ਸਕੇਗਾ
ਹੁਣ ਇਹ
ਹਾਦਸਿਆਂ ਦੀ
ਮਿੱਟੀ ਥੱਲੇ
ਕਿਆਮਤ ਦਾ ਦਿਨ
ਆਏਗਾ ਰੋਜ਼
ਮਿਲ ਸਕਾਂਗੀ ਤੈਨੂੰ
ਤੇਰੀ ਕਬਰ ਵਿਚ
ਹਰ ਪਲ!



## ਹਮਰਾਹ

ਆ ਤੀਜੇ ਨੈਣ ਨੂੰ
ਚੁੰਮ ਲੈਣ ਦੇ
ਨਹੀਂ ਤਾਂ ਬਰਸ ਜਾਵਾਂਗੀ
ਹੰਝੂ ਬਣ ਕੇ
ਸਿਸਕਦੀ ਸਦਾ ਵੀ ਨਾ
ਸੁਣੇਗੀ ਤੈਨੂੰ।
ਆ ਮੇਰੀ ਖ਼ਾਮੋਸ਼ੀ ਨੂੰ
ਆਵਾਜ਼ ਦੇ
ਨਹੀਂ ਤਾਂ ਗੁੰਮ ਜਾਵਾਂਗੀ
ਅੰਨ੍ਹੇ ਖੂਹ ’ਚ
ਦਰਦ ਮੇਰੇ ਦੀ ਈਕੋ ਵੀ ਨਾ
ਸੁਣੇਗੀ ਤੈਨੂੰ।
ਔਂਸੀਆਂ ਤੈਨੂੰ ਪਈਆਂ
ਉਡੀਕਦੀਆਂ
ਕਰ ਕੁਝ ਇਹਨਾਂ ਸੰਗ
ਬੋਲ ਸਾਂਝੇ
ਨਹੀਂ ਤਾਂ ਗੁਜ਼ਰ ਜਾਵਾਂਗੀ
ਵਕਤ ਬਣ ਕੇ
ਦਿਨਾਂ ਦੇ ਫੇਰ ਵਿਚ ਨਾ
ਸ਼ਾਮਲ ਹੋ ਸਕੇਂਗਾ ਤੂੰ।

## ਤਾਮੀਰ

ਮੇਰੀ ਖ਼ਾਮੋਸ਼ੀ
ਕੈਦ ਏ
ਜ਼ੰਜੀਰਾਂ ਵਿਚ
ਐ ਮੁਸੱਵਰ!
ਚਿਤਰ ਸਕਦੈਂ ਤਾਂ
ਚਿਤਰ ਲੈ
ਇਹਦੀ ਤਸਵੀਰ
ਆਪਣੀ ਕੈਨਵਸ ਉੱਤੇ।
ਆਵਾਜ਼ ਮੇਰੀ
ਗਲੇ 'ਚੋਂ
ਨਿਕਲਣ ਤੋਂ ਪਹਿਲਾਂ
ਹੋ ਜਾਂਦੀ ਏ ਖ਼ਾਮੋਸ਼
ਗੁਲੂਕਾਰ!
ਗਾ ਸਕਦੈਂ ਤਾਂ ਗਾ
ਮੇਰੀ ਖ਼ਾਮੋਸ਼ੀ ਦੀ
ਆਵਾਜ਼ ਦਾ ਗੀਤ।
ਖ਼ਾਮੋਸ਼ੀ ਮੇਰੀ



ਨਜ਼ਮ ਬਣ ਕੇ
ਰਹਿਣ ਲੱਗੀ ਏ
ਮੇਰੇ ਹੋਠਾਂ 'ਤੇ
ਐ ਸ਼ਾਇਰ!
ਬਣਾ ਸਕਦੈਂ ਤਾਂ
ਬਣਾ ਦੇ
ਲਫ਼ਜ਼ਾਂ ਦਾ ਇਕ ਘਰ
ਆਪਣੀ ਕਲਮ ਨਾਲ।
ਖ਼ਾਮੋਸ਼ੀ ਮੇਰੀ
ਬਣ ਕੇ ਇਬਾਰਤ
ਕਿਤਾਬ ਦੀ
ਲਿਖੀ ਗਈ ਏ
ਮੇਰੀਆਂ ਅੱਖਾਂ ਵਿਚ
ਮੇਰੇ ਪਾਠਕ!
ਪੜ੍ਹ ਸਕਦੈਂ ਤਾਂ
ਪੜ੍ਹ ਇਹਦੇ ਅੱਖਰਾਂ
ਦੀ ਤਨਹਾਈ
ਇਹਦੇ ਦਰਦ ਦੀ
ਕਹਾਣੀ।

## ਤਿਕੋਣ

ਮੈਂ ਤੈਨੂੰ ਸੋਚਿਆ
ਸਿਰਜਿਆ ਨਹੀਂ (ਕਿ)
ਕਿਧਰੇ ਤੈਨੂੰ ਵੇਖਿਆ ਨਹੀਂ
ਮੇਰੀ ਕਲਪਨਾ ਨੇ
ਇਕ ਚਿਤਰ ਬਣਾਉਣਾ ਚਾਹਿਆ
ਮੁਹੱਬਤ ਜਾਂ ਮਹਿਬੂਬ
ਇਸਦਾ ਚਿਹਰਾ ਕਿਹੋ ਜਿਹਾ ਹੋਵੇ
ਕਿਸ ਜ਼ਾਵੀਏ ਤੋਂ ਲੀਕਾਂ ਖਿੱਚਾਂ
ਗੋਲ ਹੋਵੇ ਕਿ ਚੌਕੋਰ ਕਿ—
ਤਿਕੋਣ
ਕਲਪਨਾ ਉਲਝ ਗਈ ਖਿਆਲਾਂ ਵਿਚ
ਕਿਉਂ ਨਾ ਤਿਕੋਣ ਚਿਤਰ
ਵਾਹ ਦਿਆਂ ਤੇ
ਗੱਲ ਮੁਕਾ ਦਿਆਂ ?



## ਸੱਤ ਘੜੇ

ਸੀਤਾ ਨੂੰ ਅੱਗ ਵਿਚ ਜਲਾ ਦਿਤਾ ਗਿਆ
ਮਰਿਆਦਾ ਦੀ ਖ਼ਾਤਰ
ਮਰਿਆਦਾ ਮਰ ਗਈ ਪਰ
ਸੀਤਾ ਜ਼ਿੰਦਾ ਰਹੀ
ਸੀਤਾ ਨੂੰ ਜੰਗਲੀਂ ਤੋਰ ਦਿਤਾ ਗਿਆ
ਸਰਾਪ ਭੁਗਤਣ ਲਈ—
ਜਿਊਂਦੇ ਰਹਿਣ ਦਾ
ਧਰਤੀ ਦੇ ਗਰਭ 'ਚ ਪਏ ਸੱਤਾਂ ਘੜਿਆਂ ਵਿਚ ਮੁੜ
ਸੀਤਾ ਉੱਗ ਪਈ ਤੇ
ਸਰਾਪ ਜ਼ਿੰਦਾ ਛੱਡ ਗਈ।

## ਖੰਡਿਤ

ਤੂੰ ਨਹੀਂ ਆਇਆ
ਚੰਗਾ ਹੋਇਆ
ਕੁਝ ਗਵਾਚਣੋ ਤਾਂ ਬਚ ਗਿਆ
ਗਿਲੇ ਸ਼ਿਕਵੇ ਕਰਨ ਲਈ ਕੁਝ ਪਲ ਤਾਂ
ਸਾਡੇ ਰਹੇ
ਤੈਨੂੰ ਮਿਲਣ ਦੀ ਚਾਹੇ ਮਰ ਗਈ
ਉਮੰਗ—ਪਰ ਬੋਲਾਂ ਦੇ ਜੰਗਲ 'ਚੋਂ
ਲੰਘਣ ਦੀ—ਜਿਊਂਦੀ ਆਸ ਲੈ ਕੇ
ਤੁਰਦੀ ਪਈ
ਕਿਥੇ ਪਰਛਾਵੇਂ ਗਏ
ਕਿਹੜੇ ਰੁੱਖ ਚੁਰਾ ਲਈ ਛਾਂ
ਕਿਸ ਸਰਾਂ ਦਾ ਲਵਾਂ ਮੈਂ ਨਾਂ
ਜੰਗਲਾਂ ਜੂਹਾਂ ਵਿਚ ਭੌਂਦਾ ਤੇ
ਸੌਂਦਾ



ਭਜਦਾ-ਨਸਦਾ ਤੇ ਟੁਟਦਾ
ਮਨ ਦਾ ਮਿਰਗ ਮਗਰ ਕਸਤੂਰੀ
ਭਟਕਦਾ-ਲਭਦਾ
ਕਾਮਲ ਮੁਰਸ਼ਦ ਸਵਾਂਗ ਰਚਾਇਆ
ਭੌਂਦਾ
ਮ੍ਰਿਗ-ਤ੍ਰਿਸ਼ਨਾ ਦੇ ਮਹਿਲ 'ਚ ਜਾ ਕੇ
ਬੁੱਢੀ ਜਾਦੂਗਰਨੀ ਦੇ ਟੂਣੇ ਵਿਚ
ਹਫ ਜਾਂਦਾ
ਇਸ ਹਕੀਕਤ ਨੂੰ ਧਿਆਇਆ
ਤੇ ਪਾਇਆ
ਚੰਗਾ ਹੋਇਆ
ਤੂੰ ਨਹੀਂ ਆਇਆ
ਖੰਡਿਤ ਹੋ ਕੇ—
ਕਣ ਕਣ ਬਣ ਕੇ ਮਿੱਟੀ—
ਵਿਚ ਰਲ ਜਾਣ ਤੋਂ
ਆਪਾ ਬਚ ਗਿਆ।

## ਮੋਈ ਸ਼ਾਰਕ

ਦਾਸਤਾਂ ਸ਼ੁਰੂ ਹੋਈ
ਕਿਥੋਂ ਕਦੋਂ ਤੇ ਕਿਸ ਤਰ੍ਹਾਂ
ਇਹਨਾਂ ਲਫਜ਼ਾਂ ਦਾ ਅਰਥ
ਤੂੰ ਬਣਿਆ ਇਸ ਤਰ੍ਹਾਂ
ਕਿਥੋਂ ਦੇ ਪਿੱਛੇ ਜਾਵੀਏ
ਘੁੰਮੀਏ ਧਰਤ ਧਰਤ
ਅਕਾਸ਼ 'ਚ ਉਡਦੇ ਤੱਕੀਏ
ਵਿਚ ਖਿਲਾਅ
ਕਿਧਰੇ ਨਾ ਇਥੇ ਦਿਸਦੀ
ਕੋਈ ਇੰਤਹਾ—
ਨਾ ਕੋਈ ਮੁਕਾਮ ਤੇ ਕਦੋਂ
ਕਿਧਰ ਤੁਰ ਗਈ ਸਾਡੀ ਕਥਾ
ਸਾਂਝ ਦੇ ਸਮਝਣ ਦੇ
ਦਿਲ ਦੀਆਂ ਗੱਲਾਂ ਸੁਣਨ ਦੇ
ਸਾਰੇ ਦਾਅਵੇ
ਨੇਰ੍ਹਿਆਂ ਵਿਚ ਬਾਤਾਂ ਪਾਉਂਦੇ
ਚਾਨਣਾਂ ਦੇ ਕੰਨੀਂ ਕਰਦੇ ਸਰਗੋਸ਼ੀਆਂ
ਕਿਥੇ ਉਹ ਮਦਹੋਸ਼ੀਆਂ—
ਕਿਥੇ ਕਿਆਮ
ਹਰ ਪਲ ਦਾ ਜਨਮ ਵੇਲਾ ਆਉਂਦਾ ਰਿਹਾ
ਜਨਮ ਦਿਨ ਦਾ ਜਸ਼ਨ ਨਾ ਆਇਆ ਕਦੀ
ਸੰਗ ਤੇਰੇ ਦੋਸਤਾਂ ਨਾ ਮਨਾਇਆ ਅਸਾਂ



ਕਿਸ ਤਰ੍ਹਾਂ ਵਾਪਰੇ ਇਹ ਹਾਦਸੇ
ਹਰ ਵਿਸਫੋਟ ਵਿਚ ਟੁੱਟੀਆਂ—
ਉਮੀਦਾਂ-ਵਾਂਗ ਵੰਗਾਂ ਹੋਈਆਂ—
ਟੋਟੇ ਤੇ ਖਿਲਰੀਆਂ ਧਰਤੀ 'ਤੇ
ਤਲੀ ਤੇ ਟੋਟਾ ਰੱਖਿਆ ਵੰਗ ਦਾ
ਤਕਿਆ ਨਾਲ ਉਮੰਗ
ਉਹਦਾ ਸੂਹਾ ਉਨਾਭੀ ਰੰਗ
ਸਤਰੰਗ ਝਿਲਮਿਲਾਏ-ਥਰਰਾਏ
ਘੁਲ ਗਏ
ਮੋਹ ਹੋਇਆ ਭੰਗ
ਕਿਥੇ ਮਿਲੇ ਸਾਂ ਤੂੰ ਤੇ ਮੈਂ
ਸਭ ਯਾਦ ਹੈ
ਤੇਰੀ ਮੁਸਕਾਨ ਜਗਦੀ ਪਈ
ਮੇਰੇ ਦਿਲ ਦੀ ਖਾਨਗਾਹ ਤੇ
ਚਰਾਗ ਬਣਕੇ,
ਸਿੰਮਦੇ ਹੌਕੇ ਦਿਨ ਰਾਤ ਪਾਉਂਦੇ—
ਤੇਲ ਇਸ ਵਿਚ
ਲਟ ਲਟ ਬਲਦੇ ਇਹ ਚਾਨਣ
ਭਰਦੇ ਰੌਸ਼ਨੀ
ਚਾਨਣੇ ਰਾਹਾਂ ਤੇ ਤੁਰਦਾ ਤੂੰ
ਕਿਥੇ ਚਲਾ ਗਿਆ
ਉਜਾੜ ਰਾਹਾਂ 'ਤੇ ਤੇਰਾ ਪਤਾ
ਮਿਲਦਾ ਪਿਆ
ਕਦੋਂ ਤੇਰੀ ਭਟਕਣ ਨੇ ਇਹਨਾਂ ਰਾਹਾਂ ਨੂੰ

ਅਪਨਾ ਲਿਆ—ਗਲ ਲਾ ਲਿਆ
ਪ੍ਰੇਮ ਦੇ ਅਰਥ ਗਵਾਚੇ
ਸੰਗ ਪਾ ਲਿਆ
ਸੁੱਚੇ ਸ਼ਬਦ ਮਹੀਨ ਰੇਸ਼ਮੀ
ਖ਼ੁਸ਼ਬੂਦਾਰ ਰਹੀ ਇਹਨਾਂ ਦੀ ਜ਼ਿੰਮੀ
ਇਸ ਮਿੱਟੀ ਵਿਚ ਉੱਗਿਆ ਇਹ
ਸ਼ੋਰ ਕਿਸ ਤਰ੍ਹਾਂ
ਇਹਦੀਆਂ ਲਹਿਰਾਂ ਵਿਚ ਗਵਾਚੀ ਚਾਨਣੀ
ਲਾਸ਼ ਮੋਈ ਸ਼ਾਰਕ ਦੀ ਹੱਥ ਆ ਗਈ
ਤੇਰਾ ਵਜੂਦ ਤੇ ਤੇਰਾ ਦਾਅਵਾ
ਰੁਲਿਆ ਇਸਤਰ੍ਹਾਂ
ਜਿਵੇਂ ਦੰਗਿਆਂ ਵਿਚ ਮਰਿਆ—
ਕੋਈ ਬੇ-ਮੌਤ
ਸ਼ੁਭ ਅਵਸਰ ਤੇ ਮਿਲੀ ਇਹ ਬੇਹਰਕਤ—
ਤੇਰੀ ਕੰਚਨ ਕਾਇਆ
ਖਿਆਲਾਂ ਨੇ ਮੋਹ ਪਾਇਆ
ਦ੍ਰਿਸ਼ਟੀ ਦੇ ਅੰਮ੍ਰਿਤ ਸੰਗ ਨਹਾਇਆ
ਤੱਕਿਆ ਤੇਰਾ ਰੂਪ
ਸੁਲਘ ਕੇ ਬੁਝਿਆ ਕਾਮ ਸਰੂਪ
ਵਕਤ ਨੇ ਆ ਕੇ ਪੁੱਛਿਆ
ਹੌਲੇ ਜਿਹੇ
ਦਾਸਤਾਂ ਸ਼ੁਰੂ ਹੋਈ—
ਕਿਥੋਂ ਕਦੋਂ ਤੇ ਕਿਸ ਤਰ੍ਹਾਂ ?



## ਟੂਰਿਸਟ

ਜਿਸ ਦਿਸਹੱਦੇ ਦੀ ਤਲਾਸ਼ 'ਚ
ਨਿਕਲੀ ਹਾਂ ਮੈਂ
ਓਥੇ ਕੋਈ ਟੂਰਿਸਟ ਬਣ ਕੇ ਘੁੰਮਣ
ਮੇਰੇ ਸੰਗ ਨਹੀਂ ਤੁਰ ਸਕਦਾ।
ਉਹ ਵਾਦੀ ਹੈ ਮੁਹੱਬਤ ਦੀ
ਜਿਥੇ ਅਰਮਾਨ ਅੱਖਾਂ ਮੀਚੀ
ਮਸਤ ਖੇਡ ਰਹੇ ਹਨ
ਜਿਥੇ ਸਤਰੰਗੀ ਪੀਂਘ ਝੂਲ ਰਹੀ
ਮਨ ਦੀ ਕੋਇਲ—
ਗਾ ਰਹੀ ਹੈ ਗੀਤ
ਜਵਾਲਾ-ਮੁਖੀ ਜ਼ਮੀਨ-ਦੋਜ਼
ਦਹਿਕ ਰਹੇ ਹਨ
ਜ਼ਿੰਮੀ ਕੰਬਦੀ ਤੇ ਹਿਲਦੀ
ਮਿੱਟੀ ਤੜਪਦੀ
ਕਿਸੇ ਵੇਲੇ ਵੀ ਲਾਵੇ ਦੇ ਸੇਕ ਨਾਲ
ਜ਼ਿੰਮੀ ਫਟ ਸਕਦੀ ਹੈ-ਪਰ
ਇਸ ਵਾਦੀ ਵਿਚ ਨੀਰੋ ਨੂੰ

ਬੰਸਰੀ ਵਜਾਉਣਾ ਮਨ੍ਹਾਂ ਹੈ
ਤੂੰ ਆਉਣਾ ਚਾਹੇਂ ਤਾਂ ਆ ਸਕਦਾ ਏਂ
ਹਾਦਸਿਆਂ ਵਰਗੇ ਮਨੁੱਖਾਂ ਦੇ
ਰੂਬਰੂ ਹੋ ਕੇ
ਅੱਗ ਦੀਆਂ ਲਪਟਾਂ 'ਚੋਂ ਨਹਾ ਕੇ
ਪਹੁੰਚ ਸਕਦਾ ਏਂ ਦੁਮੇਲ ਕੋਲ
ਬਹਿ ਸਕਦਾ ਏਂ ਸਤਰੰਗੀ ਪੀਂਘ 'ਤੇ
ਓਥੇ ਬੈਠੀ ਮੈਂ ਤੇਰਾ ਇੰਤਜ਼ਾਰ ਹਾਂ ਕਰ ਰਹੀ
ਜਦ ਨੀਰੋ ਦੀ ਬੰਸਰੀ ਦਾ
ਸ਼ੋਰ ਨਹੀਂ ਹੋਵੇਗਾ
ਤਦ ਸਾਡੇ ਸਾਥ ਦੀ ਅੱਗ ਦੇ ਸੇਕ 'ਚ
ਅਰਮਾਨਾਂ ਦੀਆਂ ਸੁਰਾਂ 'ਚ
ਕੋਇਲ ਦੇ ਗੀਤ ਮਚਲਣਗੇ
ਸਾਡੀ ਸਿਆਣ ਗੀਤ ਗਾਵੇਗੀ
ਪਰ ਜੇ ਤੂੰ ਕਹੇਂ—
ਤੂੰ ਟੂਰਿਸਟ ਬਣ ਕੇ ਆਉਣਾ ਚਾਹੁੰਦਾ ਏਂ
ਲਾਵੇ ਨਾਲ ਨਹਾਤੀ ਇਸ ਮਿੱਟੀ ਦੀ ਸੈਰ ਕਰਨ
ਸਰਹੱਦ ਤੇ ਲਿਖੀ ਇਬਾਰਤ ਪਹਿਲਾਂ
ਪੜ੍ਹ ਲਵੀਂ।



## ਮੌਕਾ-ਇ-ਵਾਰਦਾਤ

ਹਰਫ ਸੁੱਚਾ ਇਸ਼ਕ ਦਾ
ਸਾਗਰ ਨੂੰ ਗਵਾਹ ਕਰਕੇ
ਯਾਦਾਂ ਦੀਆਂ ਸਿੱਪੀਆਂ ਸੰਗ
ਰੇਤਲੇ ਕੰਢੇ 'ਤੇ ਲਿਖਿਆ
ਤੂੰ ਆਇਆ
ਤੱਕਿਆ ਤੇ ਆਖਿਆ
ਕੀ ਵਾਹ ਰਹੀ ਏਂ :
'ਚੀਚੋ ਚੀਚ ਗਨੇਰੀਆਂ'
ਮੁਹੱਬਤ ਲਫ਼ਜ਼ ਹੇਠਾਂ
ਦਸਤਖ਼ਤ ਕਰਦੀ ਆਖਿਆ :
ਤੂੰ ਬਹਿ ਤਾਂ ਸਹੀ
ਪਾ ਸਹੀ ਇਸ ਰੇਤਲੇ ਕੰਢੇ ਲਿਖੀ

ਇਬਾਰਤ ਹੇਠਾਂ
ਪਰ ਤੂੰ ਰਿਹਾ ਉਲਝਿਆ
ਸਾਗਰ-ਲਹਿਰਾਂ ਵਿਚ
ਹਵਾ ਦਾ ਬੁਲਾ ਆਇਆ
ਉਸ ਛਿਣ
ਸਭ ਕੁਝ ਉਡਾ ਕੇ ਲੈ ਗਿਆ
ਪ੍ਰੀਤ ਦਾ ਮਹਿਲ ਢਹਿ ਗਿਆ
ਅਥਾਹ ਸਾਗਰ ਜੁ ਸ਼ਾਹਦ ਸੀ
ਮੌਕਾ-ਇ-ਵਾਰਦਾਤ ਦਾ
ਬੇਬਸ ਵਗਦਾ ਰਿਹਾ
ਤੂੰ ਬੇਲੌਸ ਖੜਾ ਹੱਸਦਾ ਰਿਹਾ
ਮੈਂ ਸਾਗਰ ਦੀ ਬੇਬਸੀ 'ਚ
ਸ਼ਾਮਲ ਹੋ ਗਈ।



## ਹੁੰਮਸ

ਜੋ ਜੀਅ ਕਰਦੈ
ਇਸ ਕਮਰੇ ਵਿਚੋਂ ਲੈ ਲਵੋ ਤੇ
ਇਸਨੂੰ ਖਾਲੀ ਕਰ ਦਿਉ
ਜਾਓ ਤਾਂ ਮਿਹਰਬਾਨੀ ਹੋਵੇਗੀ ਤੁਹਾਡੀ
ਇਸ ਕਮਰੇ ਦਾ ਬੂਹਾ ਭੀੜ ਜਾਣਾ
ਮਰ ਸਕਾਂ ਖ਼ਾਮੋਸ਼ ਮੈਂ
ਇਸ ਹੁੰਮਸ ਭਰੇ ਕਮਰੇ 'ਚ
ਸਾਹ ਘੁਟਕੇ।

## ਬੋਸਨੀਆ

ਮੁਕਤ ਕਰੋ ਮੈਨੂੰ
ਮੇਰੇ ਅੰਦਰ ਤੜਪ ਰਿਹਾ 'ਬੋਸਨੀਆ'
ਪੁਕਾਰ ਰਿਹਾ ਏ
ਮੈਨੂੰ ਮੈਥੋਂ ਵੱਖ ਨਾ ਕਰੋ
ਮੇਰੀ ਹੋਂਦ ਕੋਲੋਂ
ਮੇਰੇ ਅਹਿਸਾਸਾਂ
ਜਜ਼ਬਿਆਂ
ਮੇਰੀ ਜ਼ਿਮੀ
ਉਹਦੀਆਂ ਲੋੜਾਂ ਤੇ ਥੋੜਾਂ ਕੋਲੋਂ
ਨਾ ਮਾਰੋ ਮੈਨੂੰ
ਨਾ ਜਲਾਓ ਮੈਨੂੰ
ਮੇਰੀ ਹਯਾਤ ਦਾ ਸੇਕ—
ਵਾਪਸ ਕਰੋ
ਯੁੱਧ ਲਈ ਵਰਤੀਂਦੇ ਬੰਬਾਂ ਦੀ ਅੱਗ
ਵਾਪਸ ਲਵੋ....



## ਸ਼ਰੀਂਹ

ਲਫ਼ਜ਼ਾਂ ਨੇ ਤੇਲ ਚੋਇਆ
ਜ਼ਿੰਦਗੀ ਦੇ ਬੂਹੇ—ਉਹਨਾਂ ਨੂੰ
ਮਾਅਨੇ ਅਗਲਵਾਂਡੀ ਮਿਲਣਗੇ
ਸ਼ਗਨਾਂ ਦਾ ਗਾਨਾ ਲੈ ਕੇ
ਰੁੱਤ ਦੀ ਕਲਾਈ ਬੰਨ੍ਹਣਗੇ
ਰਿਤੂ ਮੌਲੇਗੀ
ਦਿਲ ਖੋਲ੍ਹੇਗੀ
ਕੀ ਬੋਲੇਗੀ
ਕੌਣ ਆਏਗਾ
ਕਦ ਆਏਗਾ
ਚਾਨਣ ਮਹਿਕ ਬਣ ਜਾਏਗਾ
ਸਭ ਹੀ ਆਪਣਾ-ਨਹੀਂ ਹੋਏਗਾ
ਕੋਈ ਪਰਾਇਆ
ਨਾ ਹਮਸਾਇਆ
ਨਾ ਹਸਦ-ਨਾ ਰਕੀਬ
ਟੁੱਟ ਜਾਏਗੀ—ਸਲੀਬ
ਪੋਟਿਆਂ 'ਚੋਂ ਕਿੱਲ ਨਿਕਲਣਗੇ
ਦਿਲ ਮਿਲਣਗੇ—ਲਹੂ ਖੌਲਣਗੇ
ਜਿਸਮਾਂ ਦੀ ਪਵਿੱਤਰਤਾ—
ਹੋ ਜਾਏਗੀ ਭੰਗ
ਲਫ਼ਜ਼ਾਂ ਨੂੰ ਨਵੇਂ ਅਰਥ ਮਿਲਣਗੇ
ਜ਼ਿੰਦਗੀ ਦੇ ਬਰੂੰਹੀਂ-ਸ਼ਰੀਂਹ ਬੱਝਣਗੇ।

## ਸ਼ਾਹਕਾਰ

ਬਰਫ਼ ਦੀਆਂ ਕੰਧਾਂ
ਮੇਰੇ ਦਵਾਲੇ
ਉੱਗ ਆਈਆਂ
ਦਿਨ-ਬ-ਦਿਨ ਪੱਕੀਆਂ ਤੇ ਮਜ਼ਬੂਤ ਹੋ ਕੇ
ਵਧ ਰਹੀਆਂ
ਮੈਂ ਇਹਨਾਂ ਦੀ ਕੈਦ ਵਿਚ ਘਿਰੀ
ਗਲੇਸ਼ੀਅਰ ਬਣ ਰਹੀ
ਮੇਰਾ ਵਜੂਦ—
ਬਰਫ਼ ਦੇ ਪੁਤਲੇ ਵਿਚ
ਗਿਆ ਤਰਾਸ਼ਿਆ
ਮੇਰੇ ਜਜ਼ਬੇ-ਭਾਵਨਾਵਾਂ
ਚਾਅ ਤੇ ਸ਼ਿੱਦਤ
ਹਉਕੇ-ਅੱਥਰੂ ਤੇ



ਰੋਹ
ਅਨੋਖੇ ਅੰਗ ਬਣ ਗਏ
ਇਸ ਪੁਤਲੇ ਦੇ
ਇਹਦੇ ਵਜੂਦ ਵਿਚ—
ਜੰਮ ਗਏ
ਜਮ੍ਹਾਂ ਹੋ ਗਈ
ਲੋਕਾਂ ਦੀ ਭੀੜ
ਇਸ ਅਲੋਕਾਰ ਕ੍ਰਿਤ ਨੂੰ ਵੇਖਣ ਲਈ
ਇਸ ਸ਼ਾਹਕਾਰ ਦੇ ਬੁੱਤ-ਤਰਾਸ਼ ਨੂੰ ਮਿਲਣ ਲਈ
ਬਰਫ਼ ਦੇ ਇਸ ਪੁਤਲੇ ਦੀ
ਬੁੱਤ-ਤਰਾਸ਼ ਹੈ ਮੇਰੀ ਜ਼ਿੰਦਗੀ
ਦੱਸਣਾ ਹਾਂ ਚਾਹੁੰਦੀ (ਪਰ)
ਮੇਰੀ ਆਵਾਜ਼-ਮੇਰੇ ਗਲੇ ਵਿਚ
ਸੀਤ ਹੋ ਕੇ—ਜੰਮ ਗਈ।

## ਤਾਂਡਵ-ਨਾਚ

ਸ਼ਿਵ ਨੇ ਤਾਂਡਵ-ਨਾਚ ਨੱਚਿਆ
ਸੱਪਾਂ ਦਾ ਜ਼ਹਿਰ ਉਹਦੇ ਅੰਦਰ
ਘੁਲਿਆ
ਵਿਸ਼ ਉਹਦੇ ਲਹੂ 'ਚ ਹਰ ਪਲ
ਘੋਲਿਆ
ਅਜਗਰ ਨਾਗ ਉਹਦੇ ਮੱਥੇ 'ਚ
ਲੜਿਆ
ਸ਼ਿਵ ਦਾ ਤੀਜਾ ਨੇਤਰ
ਖੁਲ੍ਹਿਆ
ਫਰੇਬ-ਕੁਫ਼ਰ ਤੇ ਦੁਸ਼ਟ ਨੂੰ
ਉਸ ਲੁੱਡੀ ਪਾਉਂਦੇ ਤੱਕਿਆ, ਫਿਰ
ਤਾਂਡਵ-ਨਾਚ ਨੱਚਿਆ
ਸਭ ਕੁਝ ਝੁਕਿਆ-ਟੁਟਿਆ ਮੁਕਿਆ
ਸ੍ਰਿਸ਼ਟੀ ਦੀ ਨਵ-ਸਿਰਜਣਾ ਹੋਈ
ਸ਼ਿਵ ਨੇ ਤਾਂਡਵ-ਨਾਚ ਨੱਚਿਆ।



## ਨਾਗਮਣੀ

ਮੇਰੀਆਂ ਸੋਚਾਂ ਨੂੰ
ਗ੍ਰਹਿਣ ਨਹੀਂ ਲਗ ਸਕਦਾ
ਮੇਰੇ ਕੋਲ ਬੁੱਧੀ ਦੀ
ਕੁਸ਼ਾ ਹੈ
ਇਸ ਕੁਸ਼ਾ ਦੇ ਤਿਨਕੇ
ਜ਼ਿੰਦਗੀ ਦੇ ਮਾਰੂਥਲ
ਵਿਚ ਉੱਗੇ
ਸਰਕੜਿਆਂ 'ਚੋਂ ਲੰਘਦਿਆਂ
'ਕੱਠੇ ਕੀਤੇ
ਸਰਕੜੇ!
ਜੁ ਧਾਅ ਕੇ ਮਿਲੇ
ਰਿਸ਼ਤੇਦਾਰਾਂ ਵਾਂਗ
ਦੋਸਤਾਂ ਵਾਂਗ
ਮਹਿਬੂਬ ਤੇ
ਰਕੀਬ ਵਾਂਗ
ਚਿਹਰੇ 'ਤੇ ਜਲਾਉ
ਮੁਹੱਬਤ ਦਾ
ਦਿਲ ਵਿਚ ਬੇਯਕੀਨੀ ਤੇ

ਕੁਫ਼ਰ ਲੈ ਕੇ।
ਸਰਕੜਿਆਂ ਤੇ ਖਿੜੇ
ਫੁੱਲਾਂ 'ਚੋਂ
ਚਾਵਾਂ ਦੀ ਖ਼ੁਸ਼ਬੂ
ਕਦੀ ਨਹੀਂ ਆਉਂਦੀ
ਸਰਕੜਿਆਂ ਦੇ ਜੰਗਲ 'ਚੋਂ
ਮੁਹੱਬਤ ਦੀ ਕੁਸ਼ਾ ਲਭਦਿਆਂ
ਮੇਰੇ ਹੱਥ
ਮੇਰੇ ਪੈਰ
ਮੇਰਾ ਜਿਸਮ
ਮੇਰੀ ਰੂਹ
ਪੱਛੇ ਗਏ ਸਭ
ਜ਼ਿੰਦਗੀ ਨੇ ਤਦ
ਮਹਿਬੂਬ ਵਰਗੀ ਮਾਸੂਮ
ਰਕੀਬ ਵਰਗੀ ਬੇਗਾਨਗੀ ਤੇ
ਕਮੀਨਗੀ ਭਰੀ
ਅਦਾ ਨਾਲ
ਕੁਝ ਤਿਨਕੇ ਮੇਰੇ
ਹੱਥ ਫੜਾਏ
ਜ਼ਿੰਦਗੀ ਦੇ ਹੱਥਾਂ 'ਚੋਂ
ਕੁਸ਼ਾ ਦੇ ਤਿਨਕੇ



ਹੱਕ ਦੀ ਕਮਾਈ ਵਾਂਗ
ਫੜਦਿਆਂ
ਸਪਰਸ਼ ਹੋਇਆ
ਉਹਦੇ ਹੱਥ ਕੋਮਲ ਨਹੀਂ
ਖਰ੍ਹਵੇ ਹਨ—ਤਾਂ
ਮੈਂ ਆਪਣੇ ਹੱਥਾਂ ਨੂੰ
ਮਹਿਸੂਸ ਕਰਨ ਲੱਗੀ (ਤੇ)
ਕੁਸ਼ਾ ਨੂੰ
ਪਿਆਰ
ਜਜ਼ਬਿਆਂ ਤੇ
ਇਤਬਾਰ ਦੀ
ਮਹੀਨ ਮਲਮਲ ਵਿਚ
ਲਪੇਟ ਕੇ
ਆਪਣੀਆਂ ਸੋਚਾਂ ਦੇ
ਸੰਦਲੀ ਬਕਸ 'ਚ
ਰੱਖ ਲਿਆ
ਜਿਥੇ ਬੁੱਧੀ ਦੇ ਨਾਗ
ਕੁਸ਼ਾ ਦੀ ਰਖਿਆ ਲਈ
ਪਹਿਰਾ ਦੇਂਦੇ ਹਨ
ਹਰ ਵੇਲੇ।

## ਲਾਡਲੀਆਂ ਅੱਖਾਂ

ਮੈਥੋਂ ਤਾਂ ਵਿਸਰ ਗਏ
ਸਾਰੇ ਸ਼ੀਰੀਂ ਲਮਹੇ
ਵਰਤਮਾਨ ਦੀ ਪਥਰੀਲੀ ਜ਼ਮੀਨ 'ਤੇ
ਡਿਗ ਕੇ ਟੁੱਟ ਗਏ
ਸਾਰੇ ਸੁਪਨੇ
ਬਿਖਰੀਆਂ ਟੁੱਟੀਆਂ
ਸੁਪਨਿਆਂ ਦੀਆਂ ਚਿੱਪਰਾਂ
ਚੁਕਦੀ ਤੇ ਝੋਲੀ ਪਾਉਂਦੀ
ਅੱਖਾਂ ਨਾਲ ਲਾਉਂਦੀ
ਹੋਠਾਂ ਨਾਲ ਚੁੰਮਦੀ
ਦਿਲ ਨੂੰ ਮਨਾਉਂਦੀ
ਵੇਖਦੀ
ਮੇਰੇ ਹੱਥਾਂ ਦੇ
ਤੀਹ ਪੋਟੇ ਜ਼ਖ਼ਮੀ—
ਮਹੀਨੇ ਦੇ ਹਰ ਦਿਨ ਵਾਂਗ;
ਦਿਲ ਦੀਆਂ ਦੋਹਾਂ ਲਾਡਲੀਆਂ—
ਅੱਖਾਂ ਵਿਚ ਉੱਗ ਪਏ
ਲਾਲ ਲਾਲ ਜ਼ਖ਼ਮ ਤੇ
ਤੀਸਰਾ ਨੇਤਰ ਬਣ ਗਿਆ
ਨਾਸੂਰ।



## ਅਭਿਮਨਯੂ

ਹਰ ਵਕਤ ਹਰ ਜਗ੍ਹਾ
ਦੀਵਾਰਾਂ ਮੇਰੇ ਸੰਗ
ਤੁਰਦੀਆਂ
ਦੀਵਾਰਾਂ ਜੁ ਮੇਰੇ ਅੰਦਰ
ਉੱਗੀਆਂ
ਕਿੱਕਰ ਵਾਂਗ ਜਿਹਨਾਂ ਦੀਆਂ ਸੂਲਾਂ
ਤਿੱਖੀਆਂ
ਦੀਵਾਰਾਂ ਜੁ ਮੇਰੇ ਦਵਾਲੇ
ਉਸਰੀਆਂ
ਕਿਲੇ ਦੀਆਂ ਫਸੀਲਾਂ ਵਾਂਗ
ਜਿਹਨਾਂ ਦੀਆਂ ਉਚਾਈਆਂ
ਅਣਮਿਥੀਆਂ
ਦੀਵਾਰਾਂ ਦਿਆਂ ਝਰੋਖਿਆਂ 'ਚ ਬੈਠੇ
ਸੰਸਕ੍ਰਿਤੀ ਦੇ ਸਿਪਾਹੀਆਂ
ਵਰਜਿਤ-ਲਫ਼ਜ਼ਾਂ ਦੀਆਂ ਬੰਦੂਕਾਂ—
ਮੇਰੇ ਵਜੂਦ ਵੱਲ
ਤਣੀਆਂ

ਲਫ਼ਜ਼ਾਂ ਤੇ ਦੀਵਾਰਾਂ ਦੇ
ਚਕਰਵਿਊ ਵਿਚ ਮੈਂ
ਘਿਰ ਗਈ
ਵਾਂਗ ਅਭਿਮਨਯੂ
ਇਹਨਾਂ ਵਿਚੋਂ ਨਿਕਲਣ ਦੀਆਂ
ਸਬੀਲਾਂ ਮੈਂ
ਭੁਲ ਗਈ (ਕਿ)
ਮਾਂ ਮੇਰੀ ਸਦੀਆਂ ਤੋਂ
ਸੁਤੀ ਰਹੀ
ਤਦ ਵੀ ਸੁਤੀ ਸੀ ਜਦ
ਉਹਦੀ ਕੁੱਖ ਵਿਚ ਮੈਂ
ਸਾਂ ਪਲ ਰਹੀ
ਅੱਜ ਮੈਂ ਹਾਂ ਗਰਭਵਤੀ
ਆਪਣੇ ਮਨ ਦੀ ਕੁੱਖ 'ਚ
ਬੀਜਿਐ ਚਾਨਣ ਦਾ ਟੁਕੜਾ
ਦਿਨਾਂ ਰਾਤਾਂ ਰੁੱਤਾਂ ਸੰਗ ਹਾਂ
ਜਾਗ ਰਹੀ—ਕਿ ਹੁਣ
ਨਹੀਂ ਜੰਮਣਾ ਮੈਂ
ਅਭਿਮਨਯੂ।



## ਸੋਚਾਂ ਦੀ ਸੂਲੀ

ਉਸ ਨਾਲ ਬੈੱਡ ਰੂਮ 'ਚ
ਇਕ ਹੀ ਬੈੱਡ 'ਤੇ ਲੇਟੀ
ਸਾਡੇ ਵਿਚਲੀ ਵਿੱਥ ਤਨਹਾ
ਅੱਜ ਸਾਜ਼ਿਸ਼ ਨਹੀਂ ਕਰ ਰਹੀ
ਬਸ ਖ਼ਾਮੋਸ਼ੀ ਤੇ ਸਨ੍ਹਾਟਾ
ਸਾਲਮ ਸਬੂਤ ਹੋਂਦ ਮੇਰੀ
ਹੰਭ ਗਈ ਤੇ ਅੰਬ ਗਈ
ਅੱਖਾਂ ਦੀ ਨਮੀ–
ਸੋਚਾਂ ਦੀ ਸੂਲੀ ਚੜ੍ਹ ਗਈ
ਵਜੂਦ ਮੇਰੇ ਤੇ ਰੂਹ ਵਿਚ
ਸਿਸਕਦੀ ਸੁਲਘਦੀ ਪੀੜ
ਚੁਪਚਾਪ ਹੈ ਮਰ ਗਈ
ਮੇਰੀ ਲਾਸ਼ ਗਲਵਕੜੀ ਪਾਈ ਮੇਰੇ ਸੰਗ
ਅਸ਼ਾਂਤ ਵਿਲਕਦੀ ਸੌਂ ਗਈ।

## ਲਿਬਾਸ

ਮੇਰੇ ਜ਼ਿਹਨ ਨੂੰ ਜਦ
ਉਸ ਧਨੁੱਖ ਤੇ ਚਾੜ੍ਹ ਕੇ ਪਿੰਜਿਆ
ਉਸ ਦੀਆਂ ਨਰਮ ਪੂਣੀਆਂ ਬਣਾ
ਤਨਜ਼ ਦੇ ਚਰਖੇ 'ਤੇ ਕੱਤਿਆ
ਸਖ਼ਤ ਗਲੋਟਿਆਂ ਦੇ ਧਾਗੇ ਨੂੰ
ਹੈਂਕੜ ਦੀਆਂ ਸੋਚਾਂ 'ਤੇ ਵੱਟਿਆ
ਗਲੋਟਿਆਂ ਸੰਗ ਉੱਧੜਦੀ ਜਾਂਦੀ
ਮੇਰੀ ਹੋਂਦ ਨੂੰ—
ਕਦੇ ਨਾ ਉਸ ਤੱਕਿਆ
ਸਗੋਂ ਇਸ ਪੱਕੇ ਧਾਗੇ ਨੂੰ
ਮੇਰੀਆਂ ਅੱਖਾਂ 'ਚੋਂ ਟਪਕਦੇ—
ਲਹੂ ਵਿਚ ਰੱਤਿਆ
ਆਪਣੀ ਮਰਦਾਨਗੀ ਦੀ ਖੱਡੀ 'ਤੇ
ਖ਼ੂਬ ਉਣਿਆ—ਖ਼ੂਬ ਕੱਸਿਆ
ਉਸ ਸੋਚਿਆ—
ਨਵਾਂ ਬਣਿਆ ਇਹ ਲਿਬਾਸ
ਉਹਦੇ ਤਨ 'ਤੇ
ਖ਼ੂਬ ਹੈ ਸੱਜਿਆ
ਪਰ ਨਾ ਉਸ ਤੱਕਿਆ
ਇਸ ਲਿਬਾਸ ਦੀਆਂ ਤੰਦਾਂ ਵਿਚੋਂ
ਮੇਰੀ ਹੋਂਦ ਮਨਫੀ ਸੀ
ਤਦ ਮੇਰੀ ਅਨ੍ਹਾ ਨੇ—
ਖ਼ੂਬ ਹੈ ਹੱਸਿਆ।



## ਠੰਡੀ ਜੰਗ

ਫਰੇਬ ਮਸਕੀਨ ਅੱਖਾਂ ਨਾਲ
ਤੱਕਦਾ ਏ—ਮੇਰੇ ਵੱਲ
ਕਰਦਾ ਏ ਦਿਲਜੋਈਆਂ
ਬੋਲਣਾ ਚਾਹੁੰਦਾ
ਰੋਮਾਂਸ ਦੀ ਬੋਲੀ
ਜਿਸਦੇ ਅਰਥ ਉਸ ਨਹੀਂ
ਸਮਝੇ ਕਦੀ
ਉਹ ਹਿਟਲਰੀ ਵਾਰ ਕਰਦਾ ਤਾਂ
ਮੈਂ ਸਹਿ ਲੈਂਦੀ
ਗੈਸ ਚੇਂਬਰ ਵਿਚ ਜਲਾ ਕੇ
ਮੁਕਾ ਦੇਂਦਾ
ਮੇਰੀ ਹਸਤੀ ਹੀ ਖਤਮ—
ਹੋ ਜਾਂਦੀ
ਉਹ ਤਾਂ ਲੜ ਰਿਹਾ
ਮੇਰੇ ਸੰਗ
ਠੰਡੀ ਜੰਗ
ਕਰਦਾ ਏ ਤਜੁਰਬੇ
ਸੁੱਟ ਰਿਹਾ ਏ ਬੰਬ
ਐਟਮੀ-ਸ਼ਬਦਾਂ ਦੇ—

ਮੇਰੀ ਜ਼ਿੰਦਗੀ ਦੇ ਠਹਿਰੇ
ਸਾਗਰ ਵਿਚ,
ਰਾਕਟ ਉਡਾਉਂਦਾ ਤੇ
ਮਿਜ਼ਾਈਲ ਭੇਜਦਾ
ਵਿੰਨ੍ਹਣ ਲਈ
ਮੇਰੇ ਵਜੂਦ ਨੂੰ,
ਗਾਹੁੰਦਾ ਏ—ਮੇਰੇ ਜਿਸਮ ਨੂੰ
ਹੰਕਾਰ ਦੇ ਭਾਰੇ ਬੂਟ ਪਾ ਕੇ
ਜਿਵੇਂ ਪੁਲਾੜ ਦੀ ਖੋਜ ਵਿਚ ਨਿਕਲਿਆ ਉਹ
ਯਾਤਰੀ ਹੋਵੇ
ਬੇਰਹਿਮੀ ਦੇ ਸੰਦਾਂ ਸੰਗ
ਪੁਟਦਾ
ਮੇਰੇ ਜਿਸਮ ਦੀ ਮਿੱਟੀ
ਪ੍ਰਾਪਤੀ ਦੇ ਮਾਣ ਨਾਲ ਭਰਿਆ
ਲੈ ਕੇ ਉਤਰਦਾ
ਮੇਰੇ ਜਜ਼ਬਿਆਂ ਦੀ ਸੁਆਹ
ਚੰਦ ਤੋਂ
ਉਹ ਮੇਰੇ ਤੇ ਹਿਟਲਰੀ ਵਾਰ ਕਰਦਾ ਤਾਂ
ਮੇਰੀ ਹਸਤੀ ਹੀ ਖਤਮ ਹੋ ਜਾਂਦੀ (ਪਰ)
ਉਹ ਨੁਮਾਇਸ਼ ਕਰ ਰਿਹਾ—
ਦੁਨੀਆਂ ਸਾਹਵੇਂ
ਮੇਰੇ ਜਿਸਮ ਤੋਂ ਪੁਟ ਕੇ ਲਿਆਂਦੀ
ਮਿੱਟੀ ਦੀ—ਕਿ
ਉਹ ਤਾਂ ਲੜ ਰਿਹਾ
ਮੇਰੇ ਸੰਗ—
ਠੰਡੀ ਜੰਗ।



## ਗੌਂਦੇ ਪੰਛੀ

ਕੁਝ ਸਾਲ ਪਹਿਲਾਂ ਜ਼ਿੰਦਗੀ
ਲਗਦੀ ਸੀ ਮੈਨੂੰ ਰੁੱਖ ਵਾਂਗ
ਜਿਸ 'ਤੇ ਗੌਂਦੇ ਪੰਛੀ ਆ ਬਹਿੰਦੇ
ਚਹਿਚਹਾਉਂਦੇ—ਫ਼ਿਜ਼ਾਂ ਵਿਚ ਸੰਗੀਤ ਭਰਦੇ
ਰੁੱਖ ਤੇ ਉਗਦੀਆਂ ਸਾਵੀਆਂ ਗੁਲਾਬੀ ਕਰੂੰਬਲਾਂ
ਮੈਂ ਤੱਕਦੀ
ਮਾਸੂਮ ਪੱਤੀਆਂ ਨੂੰ ਹਵਾ ਵਿਚ ਸ਼ਰਾਰਤ ਕਰਦਿਆਂ ਵੇਖ
ਖ਼ੁਸ਼ ਹੁੰਦੀ
ਰੁੱਖ ਦੀਆਂ ਟਾਹਣੀਆਂ ਤੇ ਮਹਿਕ ਭਿੱਜੇ
ਫੁੱਲ ਖਿੜਦੇ
ਖ਼ੁਸ਼ਬੂ ਉਹਨਾਂ ਦੀ ਰੋਮ ਰੋਮ ਵਿਚ
ਰਚ ਜਾਂਦੀ
ਰੂਹ ਨੂੰ ਅਫਜ਼ਾ ਕਰਦੀ
ਖ਼ੁਸ਼ਬੂ ਤੇ ਫੁੱਲ
ਹਵਾ ਤੇ ਪੱਤੀਆਂ
ਗੀਤ ਤੇ ਪੰਛੀ
ਸਾਵੀਆਂ ਗੁਲਾਬੀ ਕਰੂੰਬਲਾਂ
ਸਭੇ ਮਹਿਰਮ ਹਨ ਅੱਜ ਵੀ ਮੇਰੇ
ਹੁਣ ਜ਼ਿੰਦਗੀ ਦਾ ਉਹ ਰੁੱਖ ਕਿਥੇ ਉੱਗਿਆ?

# ਮਨ ਦੇ ਹੰਸ

ਸੁਪਨੇ ਤਾਂ ਸਾਰੇ ਸੌਂ ਗਏ
ਜੁ ਕਰਦੇ ਸਨ ਪਰਵਾਜ਼
ਕਲਪਨਾ ਦੇ ਖੰਭਾਂ 'ਤੇ
ਲੈ ਜਾਂਦੇ
ਰੁਮਾਂਸ ਦੀ ਨਗਰੀ
ਉਂਗਲੀ ਫੜਕੇ
ਜਿਥੇ ਮੁਹੱਬਤ ਰੌਸ਼ਨ ਹੁੰਦੀ
ਹੱਥਾਂ ਵਿਚ ਚਰਾਗ ਫੜੀ
ਜਿਥੇ ਬਲਦੇ
ਰੂਹਾਂ ਵਿਚ ਚਾਨਣ
ਜਿਥੇ ਉਡਦੇ
ਮਨ ਦੇ ਹੰਸ-ਬਹਿੰਦੇ
ਦਿਲ ਦੀ ਡਾਲੀ ਉਤੇ
ਗੌਂਦੇ ਗੀਤ-ਚਹਿਚਹਾਉਂਦੇ ਆਉਂਦੇ
ਮੇਰੇ ਮੀਤ
ਮੇਰੇ ਗਲ ਵਿਚ ਬਾਹਾਂ ਪਾ ਕੇ
ਕੰਨਾਂ ਵਿਚ ਸਰਗੋਸ਼ੀਆਂ ਕਰਦੇ
ਗਰਦਨ ਤੇ ਜੁੰਬਸ਼ ਭਰਦੇ
ਹੋਠਾਂ ਤੇ ਸੁਪਨੇ ਗੌਂਦੇ



ਦਿਲ ਵਿਚ ਜੁਗਨੂੰ ਜਗਦੇ
ਨਿੱਕੇ ਚਾਨਣ ਵਿਚ
ਮਾਹੀ ਨੂੰ ਤੱਕਦੇ-ਉਡਦੇ
ਉਹਦੇ ਦਵਾਲੇ ਭੌਂਦੇ
ਰੌਸ਼ਨੀਆਂ ਨਾਲ ਭਰਦੇ
ਹਰ ਛਿਣ ਹਰ ਪਲ
ਮਹਿਫਲ ਲਾਉਂਦੇ
ਤਾਰਿਆਂ ਦੀ
ਠੰਡੀ ਖ਼ੁਸ਼ਬੂ ਚਾਨਣੀ ਦੀ-
ਮਿੱਠੀ ਫੁਹਾਰ ਹੌਲੀ ਹੌਲੀ
ਝਰਦੀ-ਵਰਖਾ ਵਰ੍ਹਦੀ
ਕਦ ਸੌਂਦੀ-ਕਦ ਜਗਦੀ
ਪਤਾ ਨਾ ਦੇਂਦੀ
ਨਾ ਹਸਦੀ-ਨਾ ਰੋਂਦੀ
ਹਰ ਸੁਪਨਾ ਮੈਂ ਜੀਂਦੀ
ਸੁਪਨੇ ਕਿਥੇ ਗਏ
ਕਿਥੇ ਉਹ ਪਰਵਾਜ਼ ਕਰ ਗਏ
ਕਿਥੋਂ ਲੱਭਣ ਜਾਵਾਂ
ਖੰਭ ਫੈਲਾਵਾਂ
ਖੰਭ ਮੇਰੇ ਕਿਥੇ ਗਏ....?

## ਦਫਾ ਨਿਯਤ ਨਹੀਂ

ਲਾਲ ਬਾਜ਼ਾਰਾਂ ਨੂੰ ਤੁਸੀਂ
ਸ਼ਹਿਰ ਦੇ ਮੱਥੇ ਤੇ ਉਕਰਿਆ
ਬਦਨੁਮਾ ਧੱਬਾ ਆਖਦੇ
ਪਰ ਵਿਆਹ ਦੀ ਸਨਦ ਲੈ ਕੇ
'ਆਪਣੀ' ਔਰਤ ਨਾਲ ਤੁਸੀਂ
ਰਾਤ ਭਰ ਸੌਂ ਸਕਦੇ
ਉਹਦੇ ਅੰਗਾਂ ਨੂੰ
ਛੋਹ ਸਕਦੇ
ਟਟੋਲ ਤੇ ਮਧੋਲ ਸਕਦੇ
ਚਾਹੋ ਤਾਂ ਆਪਣੀ ਮਰਜ਼ੀ ਨਾਲ
ਔਰਤ ਦੇ ਜਿਸਮ 'ਤੇ
ਆਪਣੇ ਕਾਮ ਦਾ ਬਿਸਤਰ ਵਿਛਾ ਕੇ
ਨਿਸ਼ਾ ਹੋ ਸਕਦੇ
ਘਰ ਵਿਚ ਚਲਦੇ ਇਸ
ਚਕਲੇ ਦੇ
ਚਾਲਕ ਦੀ ਆਪ
ਖ਼ਰੀਦਾਰ ਵੀ ਆਪ
ਮਾਲਕ ਵੀ ਆਪ
ਇਸ ਚਕਲੇ ਅੰਦਰ ਜਾਣ ਲਈ
ਨਾ ਅੱਖ ਚੁਰਾਉਣੀ ਪੈਂਦੀ
ਨਾ ਨਜ਼ਰ ਨੀਵੀਂ ਕਰਨੀ



ਨਾ ਹੀ ਕਿਸੇ ਦੀ ਇਜਾਜ਼ਤ ਲੈਣੀ
ਨਾ ਹੀ ਕੋਈ ਮੁੱਲ ਤਾਰਨਾ ਪੈਂਦਾ
ਮਨ ਆਏ ਤਾਂ ਹਰ ਰਾਤ
ਔਰਤ ਨਾਲ ਮਰਦ-ਮੌਜ ਕਰ ਸਕਦੇ ਹੋ
ਫਿਰ ਘੁਰਾੜੇ ਮਾਰ ਕੇ
ਨਿਸਚਿੰਤ ਸੌਂ ਸਕਦੇ ਹੋ
ਅਜੇਹੇ ਚਕਲਿਆਂ ਨੂੰ
ਬੰਦ ਕਰਾਉਣ ਲਈ
ਦੁਨੀਆਂ ਦੀ ਕਿਸੇ ਕਚਹਿਰੀ 'ਚ
ਕੋਈ ਕਾਨੂੰਨ* ਨਹੀਂ
ਕਾਨੂੰਨ ਦੀ ਕਿਸੇ ਕਿਤਾਬ 'ਚ
ਇਸ ਜੁਰਮ ਨੂੰ ਰੋਕਣ ਲਈ
ਕੋਈ ਦਫਾ ਨਿਯਤ ਨਹੀਂ।

* ਕਾਨੂੰਨ ਚਾਹੇ ਹੁਣ ਬਣ ਰਹੇ ਹਨ ਪਰ ਔਰਤ ਦੀ ਮਨ ਦੀ ਪੀੜਾ ਨਾਲ ਸਬੰਧਤ ਇਸ ਜਟਿਲ ਮਸਲੇ ਨੂੰ ਸੁਲਝਾਉਣਾ ਕੀ ਵਾਜਬ ਹੋ ਸਕੇਗਾ ਜਦ ਕਿ ਉਸਦੀਆਂ ਹੋਰ ਸਮੱਸਿਆਵਾਂ ਨਾਲ ਸਬੰਧਤ ਕਾਨੂੰਨਾਂ ਰਾਹੀਂ ਇਨਸਾਫ਼ ਦੇਣ ਵੇਲੇ ਕਈ ਸਮਾਜਿਕ ਤੇ ਪ੍ਰੰਪਾਰਿਕ ਮੁਸ਼ਕਿਲਾਂ ਵਿਚ ਆ ਖਲੋਂਦੀਆਂ ਹਨ।

# ਦਰਦ ਦਾ ਹਾਸ਼ੀਆ

ਤੁਸੀਂ ਆਖਦੇ ਹੋ
ਇਸ ਵਿਸ਼ੇ 'ਤੇ ਹੋਰ ਨਾ ਲਿਖਾਂ
ਸੀਮਤ ਹੋ ਜਾਵਾਂਗੀ
'ਟਾਈਪਿਡ' ਖਿਆਲ ਹੀ
ਜੁਟਾ ਪਾਵਾਂਗੀ
ਕੀ ਕਰਾਂ ਮੈਂ ਉਸ
ਦਰਦ ਦਾ
ਜਿਸਦੇ ਹਾਸ਼ੀਏ ਵਿਚ ਜਕੜਿਆ
ਜਿਸਮ ਮੇਰਾ
ਖੌਰੇ ਕਿੰਨਾ ਕੁ ਵਿਲਕਿਆ
ਤੜਪਿਆ
ਵਲੂੰਧਰਿਆ ਗਿਆ
ਜ਼ਖ਼ਮੀ ਹੋਇਆ
ਟੋਟੇ ਟੋਟੇ ਹੋ ਕੇ ਡਿੱਗਿਆ
ਲਹੂ ਦੇ ਸਾਗਰ ਵਿਚ (ਕਿ)
ਮੇਰੇ ਦਿਲ ਦਾ ਲਹੂ ਸਾਰਾ
ਨੁੱਚੜ ਗਿਆ;
ਮੇਰੀ ਰੂਹ 'ਤੇ ਬਣ ਗਏ ਉਸ
ਨਾਸੂਰ ਦਾ
ਮੈਂ ਕੀ ਕਰਾਂ
ਜਿਸਨੂੰ ਪਾਲਣ ਲਈ ਰੋਜ਼ ਉਹ
ਵਿਰੋਧਾਂ ਰੋਹਬ ਤੇ ਰਵਾਇਤਾਂ—
ਦੀਆਂ ਸੀਖਾਂ



ਰੂਹ ਵਿਚ ਚੁਭੋਂਦਾ ਰਿਹਾ
ਜਿਹਦੀ ਹਰ ਤੱਕਣੀ ਨੇ
ਅਰਥ ਦੱਸਿਆ ਮੈਨੂੰ
ਔਰਤ ਹੋਣ ਦਾ
ਵਸਤ ਹੋਣ ਦਾ
ਗ਼ੁਲਾਮ ਹੋਣ ਦਾ,
ਬੇਹੋਂਦ ਹੋਣ ਦਾ
ਜਿਹਦੇ ਇੱਛਾ-ਨਾਗ
ਮੈਨੂੰ ਡੰਗਦੇ ਰਹੇ
ਉਹਦੀ ਇੱਛਾ ਨਾਲ
ਉਹਨਾਂ ਨਾਗਾਂ ਦੀ ਜ਼ਹਿਰ
ਮੇਰੇ ਵਜੂਦ ਵਿਚ
ਜੀਰ ਗਈ
ਜਿਸਮ ਦੀ ਹਰ ਰਗ ਵਿਚੋਂ
ਲੰਘਦੀ ਜ਼ਹਿਰ
ਉਸਨੂੰ ਚੀਰ ਗਈ
ਉਹਦੇ ਟੋਟੇ ਕਰ ਗਈ
ਦਿਲ ਦੇ ਲਹੂ ਵਿਚ
ਡੁੱਬੇ ਹੋਏ ਮੇਰੇ ਵਜੂਦ ਦੇ ਟੋਟੇ
ਉਛਲ ਰਹੇ
ਤੜਪ ਰਹੇ
ਆਪਣੀ
ਗਵਾਚ ਚੁੱਕੀ ਹੋਂਦ ਨੂੰ
ਲੱਭ ਰਹੇ।

## ਵਰਦਾਨ

ਉਸਨੂੰ ਫੈਸਲੇ ਕਰਨ ਦਾ
ਵਰਦਾਨ
ਮੇਰੇ ਕੰਨਾਂ ਨੂੰ
ਫੈਸਲੇ ਸੁਣਨ ਦਾ
ਫੁਰਮਾਨ
ਵਰਦਾਨ ਨੇ ਫੁਰਮਾਨ ਨੂੰ
ਆਖਿਆ
ਤੂੰ ਮੈਨੂੰ ਅੰਮ੍ਰਿਤ ਸਮਝ ਕੇ ਪੀ
ਸਰਾਪ ਹੰਢਾ ਕੇ ਜੀਅ
ਜ਼ਹਿਰ ਦਾ ਪਿਆਲਾ—
ਤੂੰ ਕਿਉਂ ਨਹੀਂ ਫੜਦੀ
ਮੀਰਾਂ ਵਰਗੀ 'ਸੰਤਣੀ'
ਸੁਕਰਾਤ ਵਰਗਾ 'ਫਿਲਾਸਫ਼ਰ'



ਪੀ ਗਏ ਸਨ ਚੁਪਚਾਪ
ਜ਼ਹਿਰ ਆਪਣੀ ਆਪਣੀ ਸਜ਼ਾ ਦਾ
ਤੂੰ ਤਾਂ ਦੀਵਾ ਵੀ ਨਹੀਂ ਉਹਨਾਂ ਸਾਹਮਣੇ
ਕਾਹਦਾ ਮਾਣ ਤੂੰ ਕਰਦੀ?
ਮੈਨੂੰ ਹਨੇਰਿਆਂ ਦਾ ਵਰਦਾਨ ਦਿਓ
ਮੇਰੇ ਪੁਰਖਿਓ!
ਉਹਨਾਂ ਵਿਚੋਂ ਮੈਂ ਚਾਨਣ ਬਣਕੇ
ਨਿਕਲਾਂ
ਆਪਣੇ ਜ਼ਹਿਰ ਦੇ ਪਿਆਲੇ
ਮੇਰੇ ਹੱਥੀਂ ਦਿਓ
ਪੀ ਕੇ ਇਹ ਜ਼ਹਿਰ
ਮੈਂ ਤੁਹਾਡੇ ਨਾਲ ਤੁਰ ਸਕਾਂ ਤੇ
ਜੀਅ ਸਕਾਂ।

## ਖੀਰ ਗੰਗਾ

ਮੈਂ ਤੋਂ ਤੂੰ ਦੀ ਪਛਾਣ ਕਰਦਿਆਂ
ਪਲ ਦਿਨ ਰਾਤਾਂ ਤੇ ਮਹੀਨੇ
ਬੀਤ ਗਏ—(ਫਿਰ)
ਮੈਂ ਤੋਂ ਤੂੰ ਦੀ ਖੋਜ ਕਰਦਿਆਂ
ਵਰ੍ਹਾ ਦਰ ਵਰ੍ਹਾ ਸਾਲ ਬੀਤ ਗਏ
ਇਹਨਾਂ ਛਿਣਾਂ ਘੰਟਿਆਂ ਤੇ
ਘੜੀ ਦੀਆਂ ਸੂਈਆਂ ਨਾਲ
ਤੁਰਦੀ ਉਮਰ ਦੇ ਉਹ
ਮਾਸੂਮ ਪਾਕੀਜ਼ਾ ਖ਼ਿਆਲ ਬੀਤ ਗਏ
ਜੁ ਸੋਚੇ ਸਨ ਕੇਵਲ—
ਤੇਰੇ ਲਈ
ਜੁ ਵਾਬਸਤਾ ਸਨ
ਤੇਰੀਆਂ ਅੱਖਾਂ ਦੀ ਗਹਿਰਾਈ
ਹੋਠਾਂ ਦੀ ਤਰਲਤਾ
ਚਿਹਰੇ ਦੀ ਚਮਕ
ਆਵਾਜ਼ ਦੀ ਖਨਕ



ਮੁਹੱਬਤ ਦੇ ਸ਼ੋਰ 'ਤੇ
ਇਸ਼ਕ ਦੇ ਪਹਿਲੂ ਵਿਚਲੀ
ਤਨਹਾਈ ਸੰਗ
ਜਦ ਸ਼ੋਰ ਹੁੰਦਾ ਪਰ
ਸੁਣੀਂਦਾ ਨਹੀਂ
ਜਦ ਕੰਠ ਵਿਚ
ਦਿਲ ਦਾ ਗੌਣ ਧੜਕਦਾ
ਜਦ ਗੀਤ ਰੁਮਕਦੇ—(ਪਰ)
ਹੋਂਠ ਖ਼ਾਮੋਸ਼ ਮੀਟੇ ਰਹਿੰਦੇ
ਜਵਾਰਭਾਟੇ ਦੀਆਂ ਲਹਿਰਾਂ
ਦੌੜਦੀਆਂ—ਬੇਆਵਾਜ਼
ਕੋਈ ਉਚਾਈ—ਕੋਈ ਨਿਵਾਣ—
ਕੋਈ ਗਹਿਰਾਈ
ਆਕਾਸ਼ ਧਰਤੀ ਤੇ ਫ਼ਾਸਲਾ
ਬੇਮਾਅਨਾ ਹੋ ਜਾਂਦਾ
ਉਸ ਪਲ
ਪਿਘਲ ਜਾਂਦੇ ਸਾਰੇ ਖਿਆਲ
ਸਾਰੀਆਂ ਸੋਚਾਂ

ਸਾਰੇ ਜਜ਼ਬੇ
ਹੋਂਦ ਬਣ ਜਾਂਦੀ ਫਿਰ ਖੀਰ ਗੰਗਾ
ਪਰਬਤਾਂ ਪਹਾੜਾਂ-ਉਚਾਈਆਂ ਨਿਵਾਣਾਂ
ਵਿਚ ਰਹਿੰਦੀ
ਗਾਉਂਦੀ ਪਾਉਂਦੀ ਸ਼ੋਰ
ਕਾਹਲੇ ਕਦਮੀਂ ਜਾਂਦੀ ਮਿਲਣ ਲਈ ਸ਼ਹੁ ਸਾਈਂ ਨੂੰ
ਸਾਗਰ ਦੀ ਗਹਿਰਾਈ ਵਿਚ ਮਿਟਦੀ ਖੀਰ ਗੰਗਾ
ਲਾਵੇ ਵਰਗੀ ਦਹਿਕਦੀ ਲਹਿਰ ਦੇ ਜ਼ੋਰ ਵਿਚ
ਕਿਨਾਰੇ ਤੇ ਆ ਡਿਗਦੀ
ਰੇਤ ਦਾ ਘਰ ਬਣਾਉਂਦੀ ਮੈਂ ਸਾਗਰ ਕੰਢੇ
ਉਹਨੂੰ ਮਿਲਦੀ
ਗਲ ਲਾਉਂਦੀ
ਉਹਦਾ ਮਕਬਰਾ ਬਣਾਉਂਦੀ
ਚਰਾਗ ਜਗਾਉਂਦੀ ਕਹਿੰਦੀ—
ਮੈਂ ਤੋਂ ਤੂੰ ਦੀ ਤਲਾਸ਼ ਜਾਰੀ ਰਹੀ
ਪਛਾਣ ਦੀ ਖੋਜ ਲੰਮੇ ਪੈਂਡੇ ਪਈ
ਥੱਕਹਾਰ ਕੇ ਟੁੱਟ ਗਈ ਤੇ
ਸਾਗਰ ਕੰਢੇ ਮਰ ਗਈ।



## ਕੁੰਭ

ਮੈਥੋਂ ਤਾਂ ਵਿਸਰ ਗਏ
ਸਾਰੇ ਹੀ ਸ਼ੀਰੀਂ ਲਮਹੇ
ਸਾਰੇ ਹੀ ਸੁਪਨੇ
ਜਿਹਨਾਂ ਸੁਣੇ ਸਨ
ਮੁਹੱਬਤ ਦੇ ਬੋਲ
ਉਸ ਨਖ਼ਲਿਸਤਾਨ ਵਿਚ ਹਵਾ ਚਲਦੀ
ਖ਼ਵਾਬਾਂ ਦੀ ਖ਼ੁਸ਼ਬੂਦਾਰ ਵਾਦੀ 'ਚੋਂ
ਲੰਘਦੀ
ਮੇਰੇ ਸਾਹਾਂ ਵਿਚ ਭਰਦੀ
ਮੇਰੀ ਹੋਂਦ ਨੂੰ ਲੜਦੀ
ਉਸ ਵਕਤ ਲਫ਼ਜ਼ਾਂ ਦੇ ਮਾਅਨਿਆਂ ਤੋਂ
ਬਦਗੁਮਾ-ਸੋਚਦੀ :
ਆਬਿ-ਹਯਾਤ ਬਣਕੇ
ਇਹ ਪ੍ਰੀਤ-ਅੰਮ੍ਰਿਤ
ਰਲ ਰਿਹਾ ਹੈ—ਮੇਰੇ ਵਜੂਦ ਵਿਚ
ਸੁਪਨਿਆਂ ਦਾ ਕਾਲਾ ਜਾਦੂ
ਸੋਨਾ ਸਾਗਰ ਬਣਕੇ
ਵਹਿ ਤੁਰਿਆ ਮੇਰੇ ਅੰਦਰ

ਆਲੇ ਦੁਆਲੇ ਸਭ ਕੁਝ ਜਗਦਾ
ਇਸ ਲੋਅ ਵਿਚ
ਪੀਲੀ ਬਹਾਰ ਖਿੜਦੀ ਤੇ ਹੱਸਦੀ
ਹਾਸਿਆਂ ਦਾ ਅੰਤਰਜਾਲ ਅਤੀਤ ਵਿਚੋਂ
ਜਨਮਿਆ
ਸੋਝੀ ਨੇ ਵਰਤਮਾਨ
ਸਿਰਜਿਆ
ਯਾਦਾਂ ਦੇ ਦਰਪਣ ਵਿਚੋਂ ਤੱਕਿਆ
ਨਖ਼ਲਿਸਤਾਨ ਦੇ ਬਾਗ ਵਿਚ ਰੱਖੇ
ਕੁੰਭ ਵਿਚ
ਮੁਹੱਬਤ ਦਾ ਅੰਮ੍ਰਿਤ ਨਹੀਂ
ਰਕੀਬ ਦਾ ਜ਼ਹਿਰ ਸੀ-ਜੁ
ਮੈਂ ਘੁਟ ਘੁਟ ਕਰਕੇ ਪੀਂਦੀ ਰਹੀ ਤੇ
ਜੀਂਦੀ ਰਹੀ
ਲੰਘ ਰਹੀ ਹਾਂ ਅੱਜ ਵੀ
ਜ਼ਿੰਦਗੀ ਦੀ ਫੁੱਲਾਂ ਲੱਦੀ—
ਵਾਦੀ ਵਿਚੋਂ
ਜਿਥੇ ਮਹਿਕੇ ਹਨ ਹਰ ਪਾਸੇ
ਕਾਲੇ ਗੁਲਾਬ
ਕਿਥੇ ਗਏ ਮੇਰੇ
ਚਿੱਟੇ ਗੁਲਾਬ....?



## ਕੰਨਿਆ ਕੁਮਾਰੀ

ਗੌਤਮ ਪਤੀ ਦੇ ਲਫ਼ਜ਼ਾਂ ਦੀ ਗਰਜਨਾ
ਅਹੱਲਿਆ ਦੇ ਕੰਨਾਂ ਵਿਚ ਪਈ
ਉਹ ਸਿਲਪੱਥਰ ਬਣ ਗਈ
ਸਮੇਂ ਨੇ ਆਖਿਆ—ਅਹੱਲਿਆ
ਸਦੀਆਂ ਦੇ ਬਦਲਣ ਪਿੱਛੋਂ
ਰਾਮ ਜੀ ਆਉਣਗੇ
ਉਹਦੇ ਜਿਸਮ ਨੂੰ ਖੈਰ ਛੁਹਾਉਣਗੇ
ਉਹ ਤੁਰਦਾ ਫਿਰਦਾ ਬੁੱਤ ਬਣ ਜਾਵੇਗੀ
ਅਹੱਲਿਆ ਨੇ ਸੁਣਿਆ
ਕੰਨਾਂ ਤੇ ਹੱਥ ਧਰ ਕੇ ਉਹ ਦੌੜ ਪਈ
ਕੰਨਿਆ ਕੁਮਾਰੀ ਦੇ ਸਾਗਰ ਵਿਚ ਡੁੱਬ ਮੋਈ
ਉਹੀ ਸਾਗਰ
ਜਿਸਦੇ ਕਿਨਾਰੇ ਖਲੋ ਕੇ ਲੋਕ
ਸੂਰਜ ਨੂੰ ਸਾਗਰ ਵਿਚ ਲਹਿੰਦਿਆਂ
ਰੋਜ਼ ਹਨ ਵੇਖਦੇ
ਅਲੌਕਿਕ ਦ੍ਰਿਸ਼ ਕਹਿ ਕੇ ਇਸਦਾ—
ਅਭਿਨੰਦਨ ਹਨ ਕਰਦੇ।

## ਆਦਤ

ਮੈਂ ਤੈਨੂੰ ਸਾਂ ਪਿਆਰ ਕਰਦੀ
ਫਿਰ ਤੂੰ ਮੇਰੀ ਆਦਤ ਬਣ ਗਿਆ
ਮੇਰੇ ਮਨ ਕਮਰੇ ਵਿਚ ਰਹਿੰਦਾ
ਮੇਰੇ ਤਨ ਦਾ ਵੀ ਮਾਲਕ
ਮੇਰਾ ਵਜੂਦ ਤੇਰੀ ਪਨਾਹ ਵਿਚ
ਪਨਾਹਗੀਰ ਨੂੰ ਜਦ ਕੋਈ ਚਾਹਵੇ
ਜਲਾਵਤਨ ਹੋਣ ਦਾ ਫ਼ੈਸਲਾ ਸੁਣਾ ਦੇਵੇ
ਇਸ ਫ਼ੈਸਲੇ ਤੇ ਨਜ਼ਰਸਾਨੀ ਕਰਨ ਲਈ
ਤੇਰੇ ਤੋਂ ਉੱਤੇ ਕੋਈ ਜੱਜ ਨਹੀਂ (ਤੇ)
ਨਾ ਹੈ ਮੇਰੀ ਪੁੱਜਤ
ਕੋਈ ਵਕੀਲ ਕਰਨ ਜਾਂ
ਅਪੀਲ ਕਰਨ ਦੀ
ਜਿਸ ਮੌਕੇ ਮੈਂ ਦਸ ਸਕਾਂ
ਮੇਰੇ ਪਿਆਰ ਜਾਂ ਮੇਰੀ ਆਦਤ ਦਾ
ਕੀ ਬਣੇਗਾ
ਮੈਨੂੰ ਮੇਰੇ ਹੀ ਮਕਾਨ ਵਿਚੋਂ
ਰੁਸਵਾ ਨਾ ਕਰ
ਤੇਰਾ ਫ਼ੈਸਲਾ ਆਖ਼ਰੀ
ਜਦ ਚਾਹੇਂ ਕਹਿ ਸਕਦਾ ਏਂ
"ਮੈਨੂੰ ਤੇਰੀ ਜ਼ਰੂਰਤ ਨਹੀਂ
ਜਿਧਰ ਨੂੰ ਰੁਖ ਕਰਨਾ ਈ
ਚਾ ਕਰ।"



## ਕਲਾਸਿਕ ਲਿੱਪੀ

ਇਕ ਵਾਅਦਾ ਮਨਭਾਉਂਦਿਆਂ
ਇਕ ਰਸਮ ਨਿਭਾਉਂਦਿਆਂ
ਧਰਤੀ ਉੱਤੇ ਰਹਿੰਦੀਆਂ ਉਹਨਾਂ ਸਭ ਔਰਤਾਂ ਦੇ
ਜਿਸਮਾਂ 'ਤੇ
ਉਹਨਾਂ ਦੇ ਮਰਦਾਂ ਨੇ ਅੰਕਿਤ ਕੀਤੇ
ਕਲਾਸਿਕ ਲਿੱਪੀ ਵਿਚ
ਸ਼ਿਲਾਲੇਖ
ਰੋਜ਼ ਉਹ ਪੜ੍ਹਦੀਆਂ,
ਔਰਤਾਂ ਜੁ ਵਾਲਾਂ ਦਾ ਹੁਸਨ ਛੁਪਾਉਂਦੀਆਂ
ਸੰਧੂਰੀ ਟਿੱਕੇ ਲਾਉਂਦੀਆਂ
ਮਾਂਗ ਭਰਦੀਆਂ ਜਾਂ
ਮੰਗਲ ਸੂਤਰ ਦੇ ਮੋਤੀ ਚੁੰਮਦੀਆਂ ਜਾਂ
ਸ਼ਾਦੀ ਦੀ ਮੁੰਦਰੀ

ਉਂਗਲੀ ਵਿਚ ਘੁੰਮਾਉਂਦੀਆਂ।
ਬੋਹੜ ਦੀ ਪੂਜਾ ਕਰਦੀਆਂ
ਪਤੀਵਰਤ ਵਚਨ ਪਾਲਣ ਦੀਆਂ ਤੰਦਾਂ
ਉਹਦੇ ਤਣਿਆਂ ਦਵਾਲੇ ਵਲਦੀਆਂ
ਘੁੰਮਦੀਆਂ-ਗਾਉਂਦੀਆਂ
ਅਵਾਗੌਣ ਦੇ ਚੱਕਰ ਵਿਚ
ਹਰ ਜਨਮ ਲਈ ਪਤੀ ਨੂੰ ਧਿਆਉਂਦੀਆਂ
ਪੂਜਾ ਦੇ ਥਾਲ ਲੈ ਕੇ
ਕਰਵਾਚੌਥ ਮਨਾਉਂਦੀਆਂ
ਆਪਣੀ ਉਮਰਾਂ ਦੇ ਦਾਨ ਕਰਕੇ
ਪਤੀ ਪਰਮੇਸ਼ਰ ਪਾਉਂਦੀਆਂ
ਦਾਸੀਆਂ ਬਣ ਕੇ ਖ਼ੁਸ਼
ਗੁਲਾਮੀ ਦਾ ਅਰਥ ਹੰਢਾਉਂਦੀਆਂ
ਕਰਵਾਚੌਥ ਮਨਾਉਂਦੀਆਂ।



## ਸੋਨੇ ਰੰਗੇ ਬਸਤਰ

ਉਸਨੇ ਕਦੋਂ ਦਾ ਮੈਨੂੰ
ਕਰ ਦਿੱਤਾ ਬੇਦਖ਼ਲ
ਮੁਹੱਬਤ ਦੀ ਭੋਏਂ ਵਿਚੋਂ
ਮੈਂ ਹੀ ਪੋਹਲੀ ਦਾ ਬੂਟਾ ਬਣਕੇ
ਮੁੜ ਮੁੜ ਉਗਦੀ ਰਹੀ
ਉਸ ਕਲਰੀ ਜ਼ਮੀਨ ਵਿਚ
ਉਡਣੇ ਸੱਪ ਮੇਰੇ ਮੱਥੇ ਨੂੰ ਡੰਗਦੇ
ਮੇਰੀ ਰੂਹ ਉਤੇ ਨੀਲੇ ਨਿਸ਼ਾਨ ਪੈਂਦੇ
ਮੇਰੇ ਜਿਸਮ ਵਿਚ ਤੁਰਦੇ ਲਹੂ ਵਿਚ ਜ਼ਹਿਰ ਘੁਲਦੀ
ਨੀਲੀ ਰੂਹ ਡੰਗਿਆ ਜਿਸਮ ਲੈ ਕੇ
ਜ਼ਿੰਦਗੀ ਨੂੰ ਗਲਵਕੜੀ ਪਾ ਕੇ ਮਿਲਦੀ
ਕੰਡਿਆਲੇ ਰਾਹਾਂ 'ਤੇ ਤੁਰਦਿਆਂ
ਪੋਹਲੀ ਦੇ ਸੋਨੇ ਰੰਗੇ ਬਸਤਰ ਪਹਿਨਦਿਆਂ
ਜਜ਼ਬੇ ਹਨ ਸੋਚੀਂ ਪਏ
ਸ਼ਿੱਦਤ ਹੈ ਹਾਰ ਗਈ (ਪਰ)
'ਮਾਲਕ' ਦੀ ਕੱਲਰੀ ਜ਼ਮੀਨ ਵਿਚ
ਅੱਜ ਵੀ ਮੈਂ ਉੱਗ ਰਹੀ
ਉਸ ਭੋਂ ਵਿਚ ਰਹਿਣ ਲਈ
ਬੇਦਖਲ ਕੀਤੇ ਮੁਜ਼ਾਰੇ ਵਾਂਗ
ਖਵਰੇ ਕਿਹੜੇ ਹੱਕ ਲਈ ਲੜ ਰਹੀ।

## ਖੰਭਾਂ ਦੇ ਰੰਗ

ਤੈਨੂੰ ਲੱਭਦੀ-ਬੜੀ ਦੂਰ ਤੁਰੀ ਤੇਰੇ ਸੰਗ
ਤੂੰ ਮੇਰੀ ਹੋਂਦ ਦਾ-ਸਬੂਤ ਹੈਂ—
ਮੈਂ ਇਹੀ ਸਮਝਦੀ ਸਾਂ
ਖੇਡਦੀ ਫੁੱਲਾਂ ਨਾਲ
ਮਹਿਕ ਸੰਗ ਉਡਦੀ
ਤਿਤਲੀਆਂ ਮੇਰੀਆਂ ਸਹੇਲੀਆਂ
ਪੰਛੀਆਂ ਦੇ ਗੀਤ ਸੁਣਦੀ
ਮੋਰ ਦੇ ਖੰਭਾਂ ਦੇ ਰੰਗ
ਰੁਮਾਂਸ ਭਰਦੇ ਮੇਰੇ ਅੰਦਰ
ਉਹਦੀਆਂ ਉਦਾਸ ਅੱਖਾਂ ਵਿਚੋਂ
ਪੜ੍ਹਦੀ ਸ਼ਬਦ ਮੁਹੱਬਤ ਦਾ
ਕਾਲੀ ਘਟਾ ਬਰਸਦੀ
ਬਿਜਲੀ ਅਸਮਾਨੇ ਬੱਦਲਾਂ ਸੰਗ
ਸਾਜ਼ਿਸ਼ ਕਰਦੀ
ਮੁਹੱਬਤ ਦਾ ਪੰਛੀ ਖੰਭ ਫੈਲਾਉਂਦਾ—
ਥਿਰਕਦਾ
ਪੈਲਾਂ ਪਾਉਂਦਾ
ਆਵੇਂਗਾ ਤੂੰ
ਨੱਚਦਾ ਗਾਉਂਦਾ ਤੇ
ਗਾਵੇਂਗਾ ਗੀਤ
ਮਨ ਦੇ ਚਾਅ ਦਾ
ਪਰ ਤੂੰ ਕਦੀ ਨਹੀਂ ਆਇਆ।



## ਮਿੱਟੀ ਵਿਚ ਰੁਲਦੇ ਅੰਗੂਰ

ਮੈਂ ਚਾਹਿਆ
ਜਦ ਪੈਂਡੇ ਪਵਾਂਗੇ
ਤੂੰ ਬਣ ਜਾਵੀਂ—
ਰੁੱਖ ਘਣਾ ਜਿਹਾ
ਮੈਂ ਬਣਾਂਗੀ—
ਅੰਗੂਰਾਂ ਦੀ ਵੇਲ
ਤੁਰਦੇ ਤੁਰਦੇ
ਸਾਹ ਲੈਣ ਲਈ
ਛਾਵੇਂ ਬਹਿਣ ਲਈ
ਸੁੱਖ ਮਾਨਣ ਲਈ
ਬੈਠਾਂਗੇ ਪਲ ਘੜੀ
ਰੁੱਖ ਦੀ ਛਾਵੇਂ—ਕੋਲੋ ਕੋਲ
ਭੁੱਖ ਲੱਗੀ—ਤਾਂ ਖਾਵਾਂਗੇ
ਕੂਲੇ ਪੱਤਿਆਂ ਵਾਲੀ ਵੇਲ-ਨਾਲੋਂ ਲਾਹ ਕੇ
ਮਿੱਠੇ ਅੰਗੂਰ
ਤੂੰ ਰੁੱਖ ਨਾ ਬਣ ਸਕਿਆ (ਪਰ)
ਵੇਲ ਨਾਲ ਲੱਗੇ
ਅੰਗੂਰਾਂ ਦੇ ਗੁੱਛੇ-ਪੱਕ ਗਏ
ਡਿਗ ਪਏ ਜ਼ਿੰਮੀ 'ਤੇ
ਰੁਲ ਗਏ ਮਿੱਟੀ 'ਚ
ਰੇਤ ਦੇ ਕਿਣਕਿਆਂ ਨਾਲ—ਅੱਟ ਗਏ।

## ਸ਼ਿਲਾਲੇਖ

ਜਿਹੜਾ ਸ਼ਿਲਾਲੇਖ ਤੂੰ ਲਿਖਿਆ
ਮੇਰੇ ਜਿਸਮ 'ਤੇ
ਇਕ ਵਾਅਦਾ ਮਨਾਉਂਦਿਆਂ
ਇਕ ਰਸਮ ਨਿਭਾਉਂਦਿਆਂ
ਉਹਦੇ ਹਰਫ਼ਾਂ ਤੇ ਰੋਜ਼ ਉਂਗਲੀ ਰੱਖਦਾ
ਕਹਿੰਦਾ ਮੈਨੂੰ
ਪੜ੍ਹ ਇਸਨੂੰ—ਹਿਫਜ਼ ਕਰ
ਰੋਜ਼ ਪੜ੍ਹਦਿਆਂ ਇਕੋ ਇਬਾਰਤ
ਸਾਰਾ ਸਬਕ
ਮੇਰੇ ਲਹੂ ਵਿਚ ਰਲ ਗਿਆ
ਮੇਰੀਆਂ ਨਾੜਾਂ—ਮੇਰੀਆਂ ਧਮਨੀਆਂ ਵਿਚ
ਚਲਦਾ ਲਹੂ
ਦਿਲ ਵਲ ਆਉਂਦਾ ਜਾਂਦਾ ਲਹੂ
ਦਿਮਾਗ ਵਲ ਚੜ੍ਹਦਾ ਲਹੂ (ਤੇ)
ਸ਼ਿਲਾਲੇਖ ਦੀ ਇਬਾਰਤ ਵਿਚ ਮੈਨੂੰ
ਨਾੜਾਂ ਦਾ ਜਾਲ ਵਿਛਿਆ—
ਨਜ਼ਰ ਆਉਂਦਾ
ਇਸ ਜਾਲ ਦੇ ਪਿੱਛੇ
ਮਾਂ ਮੇਰੀ ਕੈਦ ਸੀ
ਮਾਂ ਮੇਰੀ ਦੀ ਮਾਂ ਤੇ
ਉਹਦੀ ਮਾਂ......!



## ਸਵਾਲ

ਤਨਹਾਹੀ ਦੇ ਕੰਨਾਂ ਵਿਚ
ਜਦ ਖ਼ਾਮੋਸ਼ੀ ਕਰਦੀ ਹੈ ਸਰਗੋਸ਼ੀਆਂ ਤਾਂ
ਕਿਸ ਤਰ੍ਹਾਂ ਲਗਦਾ ਹੈ ?
ਮੁਹੱਬਤ ਦੇ ਸੰਗ ਜਦ ਲਿਪਟਦੀ ਹੈ ਬਿਰਹਾ ਤਾਂ
ਕਿਸ ਤਰ੍ਹਾਂ ਲਗਦਾ ਹੈ ?
ਵਕਤ ਦੇ ਪੁਲ ਤੋਂ ਜ਼ਿੰਦਗੀ ਗੁਜ਼ਰਦੀ ਹੈ ਦਨਦਨਾਉਂਦੀ ਤਾਂ
ਕਿਸ ਤਰ੍ਹਾਂ ਲਗਦਾ ਹੈ ?
ਸਾਗਰ ਦੇ ਸੀਨੇ 'ਚ ਜਦ ਮਚਲਦੀ ਹੈ ਅੱਗ ਤਾਂ
ਕਿਸ ਤਰ੍ਹਾਂ ਲਗਦਾ ਹੈ ?
ਹੋਠਾਂ ਦੇ ਪਿੱਛੇ ਜਦ ਬਲਦੀ ਹੈ ਲਫ਼ਜ਼ਾਂ ਦੀ ਹੋਲੀ ਤਾਂ
ਕਿਸ ਤਰ੍ਹਾਂ ਲਗਦਾ ਹੈ ?

## ਅਵਾਗੌਣ

"ਵਕਤ ਕਾਲ ਦੇ ਅਥਾਹ ਸਾਗਰ ਵਿਚ
ਡੁੱਬੀ ਨਹੀਂ ਅਜੇ ਮੈਂ
ਸਾਹ ਲੈਂਦੀ ਹਾਂ....?"
—ਮੇਰੀ ਪ੍ਰੇਤ ਪਈ ਮੈਨੂੰ ਪੁੱਛਦੀ।
ਮੇਰੇ ਖਿਆਲਾਂ ਦੇ ਪੈਰ ਪੁੱਠੇ ਲੱਗੇ
ਤੁਰਦੇ ਪਿੱਛੇ ਨੂੰ ਮੁੜ ਮੁੜ
ਮੈਂ ਆਖਦੀ
"ਅੱਗੇ ਵਲ ਤੁਰੋ ਵੇ ਤੁਸੀਂ ਭੋਲਿਓ
ਪ੍ਰੇਤ ਦੀ ਕਿਸਮਤ ਬਦਲੋ—"
ਜ਼ਿੰਦਗੀ ਦੇ ਅਵਾਗੌਣ ਵਿਚ
ਗਵਾਚੀ ਮੈਂ ਸਾਰੀ
ਮੈਂ ਕੌਣ.....
ਕਿਸ ਕੋਲੋਂ ਪੁੱਛਾਂ
ਕਿੱਥੋਂ ਲੱਭਾਂ—ਮੈਂ—ਮੈਂ ਕੌਣ?



## ਬਖ਼ਸ਼ੀਸ਼

ਮੇਰੀ ਹੋਂਦ ਕਤਲ ਹੋ ਗਈ
ਮੈਂ ਜ਼ਿੰਦਗੀ ਦੀ ਅਖ਼ਬਾਰ ਵਿਚ
ਇਸ਼ਤਿਹਾਰ ਦਿੱਤਾ :
ਜਿਹੜਾ ਮੇਰੀ ਹੋਂਦ ਦੇ—
ਕਾਤਲ ਨੂੰ ਪਕੜ ਲਿਆਏਗਾ
ਉਸਨੂੰ ਨੌਲੱਖਾ ਹਾਰ—
ਬਖ਼ਸ਼ੀਸ਼ ਵਿਚ ਦਿੱਤਾ ਜਾਵੇਗਾ
ਸਾਰੇ ਦੌੜ ਪਏ ਹਨ
ਕਾਤਲ ਨੂੰ ਪਕੜਨ ਲਈ
ਮੈਂ ਜਾਣਦੀ ਹਾਂ ਕੋਈ ਵੀ
ਕਾਤਲ ਨੂੰ ਲੱਭ ਨਹੀਂ ਪਾਏਗਾ ਕਿ
ਕਾਤਲ ਤਾਂ ਸਭੇ ਹਨ!

## ਇਨਾਮ

ਅਖ਼ਬਾਰ ਵਿਚ ਇਸ਼ਤਿਹਾਰ ਸੀ :
"ਮੈਂ" ਲਾਪਤਾ ਹਾਂ
ਜਿਹੜਾ ਮੈਨੂੰ ਲੱਭ ਲਿਆਏਗਾ
ਇਕ ਹਜ਼ਾਰ ਇਕ ਕਹਾਣੀਆਂ ਸੁਣਾਏਗਾ
ਉਹ
ਮੂੰਹ ਮੰਗਿਆ ਇਨਾਮ ਪਾਏਗਾ!



## ਮੁਹੱਬਤ ਦੇ ਜੁਗਨੂੰ

ਮੈਂ ਸੋਚਿਆ
ਕੁਝ ਵਖਰਾ ਹੋਵੇਂਗਾ ਤੂੰ
ਉਸ ਭੂਤਕਾਲ ਨਾਲੋਂ ਜੁ
ਮੇਰੀ ਮਾਂ ਨੇ ਹੰਢਾਇਆ
ਹਰ ਰੋਜ਼ ਗ਼ਮਾਂ ਦਾ ਭੋਜਨ ਖਾਧਾ
ਦੁੱਖਾਂ ਦਾ ਦਸਤਰਖ਼ਾਨ ਵਿਛਾ ਕੇ
ਮੁਹੱਬਤ ਕੀਤੀ ਮੈਂ ਤੈਨੂੰ
ਮਨ ਦੀ ਪੂਰੀ ਤਰਲਤਾ ਨਾਲ
ਉਡੀਕਿਆ ਤੈਨੂੰ
ਨੇਰ੍ਹਿਆਂ ਵਿਚ ਚਰਾਗ ਜਗਾ ਕੇ
ਤੇਰੇ ਫਰੇਬੀ ਸਾਹਾਂ ਵਿਚ
ਮੇਰੇ ਸਾਹ ਰਲਦੇ ਰਹੇ
ਭੁੱਲ ਗਈ ਸਾਂ ਮੈਂ
ਆਪਣਾ ਬਚਪਨ
ਆਪਣੀ ਮਾਂ ਦਾ ਕਮਰਾ
ਮਾਂ ਦੇ ਦਿਲ ਦਾ ਕੋਨਾ
ਜਿਥੇ ਨ੍ਹੇਰਾ ਹੁੰਦਾ ਸੀ ਹਰ ਵੇਲੇ
ਜਿਥੇ ਲੁਕ ਕੇ ਅੱਥਰੂ ਬਹਿੰਦੇ
ਪਨਾਹ ਲੈਂਦੇ
ਇਹਨਾਂ ਹੰਝੂਆਂ ਦੀ

ਹਲਕੀ ਜਿਹੀ ਆਵਾਜ਼ ਵੀ
ਕਿਸੇ ਵੀ ਕੰਨ ਨੂੰ
ਕਦੀ ਨਾ ਸੁਣਦੀ
ਜ਼ਿੰਦਗੀ ਦੇ ਸ਼ੋਰਗੁਲ ਵਿਚ
ਦਿਲ ਦੇ ਦੂਜੇ ਕੋਨਿਆਂ ਵਿਚ
ਆਪਣੇ ਬੱਚਿਆਂ ਦੀ—
ਮੁਹੱਬਤ ਦੇ ਜੁਗਨੂੰ ਲੁਕਾ ਕੇ
ਮਾਂ ਮੇਰੀ ਜੀਂਦੀ ਸੀ
ਜੀਂਦੀ ਕਾਹਦੀ
ਰੋਜ਼ ਟੁਟਦੀ ਸੀ
ਮੁਕਦੀ ਸੀ
ਮਾਂ ਮਰ ਗਈ ਤੇ
ਹੁਣ ਮੈਂ
ਟੁਟਦੀ ਹਾਂ—ਮੁਕਦੀ ਹਾਂ
ਜੀਂਦੀ ਹਾਂ
ਆਪਣੇ ਦਿਲ ਦੇ ਕੋਨੇ ਵਿਚ
ਆਪਣੇ ਬੱਚਿਆਂ ਦੀ ਮੁਹੱਬਤ ਦੇ
ਜੁਗਨੂੰ ਲੁਕਾ ਕੇ
ਉਹਨਾਂ ਦੀ ਨਿੱਕੀ ਰੌਸ਼ਨੀ 'ਚ ਹੱਸਦੀ
ਫਨਾਹ ਹੁੰਦੀ—
ਤਬਾਹ ਹੋ ਰਹੀ ਹਾਂ।



## ਨੇਮ-ਪਲੇਟ

ਨਵੇਂ ਸ਼ਹਿਰ ਕੀਤਾ ਕਿਆਮ
ਤੁਰੀ ਮੈਂ ਘਰ ਲੱਭਣ
ਰਾਹ ਵਿਚ ਆਇਆ
ਹੀਰ ਦਾ ਮਕਾਨ
ਦਸਤਕ ਦਿੱਤੀ
ਬੁੱਕਲ ਸਵਾਰਦੀ ਖੜੀ ਸੀ ਹੀਰ
ਬੂਹੇ ਵਿਚ
ਮੇਰਾ ਸਵਾਲ ਸੁਣ ਕੇ
ਉਂਗਲ ਕੀਤੀ ਉਸ ਦਰਵਾਜ਼ੇ ਦੇ ਬਾਹਰ ਲੱਗੀ
ਨੇਮ-ਪਲੇਟ ਵਲ
ਬੂਹਾ ਢੋਹ ਦਿਤਾ ਉਸ ਤਾਂ
ਵੇਖਿਆ
ਦਰਾਂ ਦੇ ਬਾਹਰ ਲਿਖਿਆ ਸੀ ਨੇਮ-ਪਲੇਟ 'ਤੇ
ਰਾਂਝੇ ਦਾ ਨਾਮ ਕੇਵਲ
ਅਗਲੀ ਗਲੀ ਮਿਲੇ
ਅਜਿਹੇ ਹੀ ਬਹੁਤ ਸਾਰੇ ਹੋਰ ਘਰ
ਹੋਰ ਦਰ
ਮਰਦ ਕੰਮਾਂ ਤੇ ਗਏ ਸਨ
ਔਰਤਾਂ ਨੇ ਦਰਵਾਜ਼ੇ ਖੋਲ੍ਹੇ
ਹੀਰ ਵਾਂਗ ਨੇਮ-ਪਲੇਟ ਵਲ ਇਸ਼ਾਰਾ ਕਰਕੇ
ਬੂਹੇ ਭੀੜ ਲਏ।

## ਦਸਤਕ

ਔਰਤ ਲੱਭਣ ਤੁਰੀ ਘਰ ਦਾ ਪਤਾ
ਹੀਰ ਸੋਹਣੀ ਸੱਸੀ ਤੋਂ ਉਸ ਪੁੱਛਿਆ
ਕਿਸੇ ਕੁਝ ਨਾ ਦੱਸਿਆ
ਫਿਰ ਉਹ ਗਈ
ਗਿਰਜੇ, ਮੰਦਿਰ, ਗੁਰਦਵਾਰੇ
ਓਥੋਂ ਅਸਮਾਨ ਵਿਚ ਰਹਿੰਦੇ ਰੱਬ ਦੇ
ਘਰ ਦਾ ਰਾਹ ਮਿਲਿਆ
ਪਰ ਧਰਤੀ ਉੱਤੇ ਰਹਿੰਦੀ ਔਰਤ ਦੇ
ਘਰ ਦਾ ਨਹੀਂ
ਅੱਗੇ ਆਏ ਸਰਕਾਰੀ ਦਫ਼ਤਰ ਵਿਚੋਂ
ਤਲਾਸ਼ ਕੀਤਾ
ਓਥੇ ਬੈਠੇ ਕਰਿੰਦਿਆਂ ਨੇ ਉਹਦੇ
ਜਿਸਮ ਤੇ
ਗਲਾਜ਼ਤ ਭਰੀਆਂ ਨਜ਼ਰਾਂ ਦੀ
ਇਬਾਰਤ ਲਿਖੀ ਤੇ
ਪਤਾ ਦਸਦਿਆਂ ਆਖਿਆ :



ਔਰਤ ਦੇ ਬਾਪ ਦਾ ਘਰ
ਉਹਦਾ ਹੀ ਘਰ
ਔਰਤ ਦੇ ਪਤੀ ਦਾ ਘਰ
ਉਹਦਾ ਹੀ ਘਰ
ਔਰਤ ਪਹੁੰਚੀ ਘਰ ਬਾਪ ਦੇ
ਮਕਾਨ ਨੂੰ ਟੁਕੜਿਆਂ ਤੇ ਕਮਰਿਆਂ
ਵਿਚ ਵੰਡ ਕੇ
ਬਾਪ ਦੇ ਪੁੱਤਰ ਰਹਿੰਦੇ ਸਨ
ਪਤੀ ਦੇ ਘਰ ਗਈ
ਦਸਤਕ ਦਿੱਤੀ
ਦਰਵਾਜ਼ਾ ਖੁੱਲ੍ਹਿਆ
ਉਹ ਅੰਦਰ ਲੰਘ ਗਈ
ਬੂਹਾ ਬੰਦ ਹੋਇਆ
ਕੰਮਾਂ ਕਾਰਾਂ ਦੇ ਸਿਲਸਿਲੇ 'ਚ
ਜਾਂਦਾ ਹੈ ਰੋਜ਼ ਮਰਦ ਬਾਹਰ
ਘਰ ਦੇ ਕੰਮਾਂ ਦੇ ਸਿਲਸਿਲੇ 'ਚ ਰੁਝੀ
ਰਹਿੰਦੀ ਔਰਤ ਅੰਦਰ—
ਆਪਣੇ ਘਰ-ਬੂਹੇ ਬੰਦ।

## ਦਹਿਲੀਜ਼ੋਂ ਬਾਹਰ

ਪਾਕ-ਹਕੀਕਤ ? ਬਣਕੇ ਰਹਿੰਦਾ ਹਾਜ਼ਰ
ਹਰ ਸਮੇਂ ਇਸ ਕਮਰੇ 'ਚ
ਤੇਰਾ ਵਜੂਦ—ਮੇਰਾ ਵਜੂਦ
ਜਿਸਮਾਂ ਦੀ ਬਾਤ ਪਾਉਂਦੇ ਅਸੀਂ
ਇਸ ਕਮਰੇ ਦੇ ਡਬਲ ਬੈੱਡ ਤੇ
ਜਦ ਜੁੜ ਕੇ ਸੌਂਦੇ ਅਸੀਂ
ਰੂਹਾਂ ਪਹਿਰਾ ਦੇਂਦੀਆਂ
ਕਮਰੇ ਦੀ ਦਹਿਲੀਜ਼ੋਂ ਬਾਹਰ ਖੜੀਆਂ—
ਸਾਡੇ ਦਰਦ ਦੇ ਅਹਿਸਾਸ ਦਾ,
ਮੇਰੀ ਪੀੜ ਦੀ ਹਯਾਤ ਦਾ।



## ਸਫ਼ਰ

ਬੈੱਡ ਦੀ ਚੁਰਮੁਰਾਹਟ ਨਾਲ
ਚੀਕਦੀ ਹੈ ਖ਼ਾਮੋਸ਼ੀ
ਰੋਂਦੀ ਹੈ ਮੁਹੱਬਤ
ਮੇਰੇ ਕੰਨਾਂ ਨੂੰ ਸੁਣਦਾ ਹੈ ਵਿਰਲਾਪ
ਰੂਹ ਦੇ ਕੁਰਲਾਉਣ ਦਾ ਪਰ
ਗੱਡੀ ਨੇ ਤਾਂ ਗੁਜ਼ਰਨਾ ਹੈ
ਗੁਜ਼ਰ ਜਾਂਦੀ ਹੈ
ਬੀਤ ਗਈ ਹਯਾਤ
ਗੁਜ਼ਰ ਚੁੱਕੀ ਰਾਤ—
ਮੁੜ ਕੇ ਨਹੀਂ ਆਉਂਦੀ
ਦੁਆ ਕਰਦੀ ਹਾਂ ਰੋਜ਼ ਹੀ
ਪਹੀਆਂ ਦੇ—ਸਾਬਤ ਸਬੂਤ ਰਹਿਣ ਦੀ।

## ਧੀਆਂ ਦੇ ਲੇਖ—ਹਰ ਦੇਸ

ਧੀਆਂ ਤਾਂ ਰੁਲੀਆਂ ਹਰ ਦੇਸ ਨੀ ਮਾਏ
ਧੀਆਂ ਨੇ ਕੈਸੇ ਲੇਖ ਲਿਖਾਏ।

ਜਦ ਧੀਅ ਸੀ ਮਾਂ ਦੀ ਕੁੱਖ ਵਿਚ
ਵੈਦਾਂ ਨਾਲ ਉਹਨਾਂ ਮਤੇ ਪਕਾਏ
ਮਾਰ ਦੇਣ ਦੇ ਫੰਧ ਬਣਾਏ
ਅੰਮੜੀ ਨੂੰ ਪੁੱਛਣ ਨਾ ਆਏ
ਧੀਆਂ ਨੇ ਕੈਸੇ ਲੇਖ ਲਿਖਾਏ।

ਧੀਅ ਜੰਮੀ ਲੈ ਸੁਨਿਹਰੀ ਕਾਇਆ
ਰੂਪ ਉਹਦਾ ਨਾ ਕਿਸੇ ਨੂੰ ਭਾਇਆ
ਸਰਕਾਰ ਚੀਨ[1] ਦਾ ਹੱਕ ਪਾਲਣ ਲਈ
ਬਾਬਲ ਧੀਅ ਨੂੰ ਮਾਰ ਮੁਕਾਏ
ਧੀਆਂ ਨੇ ਕੈਸੇ ਲੇਖ ਲਿਖਾਏ।

ਧੀਅ ਜੰਮੀ ਮਾਂ ਹੌਕਾ ਲਿਤਾ
ਕੰਬਦੇ ਹੱਥੀਂ ਪਿਆਰ ਚਾ ਦਿੱਤਾ
ਨਿੱਕੀ ਬੱਚੜੀ ਸੁੰਨਤਾਂ[2] ਕਰਕੇ
ਜਜ਼ਬਿਆਂ ਨੂੰ ਉਹਨਾਂ ਤਾਲੇ ਲਾਏ
ਧੀਆਂ ਨੇ ਕੈਸੇ ਲੇਖ ਲਿਖਾਏ।



ਧੀਅ ਜੰਮੀ ਚਾ ਘੜੇ 'ਚ ਪਾਈ
ਗੁੜ ਅਤੇ ਚੂਰੀ ਨਾਲ ਰਖਾਈ
ਦਮ ਘੁਟ ਕੇ ਮਰ ਜਾਵੀਂ ਬੱਚੀਏ
ਘੱਲੀਂ ਵੀਰ ਨਾ ਆਵੀਂ ਬੱਚੀਏ
ਸਮਾਂ ਪੁੱਠਾ ਅੱਜ ਗਿੜਦਾ ਜਾਏ
ਧੀਆਂ ਨੇ ਕੈਸੇ ਲੇਖ ਲਿਖਾਏ।

ਰੋਮ ਰੋਮ ਪਿਆ ਹੌਕੇ ਲੈਂਦਾ
ਕਲਮ ਲਿਖੇ ਦੁਖ ਉਤਨਾ ਰਹਿੰਦਾ
ਅੱਖਰਾਂ ਦੇ ਚਾਨਣ ਵਿਚ ਬੈਠੀ
ਨ੍ਹੇਰਾ ਗੂੜ੍ਹਾ ਹੁੰਦਾ ਜਾਏ
ਧੀਆਂ ਨੇ ਕੈਸੇ ਲੇਖ ਲਿਖਾਏ
ਧੀਆਂ ਤਾਂ ਰੁਲੀਆਂ ਹਰ ਦੇਸ ਨੀ ਮਾਏ।

1. (ਚੀਨ ਵਿਚ ਸਰਕਾਰ ਵੱਲੋਂ ਇਕ ਬੱਚਾ ਪੈਦਾ ਕਰਨ ਦੀ ਇਜਾਜ਼ਤ ਹੋਣ ਕਰਕੇ ਕਈ ਮਾਪਿਆਂ ਨੇ ਪੁੱਤਰ ਪੈਦਾ ਕਰਨ ਦੀ ਖਾਹਿਸ਼ ਵਿਚ ਪਹਿਲੀ ਧੀਅ ਪੈਦਾ ਹੋਣ 'ਤੇ ਮਾਰ ਦਿੱਤੀ ਜਾਂ ਰਾਹਾਂ ਵਿਚ ਰੁਲਣ ਲਈ ਸੁਟ ਦਿੱਤੀ।)
2. (ਅਫਰੀਕਾ ਵਿਚ ਮੁਸਲਿਮ ਕਬੀਲਿਆਂ ਦੀ ਰਵਾਇਤ, ਬੱਚੀਆਂ ਦੀਆਂ ਸੁੰਨਤਾਂ ਕੀਤੀਆਂ ਜਾਂਦੀਆਂ ਹਨ ਤਾਂ ਜੁ ਜਵਾਨ ਹੋਣ ਤੇ ਉਹ ਔਰਤਾਂ ਬਣਕੇ ਬੱਚੇ ਤਾਂ ਜੰਮ ਸਕਣ ਪਰ ਰੂਹ ਦੀ ਅਤੇ ਜਿਸਮ ਦੀ ਪੀੜ ਸਹਿੰਦਿਆਂ ਉਹਨਾਂ ਅੰਦਰਲੇ ਜਜ਼ਬੇ ਤੇ ਚਾਅ ਮਰ ਜਾਣ।)

# ਜ਼ਿੰਦਗੀ ਤੂੰ ਮੇਰੀ ਦੋਸਤ ਨਾ ਬਣ ਸਕੀ

ਜ਼ਿੰਦਗੀ ਤੂੰ ਮੇਰੀ ਦੋਸਤ ਨਾ ਬਣ ਸਕੀ
ਕਰਨੀ ਤੂੰ ਚਾਹੀ ਦੁਸ਼ਮਣੀ
ਉਹ ਵੀ ਨਾ ਕਰ ਸਕੀ
ਜ਼ਿੰਦਗੀ ਤੂੰ ਮੇਰੀ ਦੋਸਤ ਨਾ ਬਣ ਸਕੀ।

ਦਿਲ ਦਾ ਗੌਣ ਗੌਂਦਿਆਂ ਰਹੀ ਤੈਨੂੰ ਲੱਭਦੀ
ਤੂੰ ਲੁਕਣ ਮੀਟੀ ਖੇਡਦੀ ਦੁਹਾਈ ਰੱਬ ਦੀ
ਜਦ ਤੂੰ ਹੋਈ ਰੂਬਰੂ ਸ਼ਿਕਵਾ ਨਾ ਕਰ ਸਕੀ
ਜ਼ਿੰਦਗੀ ਤੂੰ ਮੇਰੀ ਦੋਸਤ ਨਾ ਬਣ ਸਕੀ।

ਤਨਹਾ ਗੁਜ਼ਰਿਆ ਦਿਨ ਤੇ ਤਨਹਾ ਹਰ ਰਾਤ ਨੀ
ਤਲੀਆਂ ਤੇ ਮਹਿੰਦੀ ਮਹਿਕਦੀ ਨਾ ਆਈ ਬਰਾਤ ਨੀ
ਯਾਦਾਂ ਨੇ ਬੁਕ ਬੁਕ ਰੋਂਦੀਆਂ ਦਿਲਬਰੀ ਨਾ ਕਰ ਸਕੀ
ਜ਼ਿੰਦਗੀ ਤੂੰ ਮੇਰੀ ਦੋਸਤ ਨਾ ਬਣ ਸਕੀ।



ਖੰਜਰ ਤੇਰੇ ਹੱਥ ਵਿਚ ਰਿਹਾ ਜ਼ਿਬਹ ਕਰਨ ਲਈ
ਤੂੰ ਹੀ ਰਕੀਬ ਬਣ ਗਈ ਜਿੰਦ ਟੋਟੇ ਕਰਨ ਲਈ
ਸਾਬਤ ਵਜੂਦ ਜਿਊਣ ਦੀ ਚਾਹ ਤੂੰ ਨਾ ਜਰ ਸਕੀ
ਜ਼ਿੰਦਗੀ ਤੂੰ ਮੇਰੀ ਦੋਸਤ ਨਾ ਬਣ ਸਕੀ।

ਚੁੱਪ ਦਾ ਪਹਿਰਾ ਹੋਠਾਂ ਤੇ ਹਰ ਸੁਪਨਾ ਸੌਂ ਗਿਆ
ਮਹਿਰਮ ਦਿਲ ਦਾ ਭਾਲਦਾ ਦਿਲ ਦੀਵਾਨਾ ਹੋ ਗਿਆ
ਵਸਲ ਦੇ ਲਮਹੇ ਜਦ ਆਏ ਘੜੀ ਪਲ ਨਾ ਜਰ ਸਕੀ
ਜ਼ਿੰਦਗੀ ਤੂੰ ਮੇਰੀ ਦੋਸਤ ਨਾ ਬਣ ਸਕੀ।

ਮਰਨਾ ਮੈਂ ਚਾਹਿਆ ਜਦ ਵੀ ਰਾਹ ਵਿਚ ਖਲੋ ਗਈ
ਆਸਾਂ ਦੇ ਨਰਮ ਸਾਹਾਂ ਵਿਚ ਹੌਕੇ ਪਰੋ ਗਈ
ਮੌਤ ਅਸਾਡੀ ਭੈੜੀਏ ਤੂੰ ਫਿਰ ਵੀ ਨਾ ਹਰ ਸਕੀ
ਜ਼ਿੰਦਗੀ ਤੂੰ ਮੇਰੀ ਦੋਸਤ ਨਾ ਬਣ ਸਕੀ।

## ਬੁੱਲ੍ਹੇ ਦੀਆਂ ਸੱਦਾਂ

ਮੈਂ ਲੱਭਿਆ ਆਪਣੇ ਆਪ ਨੂੰ
ਫਿਰ ਗਈ ਗਵਾਚੀ
ਪੱਤਰੀ ਮਨ ਦੀ ਫੋਲ ਕੇ
ਮੈਂ ਮੁੜ ਮੁੜ ਵਾਚੀ।

ਲਿਖਿਆ ਹਰਫ਼ ਸੀ ਦਰਦ ਦਾ
ਜਜ਼ਬੇ ਦੀ ਕਾਨੀ
ਡੋਬੇ ਭਰ ਕੇ ਲਹੂ 'ਚੋਂ
ਨਾਂਅ ਤੇਰੇ ਜਾਨੀ।

ਕਾਲਾ ਸੂਫ ਰੰਗਾ ਲਿਆ
ਮੈਂ ਮੁਰਸ਼ਦ ਲੱਭਾਂ
ਸੁਣੀਆਂ ਤੈਨੂੰ ਕਦੇ ਨਾ
ਬੁੱਲ੍ਹੇ ਦੀਆਂ ਸੱਦਾਂ।



ਕਾਇਆ ਸਾਡੀ ਖਾ ਗਏ
ਬਿਰਹਾ ਦੇ ਕਾਗ
ਨਾ ਘੱਲਿਆ ਸੰਦੇਸ਼ਾ ਓਸਨੇ
ਕੇਹੇ ਸਾਡੇ ਭਾਗ।

ਰੁੱਤਾਂ ਹੁਣ ਤਾਂ ਭੌਂ ਗਈਆਂ
ਸੂਰਜ ਵੀ ਛਿਪਿਆ
ਨ੍ਹੇਰੇ ਨੂੰ ਪਈ ਆਖਦੀ
ਮੈਂ ਦਿਲ ਦੀ ਵਿਥਿਆ।

ਹਯਾਤੀ ਸਾਰੀ ਗੁਜ਼ਰ ਚਲੀ
ਮੈਂ ਰਹੀ ਭੁਲੇਖੇ
ਇਸ਼ਕ ਅਰਥ ਸੀ ਸੱਚ ਦਾ
ਉਹ ਤੇਰੇ ਲੇਖੇ।

ਵਸਲ ਬਿਨਾਂ ਹੀ ਪੁੱਗ ਗਏ
ਸਾਡੇ ਸਾਹ ਨਿਥਾਵੇਂ
ਝੱਲੀ ਕਬਰ ਕਰੇਗੀ ਇੰਤਜ਼ਾਰ
ਤੂੰ ਕਦੀ ਤਾਂ ਆਵੇਂ।

## ਗੂੜ੍ਹਾ ਰੰਗ ਸਾਡੇ ਤਨ ਮਨ ਰਹਿੰਦਾ

ਸੱਜਣਾ ਵੇ ਸਾਡਾ ਦਿਲ ਕਰਦਾ
ਅਸੀਂ ਵਤਨੀ ਫੇਰਾ ਪਾਈਏ ਹੂ
ਦਿਲ ਵਿਚ ਉੱਠਣ ਰੋਜ਼ ਹੀ ਕਸਕਾਂ
ਕਿਥੋਂ ਵੈਦ ਬੁਲਾਈਏ ਹੂ।

ਪੀੜ ਦੇ ਸੱਜਣਾ ਦੋ ਹੀ ਰੰਗ
ਇਕ ਗੂੜ੍ਹਾ ਇਕ ਫਿਕਾ ਹੂ
ਗੂੜ੍ਹਾ ਰੰਗ ਸਾਡੇ ਤਨ ਮਨ ਰਹਿੰਦਾ
ਕਿਸਨੂੰ ਰਮਜ਼ ਬਤਾਈਏ ਹੂ।

ਅੱਖੀਆਂ ਵਿਚ ਪਏ ਹੰਝੂ ਡਲ੍ਹਕਣ
ਲੂੰ ਲੂੰ ਸਾਡੇ ਹੌਕੇ ਸਿਸਕਣ
ਹੋਂਠ ਸਾਡੇ ਨੇ ਬੰਦ ਦਰਵਾਜ਼ੇ
ਕਿਥੋਂ ਪੀੜ ਲੰਘਾਈਏ ਹੂ।

ਕਿਸ ਮਹਿਰਮ ਨੇ ਧੂਣੀ ਰਮਾਈ
ਦਿਲ ਦੇ ਬੂਹੇ ਅਲਖ ਜਗਾਈ
ਸੁਪਨੇ ਸਾਡੇ ਆਵੇ ਜਾਵੇ
ਕਿੰਜ ਉਹਨੂੰ ਪਾਸ ਬਿਠਾਈਏ ਹੂ।

ਸੱਜਣਾ ਵੇ ਸਾਡਾ ਦਿਲ ਕਰਦਾ
ਅਸੀਂ ਵਤਨੀ ਫੇਰਾ ਪਾਈਏ ਹੂ
ਜਿਥੇ ਮਨ ਵਿਚ ਧੁੱਪ ਹੈ ਚੜ੍ਹਦੀ
ਸੂਰਜ ਅੰਗ ਲਗਾਈਏ ਹੂ।



## ਦਰਦ ਬੁੱਕਾਂ ਵਿਚੋਂ ਕਿਰਦਾ

ਹਨੇਰਾ ਹੋਇਆ ਗੂੜ੍ਹਾ ਕੋਈ ਫਿੱਕਾ ਤਾਂ ਕਰੇ
ਦਿਲ ਸਾਡੇ ਤਾਈਂ ਕੋਈ ਖਿੱਚ ਜਿਹੀ ਪਵੇ।

ਮਹਿਬੂਬ ਦਾ ਮੈਂ ਥਹੁ ਲੱਭਾਂ ਜਿਥੇ ਮੇਰਾ ਘਰ ਏ
ਜਿੰਦ ਮੇਰੀ ਖਾਨਗਾਹ 'ਤੇ ਦੀਵਾ ਪਿਆ ਜਗੇ।

ਬੁੱਲ੍ਹੇ ਸ਼ਹੁ ਨੂੰ ਢੂੰਡਾਂ ਪਈ ਕਿਥੇ ਉਹ ਮਿਲੇ
ਦਰਦ ਬੁੱਕਾਂ ਵਿਚੋਂ ਕਿਰਦਾ ਡੀਕ ਤਾਂ ਲਵੇ।

ਪੀੜ ਸਾਥ ਛੱਡ ਦਿੱਤਾ ਨੰਗੀ ਖੜੀ ਰੂਹ ਵੇ
ਕੋਈ ਨਾਗ ਅੱਜ ਇਹਦੇ ਹੋਠਾਂ ਤੇ ਲੜੇ।

ਨੰਗੀ ਜੰਮੀ ਨੰਗੀ ਤੁਰਸਾਂ ਨੰਗੇ ਬੁੱਤ ਨਾਲ ਵੇ
ਕਫਨ ਦੀ ਉਡੀਕ ਨਹੀਓਂ ਪੈਂਡੇ ਨੇ ਬੜੇ।

## ਸ਼ਾਮ ਸੁੰਦਰ

ਸਈਓ ਨੀ ਅਸੀਂ ਸੱਜਣ ਅਨੋਖਾ ਪਾਇਆ
ਕਾਇਆ ਜਿਹਦੀ ਸ਼ਾਮ ਸੁੰਦਰ ਜਿਹੀ
ਦਿਲ ਭੋਲੇ ਨਾਥ ਦਾ ਪਾਇਆ
ਸਈਓ ਨੀ ਅਸੀਂ ਸੱਜਣ ਅਨੋਖਾ ਪਾਇਆ।

ਸਈਓ ਨੀ ਉਹ ਲੁਕਣ ਮੀਟੀ ਖੇਡੇ
ਨਖਰੇ ਕਰਦਾ ਦੂਰ ਹੈ ਨਸਦਾ
ਕਦੀ ਹੱਥ ਨਾ ਆਇਆ
ਸਈਓ ਨੀ ਅਸੀਂ ਸੱਜਣ ਅਨੋਖਾ ਪਾਇਆ।

ਸਈਓ ਨੀ ਅਸੀਂ ਲੱਭਿਆ ਹਰ ਇਕ ਗੋਸ਼ੇ
ਪ੍ਰੇਮ ਸੈਨਤਾਂ ਲੁਕ ਲੁਕ ਮਾਰੇ
ਰਹਿੰਦਾ ਬਣਕੇ ਸਾਇਆ
ਸਈਓ ਨੀ ਅਸੀਂ ਸੱਜਣ ਅਨੋਖਾ ਪਾਇਆ।

ਸਈਓ ਨੀ ਉਹ ਰਾਤੀਂ ਸੁਪਨੇ ਆਇਆ
ਦਿਲ ਦੀ ਘੁੰਡੀ ਖੋਲ੍ਹੀ ਉਸਨੇ
ਸਾਨੂੰ ਅੰਗ ਲਗਾਇਆ
ਸਈਓ ਨੀ ਅਸੀਂ ਸੱਜਣ ਅਨੋਖਾ ਪਾਇਆ।



## ਭੇਦ ਜਿਹਦੇ ਅਵੱਲੇ

ਮਾਏ ਨੀ ਅਸੀਂ ਕਿਹੜੇ ਦੇਸ ਚਲੇ
ਸਾਨੂੰ ਸੁਧ ਬੁਧ ਕਾਈ ਨਾ ਆਪਣੀ
ਲਗੇ ਰੋਗ ਅਵੱਲੇ
ਮਾਏ ਨੀ ਅਸੀਂ ਕਿਹੜੇ ਦੇਸ ਚਲੇ।

ਮਾਏ ਨੀ ਅਸੀਂ ਲੱਭਿਆ ਦਿਲ ਦਾ ਜਾਨੀ
ਦਿਲ ਦਾ ਕਾਬਾ ਲੁਟਿਆ ਉਸਨੇ
ਦਰਦ ਪਿਆ ਸਾਡੇ ਪਲੇ
ਮਾਏ ਨੀ ਅਸੀਂ ਕਿਹੜੇ ਦੇਸ ਚਲੇ।

ਮਾਏ ਨੀ ਸਾਡਾ ਰੁਸਿਆ ਸੋਹਣਾ ਰਾਂਝਣ
ਸਮਝੇ ਨਾ ਸਾਡੇ ਦੁਖ ਉਹ ਝੱਲਾ
ਭੇਦ ਜਿਹਦੇ ਅਵੱਲੇ
ਮਾਏ ਨੀ ਅਸੀਂ ਕਿਹੜੇ ਦੇਸ ਚਲੇ।

ਮਾਏ ਨੀ ਜੋਗੀ ਜੂਹਾਂ ਵਿਚ ਆਇਆ
ਚਲੀਏ ਨੀ ਸਹਿਤੀ ਉਹਦੇ ਡੇਰੇ
ਪਾਈਏ ਜੋਗ ਪਲੇ
ਮਾਏ ਨੀ ਅਸੀਂ ਕਿਹੜੇ ਦੇਸ ਚਲੇ।

ਮਾਏ ਨੀ ਅਸੀਂ ਉਸ ਦੇਸ ਚਲੇ
ਜਿਥੇ ਰਹਿੰਦਾ ਸਾਡਾ ਮਹਿਰਮ
ਕਰਦਾ ਚੋਜ ਅਵੱਲੇ
ਮਾਏ ਨੀ ਅਸੀਂ ਸੰਗ ਮਾਹੀ ਦੇ ਚਲੇ।

## ਕਸਬੀ

ਤੂੰ ਬੜਾ ਈ ਕਸਬੀ
ਫੜਾਈ ਸਾਨੂੰ ਵੇ ਤਸਬੀ
ਬਿਰਹਾ ਦੇ ਜਿਹਦੇ ਮਣਕੇ
ਗਿਣ ਗਿਣ ਕੇ ਮੈਂ ਥਕਦੀ।

ਤੂੰ ਭਰਮ ਭੁਲਾਵਾ ਪਾਇਆ
ਚੰਦਰਾ ਰੋਗ ਵੇ ਲਾਇਆ
ਦਿਲ ਸਾਡਾ ਹੋਇਆ ਪਰਾਇਆ
ਹੱਥੀਂ ਕੁਝ ਨਾ ਆਇਆ।

ਤੂੰ ਰਿਹਾ ਵਿਚ ਦਲੀਲਾਂ
ਨਾ ਕੀਤੀਆਂ ਕੋਈ ਸਬੀਲਾਂ
ਸਾਨੂੰ ਵਿਚ ਥਲਾਂ ਦੇ ਛਡਕੇ
ਖਵਰੇ ਕਿਧਰ ਧਾਇਆ।

ਅਸੀਂ ਚਾਵਾਂ ਦਾ ਤੰਦੂਰ ਤਪਾਇਆ
ਵਿਚ ਉਡੀਕਾਂ ਦਾ ਬਾਲਣ ਪਾਇਆ



ਇਸ਼ਕ ਦਾ ਮੰਨ ਪਕਾਇਆ
ਤੂੰ ਉਸਨੂੰ ਭੋਗ ਨਾ ਲਾਇਆ।

ਅਸੀਂ ਹੀਰ ਵੀ ਬਣ ਬਣ ਥੱਕੇ
ਖੇੜਿਆਂ ਨੂੰ ਮਾਰੇ ਧੱਕੇ
ਤੂੰ ਅੱਜ ਦੇ ਯੁੱਗ ਦਾ ਰਾਂਝਾ
ਨਾ ਕੰਨ ਪੜਵਾ ਕੇ ਆਇਆ।

ਅਸੀਂ ਕਾਲਾ ਸੂਫ ਰੰਗਾਇਆ
ਬੁੱਲ੍ਹੇ ਦਾ ਰੂਪ ਵਟਾਇਆ
ਤੂੰ ਕੈਸਾ ਪੀਰ ਅਨਾਇਤ ਵੇ
ਨਾ ਸਾਨੂੰ ਅੰਗ ਲਗਾਇਆ।

ਜਾ ਤੂੰ ਏਥੋਂ ਜਾ ਵੇ
ਤੈਨੂੰ ਦੇਣੀ ਨਾ ਅਸੀਂ ਪਨਾਹ ਵੇ
ਜਿੰਦ ਸਾਡੀ ਖਾਨਗਾਹ ਵੇ
ਤੂੰ ਏਥੇ ਨਾ ਦੀਵਾ ਜਗਾ ਵੇ।

## ਕੋਰਾ ਕਾਗ਼ਜ਼

ਕੁਝ ਗ਼ਮ ਤੇਰੇ ਕੁਝ ਗ਼ਮ ਮੇਰੇ
ਕੁਝ ਗ਼ਮ ਸਾਡੇ ਸਨ ਸੱਜਣਾ ਵੇ
ਆਸ ਨਿਰਾਸ ਦੇ ਚੱਕਰ ਵਿਚ
ਇਹ ਰਹੇ ਬੇਗਾਨੇ ਸੱਜਣਾ ਵੇ।

ਇਹਨਾਂ ਗ਼ਮਾਂ ਦੀ ਛਾਵੇਂ ਬਹਿ ਕੇ
ਪਲ ਪਲ ਉਮਰ ਬਿਤਾਈ
ਇਹਨਾਂ ਗ਼ਮਾਂ ਨੂੰ ਸੀਨੇ ਲਾ ਕੇ
ਵਕਤ ਦੀ ਰੀਝ ਪੁਗਾਈ।

ਖ਼ੁਸ਼ੀ ਗ਼ਮੀ ਦਾ ਭੇਤ ਮਿਟ ਗਿਆ
ਸਮਝ ਜਦ ਇਹ ਆਈ
ਹੀਰ ਰਾਂਝਾ ਆ ਪਾਉਣ ਗਵਾਹੀ
ਰਮਜ਼ ਹੈ ਸੱਦ ਲਿਆਈ।

ਕੋਰਾ ਕਾਗ਼ਜ਼ ਜਿੰਦ ਅਸਾਡੀ
ਹਰਫ਼ ਨਾ ਲਿਖਿਆ ਕਾਈ
ਢੂੰਡ ਥੱਕੀ ਇਹ ਦਿਲ ਦਾ ਮਹਿਰਮ
ਲੰਮੀ ਵਾਟ ਥਿਆਈ।



## ਮੌਸਮ–1

ਕਵਿਤਾ ਚੁਪ–ਚਾਪ ਗੁਜ਼ਰ ਰਹੀ ਸੀ
ਮੇਰੇ ਖ਼ਿਆਲਾਂ ਦੀ ਵਾਦੀ 'ਚੋਂ
ਮੂੰਹ ਫੇਰ ਕੇ
ਬੁਲਾਇਆ ਮੈਂ ਉਸਨੂੰ
ਅਣਮਨੀ ਆਈ ਤੇ ਪੀੜ ਬਣ ਕੇ ਵਸ ਗਈ
ਮੇਰੇ ਅੰਦਰ
ਦਰਦ ਦਾ ਅਹਿਸਾਸ ਹੰਢਾਉਂਦੀ
ਜੀਅ ਰਹੀ ਹਾਂ
ਕਵਿਤਾ ਦੇ ਹਰਫ਼ਾਂ 'ਚ ਭਰਿਆ ਜ਼ਹਿਰ
ਖ਼ਾਮੋਸ਼ ਪੀ ਰਹੀ ਹਾਂ।

—1995

## ਮੌਸਮ-2

ਕਵਿਤਾ ਵਾਂਗ ਸਿਗਰਟ ਧੁਖਦੀ
ਮੇਰੇ ਖਿਆਲਾਂ ਵਿਚ
ਉਹਨਾਂ ਨੂੰ ਧੂੰਆਂ ਕਰਦੀ
ਮੇਰੇ ਸਾਹਾਂ ਵਿਚ ਹੁੰਮਸ ਭਰਦੀ
ਮੇਰੇ ਲਹੂ ਵਿਚ ਰਚ ਗਈ
ਰੂਹ ਨੂੰ ਪੀਂਦੀ ਤੇ ਕਸ਼ ਲੈਂਦੀ
ਉਹ ਸਿਗਰਟ ਬਣ ਗਈ
ਇਸ ਨਵੇਂ ਬਰੈਂਡ ਦੀ ਸਿਗਰਟ
ਹੁਣ ਮੈਂ ਪੀਂਦੀ ਹਾਂ
ਪੀੜਾਂ ਦਾ ਲੁਤਫ ਲੈਂਦੀ
ਪਈ ਜੀਂਦੀ ਹਾਂ।

—1998



## ਰੇਸ਼ਮੀ ਤੰਦਾਂ

1.
ਤੇਰੇ ਨੈਣ
ਦੋ ਜਗਦੇ ਚਰਾਗ
ਮੇਰੇ ਅੰਦਰ ਰੌਸ਼ਨ
ਤੇਰੀ ਹੋਂਦ ਦੀ ਖ਼ੁਸ਼ਬੂ
ਮੇਰੇ ਵਜੂਦ ਵਿਚ
ਰਚ ਗਈ
ਤੇਰੇ ਮਾਸੂਮ ਬੋਲ
ਮੇਰੀ ਰੂਹ ਵਿਚ ਗਾਉਂਦੇ
ਮੈਂ ਵਸਦੀ
ਪਰ ਮਚਦੀ—
ਅੰਦਰੋਂ ਬਾਹਰੋਂ—
ਪਈ ਤੈਨੂੰ ਲਭਦੀ
ਤੂੰ ਮੇਰੇ ਅੰਦਰ
ਹੱਸਦੀ
ਫਿਰ ਭਾਲ ਕੇਹੀ
ਮੈਂ ਤੈਨੂੰ ਲਭਦੀ।

2.
ਮੇਰੇ ਦਿਲ ਵਿਚ ਤੂੰ
ਪ੍ਰੇਮ ਦੀਆਂ ਰੇਸ਼ਮੀ ਤੰਦਾਂ ਵਲ ਕੇ
ਝੂਲਾ ਪਾ ਲਿਆ
ਇਸ ਪੰਘੂੜੇ ਤੇ ਬੈਠੀ ਪਈ
ਝੂਟਦੀ ਏਂ
ਨਟਖਟ ਨੱਚਦੀ ਟੱਪਦੀ
ਹੱਸਦੀ ਤੇ
ਸਰਗੋਸ਼ੀਆਂ ਕਰਦੀ
ਕੁਝ ਨਾ ਦਸਦੀ
ਮੇਰੀ ਲਾਡੋ ਜ਼ੀਨਤ* ਝੱਲੀਏ ਨੀ!

* (ਸਾਡੀ ਲਾਡਲੀ ਬਿੱਲੀ ਜ਼ੀਨਤ 15 ਮਈ 1986 ਤੋਂ 6 ਨਵੰਬਰ 1995 ਵਾਸਤੇ ਜਿਸਦੇ ਪਿਆਰ ਵਿਚੋਂ ਪ੍ਰੇਮ ਹਰਫ਼ ਦੇ ਸੁੱਚੇ ਅਰਥ ਮਿਲੇ।



## ਮਾਂ

ਮੇਰੀ ਮਾਂ
ਪੀੜਾਂ ਦੇ ਮਾਰੂਥਲ ਵਿਚ
ਬਹੁਤ ਪੈਂਡਾ ਤੁਰੀ
ਜਿਥੇ ਦੂਰ ਤਕ
ਖ਼ਾਮੋਸ਼ੀ ਦੀ ਗੂੰਜ
ਸੁਣੀਂਦੀ ਸੀ।
ਮੇਰੀ ਮਾਂ
ਦੇ ਪੈਰਾਂ ਵਿਚ
ਜ਼ਿੰਦਗੀ ਰੇਤ ਬਣ ਕੇ
ਬਹੁਤ ਤਪੀ
ਉਹਦੇ ਪੈਰਾਂ ਦਿਆਂ
ਛਾਲਿਆਂ ਵਿਚੋਂ ਨਿਕਲਦੇ
ਹੌਕਿਆਂ ਦੀ ਆਵਾਜ਼
ਕੇਵਲ ਮੈਨੂੰ ਸੁਣੀ।
ਮੇਰੀ ਮਾਂ
ਦੀਆਂ ਅੱਖਾਂ ਦੇ
ਸਾਗਰ ਵਿਚੋਂ

ਉਹਦੇ ਦਿਲ 'ਚ
ਆਏ ਤੂਫ਼ਾਨ
ਉਹਦੇ ਟੋਟੇ-ਹੋਏ ਆਪੇ
ਉਹਦੇ ਗ਼ਮ
ਉਹਦੇ ਦਰਦ
ਚੀਖ਼ਾਂ ਤੇ ਬਰਬਾਦੀ
ਦੀ ਤਸਵੀਰ
ਕੇਵਲ ਮੈਂ ਵੇਖੀ।
ਮੇਰੀ ਮਾਂ
ਦੇ ਹੋਠ
ਹਮੇਸ਼ਾ ਕਿਉਂ ਰਹੇ ਸੀਤੇ
ਉਹਦਾ ਸਹਿਮ
ਉਹਦਾ ਰਹਿਮ
ਉਹਦਾ ਕਰਮ
ਪਾਕੀਜ਼ਾ ਸੀ
ਇਬਾਦਤ ਵਾਂਗ
ਫਿਰ ਵੀ ਖਵਰੇ ਕਿਉਂ
ਮੇਰੀ ਮਾਂ ਦੇ
ਮਨ-ਮੰਦਿਰ ਵਿਚ
ਉਹਦਾ ਆਪਾ
ਮਸੀਹਾ ਬਣ ਕੇ
ਰਿਹਾ ਲਟਕਿਆ
ਸੂਲੀ ਉੱਤੇ।



## ਮਾਂਦਰੀ

ਮੈਂ ਉਹ ਹੌਕਾ
ਆਪਣੀ ਮਾਂ ਦਾ
ਜਿਹੜਾ ਉਹਦੇ ਅੰਦਰ
ਬਲਿਆ
ਕਦੀ ਹੋਠੀਂ ਨਾ ਆਇਆ।
ਮੈਂ ਉਹ ਖ਼ਾਮੋਸ਼ੀ
ਆਪਣੀ ਮਾਂ ਦੀ
ਜੁ ਉਹਦੇ ਤਨ 'ਚ
ਰਮ ਗਈ
ਉਹਦੇ ਮਨ ਨੂੰ
ਡੰਗ ਗਈ
ਕੋਈ ਮਾਂਦਰੀ ਨਾ ਆਇਆ।
ਮੈਂ ਉਹ ਗੀਤ
ਆਪਣੀ ਮਾਂ ਦਾ
ਜਿਹੜਾ ਇਕੱਲਿਆਂ ਉਸਨੇ
ਚੁਪ ਚੁਪੀਤੇ ਗਾਇਆ
ਮੇਰੇ ਕੰਨਾਂ ਵਿਚ ਸੁਣਾਇਆ।
ਮੈਂ ਉਹ ਵਜੂਦ
ਆਪਣੀ ਮਾਂ ਦਾ
ਜਿਸਨੂੰ ਵਿਰਾਸਤ 'ਚ
ਮਿਲਿਆ
ਆਪਣੀ ਮਾਂ ਦੀਆਂ
ਪੀੜਾਂ ਦਾ ਸਰਮਾਇਆ।

## ਸਰਮਾਏਦਾਰ

ਮੇਰੀ ਮਾਂ
ਮੇਰੀ ਤੇਰੇ ਸੰਗ
ਸਾਂਝ ਹੈ ਲਹੂ ਦੀ
ਸਾਥ ਹੈ ਵਜੂਦ ਦਾ
ਤੇਰੀ ਪੀੜ
ਤੇਰੇ ਗ਼ਮ
ਤੇਰੇ ਦੁਖ
ਤੇਰੇ ਸਹਿਮ
ਤੇਰੇ ਹੌਂਕੇ
ਤੇਰੇ ਹੰਝੂ
ਤੇਰੀ ਚੀਖ਼ ਦੀ ਥੈਲੀ ਵਿਚ
ਖ਼ਾਮੋਸ਼ ਬੰਦ



ਤੇਰੀ ਜ਼ਿੰਦਗੀ ਦਾ ਸਰਮਾਇਆ
ਬਣ ਕੇ ਮੈਨੂੰ ਮਿਲੇ
ਇਹ ਮੇਰੇ ਤਨ
ਮੇਰੇ ਮਨ ਵਿਚ
ਸਮਾ ਗਏ
ਉੱਗ ਪਏ ਮੇਰੀ ਕਲਮ ਵਿਚ
ਮੇਰੇ ਲਫ਼ਜ਼ਾਂ ਵਿਚ
ਕੰਡਿਆਲੀਆਂ ਥੋਹਰਾਂ ਬਣ ਕੇ
ਕੰਡਿਆਂ ਦਾ ਸਪਰਸ਼ ਬਣਿਆ
ਮੇਰੀ ਰੂਹ ਮੇਰਾ ਜਿਸਮ
ਇਹ ਫਲ ਮੈਂ ਚੱਖਣਾ
ਤੈਨੂੰ ਆਪਣੇ ਅੰਦਰ ਰੱਖਣਾ
ਮੇਰੀ ਮਾਂ।

## ਮਾਂ ਅਸਾਂ ਦੀ

ਮਾਂ ਅਸਾਡੀ
ਇਕ ਰੁੱਖ ਜਿਹੀ
ਇਕ ਛਾਂ ਜਿਹੀ
ਜੁ ਮਾਂ ਅਸਾਂ ਦੀ।
ਮਾਂ ਦੀ ਛਾਵੇਂ ਬਹਿ ਕੇ
ਗੀਤ ਬਚਪਨ ਦਾ ਗਾਇਆ
ਕਿੱਕਲੀ ਪਾਈ
ਰੀਝਾਂ ਸੰਗ ਅਸਾਂ
ਲੁਕਣ ਮਿਚਾਈ ਖੇਡੀ।
ਵੀਰਾਂ ਭੈਣਾਂ
ਸਭਨਾਂ ਲਈ ਮਾਂ
ਸੁੱਖਣਾਂ ਸੁਖਦੀ
ਤੱਤੀ ਵਾਅ ਨਾ
ਸਾਡੇ ਬਾਲਪਨ ਨੂੰ
ਛੋਹ ਜਾਵੇ।
ਮਾਂ ਅਸਾਂ ਦੀ
ਇਕ ਰੁੱਖ ਜਿਹੀ
ਜਿਹਦੇ ਹੇਠਾਂ ਬਹਿ ਕੇ



ਸਾਰੇ ਚਾਅ ਹੰਢਾਏ
ਮਾਂ ਨੇ ਸ਼ਗੁਨ ਮਨਾਏ
ਵਾਰ ਵਾਰ ਕੇ ਮਿਰਚਾਂ
ਸਾਡੇ ਮੱਥੇ ਨਾਲ ਛੁਹਾਏ
ਦੂਰ ਬਲਾਈਂ ਰਹਿਣ ਅਸਾਂ ਤੋਂ
ਮਨ ਵਿਚ ਇਹ ਧਿਆਏ।
ਮਾਂ ਅਸਾਂ ਦੀ
ਜੁ ਥਾਂ ਅਜੇਹੀ
ਜਿਸ ਹੌਕੇ ਸਾਡੇ
ਦਰਦ ਅਸਾਡੇ
ਪੀੜਾਂ ਮਲੇ ਸਾਰੇ ਪੈਂਡੇ
ਆਪਣੇ ਪੈਰੀਂ ਲਾਏ
ਆਪਣੀ ਜਿੰਦ ਨੂੰ
ਕਸ਼ਕੌਲ ਬਣਾ ਕੇ
ਵਕਤ ਦੇ ਕੋਲੋਂ
ਸਾਡੇ ਲਈ ਸਾਰੇ ਸੁਖ
ਉਹ ਮੰਗ ਲਿਆਏ।
ਮਾਂ ਅਸਾਂ ਦੀ
ਇਕ ਛਾਂ ਜਿਹੀ
ਜੁ ਮਾਂ ਅਸਾਡੀ।

## ਦਰੋਪਦੀ ਤੋਂ ਦੁਰਗਾ





## ਦਰਦ ਸਾਡੇ ਕਰਜ਼ ਦਾ

ਮੈਨੂੰ ਜਾਪਦਾ ਹੈ ਕਿ ਮੈਂ ਤੇ ਮੇਰੀ ਕਲਮ ਵਕਤ ਦੀਆਂ ਕਰਜ਼ਦਾਰ ਹਾਂ, ਤੁਰਦੇ ਵਕਤ ਨਾਲ, ਜਿਹੜੇ ਪਲ ਜ਼ਿੰਦਗੀ ਦੇ ਤੁਰਦੇ ਹਨ— ਬੀਤਦੇ ਹਨ, ਉਹਨਾਂ ਪਲਾਂ ਵਿਚ ਹੰਢਾਇਆ ਦਰਦ ਹੀ ਸਾਡਾ ਕਰਜ਼ ਹੈ, ਜਦ ਸੁੰਨਸਾਨ ਚੁੱਪ ਦੇ ਪਹਿਰੇ ਵਿਚ ਬੈਠੀ ਹੁੰਦੀ ਹਾਂ, ਤਦ ਮੈਂ ਪੁੱਠੇ ਪੈਰੀਂ ਪਿਛਾਂਹ ਨੂੰ ਤੁਰਦੀ ਲਗਦੀ ਹਾਂ ਤੇ ਹਜ਼ਾਰਾਂ ਸਾਲ ਪਹਿਲਾਂ ਦੀ ਦਰੋਪਦੀ ਦਾ ਦਰਦ ਤੇ ਵਰਤਮਾਨ ਦਾ ਦਰਦ ਲਿਖ ਕੇ ਵੀ ਦਰਦ ਕਿਸੇ ਤਰ੍ਹਾਂ ਘਟਦਾ ਨਹੀਂ, ਨਜ਼ਮਾਂ ਦੇ ਸਿੱਕੇ ਤਾਰ ਕੇ ਵੀ ਇਹ ਸੂਦ-ਦਰ-ਸੂਦ ਵਧਦਾ ਹੀ ਜਾਂਦਾ ਹੈ। ਉਸ ਸਮੇਂ ਦਰਦ ਦੀ ਸ਼ਿੱਦਤ ਹੋਰ ਵੀ ਵਧ ਜਾਂਦੀ ਹੈ, ਜਦ ਇਸ ਧਰਤੀ ਤੇ ਕਿਸੇ ਸ਼ਹਿਜ਼ਾਦੀ ਨੂੰ 'ਮੁਹੱਬਤ' ਕਰਨ ਬਦਲੇ ਮੌਤ ਦਿਤੀ ਜਾਂਦੀ ਹੈ ਤਾਂ ਮੁਹੱਬਤ ਮੈਨੂੰ ਵਰਦਾਨ ਨਹੀਂ ਸਗੋਂ ਸ਼ੈਤਾਨ ਦੀ ਸੋਚ ਜਾਪਣ ਲੱਗ ਪੈਂਦੀ ਹੈ। ਮੈਂ ਆਪਣੇ ਹੋਂਠ ਆਪੇ ਹੀ ਕੱਟ ਲੈਂਦੀ ਹਾਂ ਤੇ ਦੁਖਦੇ ਹੋਠਾਂ ਵਿਚੋਂ ਜਦ ਬੇ-ਆਵਾਜ਼ ਹੌਕੇ ਨਿਕਲਦੇ ਹਨ ਤਾਂ ਉਸ ਪੀੜਾ ਵਿਚ ਵਤਨ ਦੀ ਯਾਦ ਦਾ ਦਰਦ ਵੀ ਰਲਿਆ ਹੋਇਆ ਹੁੰਦਾ ਹੈ। ਬੇਗਾਨੇ ਵਤਨ ਵਿਚ ਰਹਿ ਕੇ ਬੇਗਾਨੀਆਂ ਨਜ਼ਰਾਂ ਦੇ ਤੀਰ ਸਹਿ ਕੇ, ਆਪਣੀ ਜ਼ਬਾਨ, ਆਪਣਾ ਲਿਬਾਸ, ਆਪਣੀ ਸਭਿਅਤਾ ਸਭ ਕੁਝ ਆਪਣੇ ਹੱਥੀਂ ਕਤਲ ਕਰਕੇ ਜਿਊਣਾ ਹੁੰਦਾ ਹੈ। ਅਜਿਹੇ ਜਿਊਣ ਦਾ ਦਰਦ 'ਬੇਵਤਨ' ਨਜ਼ਮ ਲਿਖ ਕੇ ਵੀ 'ਸਵਾਲੀਆ ਨਿਸ਼ਾਨ' ਬਣਿਆ ਮੇਰੀਆਂ ਅੱਖਾਂ ਵਿਚ ਹੰਝੂ ਬਣ ਕੇ ਲਟਕਿਆ ਹੋਇਆ ਹੈ। ਜ਼ਿੰਦਗੀ ਵਿਚਲਾ ਸੱਚ ਸਾਰੇ 'ਫਾਸਲੇ' ਤਹਿ ਨਹੀਂ ਕਰ ਸਕਦਾ, 'ਲੁਕਣਮੀਟੀ' ਖੇਡਣ ਲਗਦਾ ਹੈ, 'ਜ਼ਿੰਦਗੀ 'ਸ਼ੋਪੌਪ' ਬਣ ਕੇ ਰਹਿ ਜਾਂਦੀ ਹੈ ਜਾਂ ਫਿਰ 'ਮਖੌਟਿਆਂ ਦਾ ਜਲੂਸ' ਬਣ ਕੇ ਬੀਤਣ ਲਗਦੀ ਹੈ। ਵਕਤ ਦੀ ਕਚਹਿਰੀ ਵਿਚ ਜਦ ਮੁਕੱਦਮਾ ਪੇਸ਼ ਹੁੰਦਾ ਹੈ ਤਾਂ ਫੈਸਲੇ ਲਈ 'ਅਗਲੀ ਤਰੀਕ', ਨਿਸ਼ਚਿਤ ਕਰ ਦਿੱਤੀ ਜਾਂਦੀ ਹੈ, ਕਾਰੀਗਰ ਹੱਥ ਇਸ ਬੇਈਮਾਨੀ ਨੂੰ ਨਾ ਸਹਾਰਦੇ ਹੋਏ ਕੁਫਰ ਨੂੰ ਹਮੇਸ਼ਾ ਵਾਸਤੇ ਕਬਰਸਤਾਨ ਵਿਚ ਦਫ਼ਨਾਉਣ ਲਈ 'ਕਬਰ' ਪੁੱਟਣ ਡਹਿ ਪੈਂਦੇ ਹਨ।

ਪਰ ਮਨ ਦੇ ਪੈਰਾਂ ਦਾ ਕੋਈ ਕੀ ਕਰੇ, ਜੋ ਲਗਾਤਾਰ ਜ਼ਿੰਦਗੀ ਦੀ ਕੁਫਰਾਂ ਭਰੀ ਪੁਰਸਲਾਤ 'ਤੇ ਚਲਦੇ ਰਹੇ ਹਨ, ਜਿਹਨਾਂ ਵਿਚ ਸੱਚ ਆਖਣ ਦੀਆਂ ਸੂਲਾਂ



ਲਗਾਤਾਰ ਚੁਭਦੀਆਂ ਰਹੀਆਂ ਹਨ, ਤੇ ਜ਼ਖ਼ਮੀ ਪੈਰ ਅਤੇ ਜ਼ਖ਼ਮੀ ਰੂਹ ਲੈ ਕੇ ਸਾਈਂ ਬੁੱਲ੍ਹੇ ਸ਼ਾਹ ਦੇ ਦਰਬਾਰ ਹਾਜ਼ਰ ਹੁੰਦੀ ਹਾਂ। ਉਸ ਤੋਂ ਜਦ ਸੱਚ ਤੇ ਕਾਇਮ ਰਹਿਣ ਦੀ ਚੁਟਕੀ ਮੰਗਦੀ ਹਾਂ। ਆਪ ਸੱਚ ਬਣ ਕੇ ਵੀ ਸੱਚ ਦੋਸਤ ਨਹੀਂ ਬਣਦਾ ਤਾਂ ਮਨ ਦੀ ਗੁਫ਼ਾ ਵਿਚ ਦਰੋਪਦੀ-ਰਾਜਨੀਤੀ-ਸੰਸਕ੍ਰਿਤੀ, ਇਨਸਾਨੀਅਤ-ਸਚਾਈ ਦੀ ਪੀੜਾ ਈਕੋ ਬਣ ਕੇ ਗੂੰਜਣ ਲੱਗਦੀ ਹੈ— ਤੇ ਇੰਜ ਇਸ ਕਿਤਾਬ ਵਿਚਲੀਆਂ ਨਜ਼ਮਾਂ ਲਿਖ ਕੇ ਵੀ ਮੇਰਾ ਦਰਦ ਆਬਾਦ ਹੈ।

**ਅਮਰ ਜਿਊਤੀ**

ਅਮਸਟਰਡਮ
30.10.1990

# ਮੁਹੱਬਤ

ਮੁਹੱਬਤ!
ਇਲਜ਼ਾਮ ਵਾਂਗਰ
ਸੁਲਘਦੀ ਹੈ
ਅੱਗ ਵਾਂਗਰ
ਮੱਚਦੀ ਹੈ
ਜ਼ਹਿਰ ਵਾਂਗਰ
ਲੜਦੀ ਹੈ।
ਮੁਹੱਬਤ!
ਕੋਰੇ ਕਾਗ਼ਜ਼ 'ਤੇ
ਲਿਖੇ ਗਏ
ਜ਼ਖ਼ਮ ਹਨ
ਈਸਾ ਦੇ
ਜਿਸਮ 'ਚ
ਠੋਕੇ ਗਏ
ਕਿੱਲ ਹਨ



ਚੰਬੇਲੀ ਦੀ
ਡਾਲ ਤੇ ਖੇਡਦੇ
ਨਾਗ ਹਨ।
ਮੁਹੱਬਤ !
ਹਾਦਸਿਆਂ ਦਾ
ਹਜੂਮ ਹੈ
ਸ਼ੈਤਾਨ ਦੀ
ਸੋਚ ਹੈ
ਸੂਲੀ ਦੀ
ਤਕਦੀਰ ਹੈ
ਚੌਰਾਹੇ 'ਚ
ਲਟਕਦੀ
*ਸ਼ਹਿਜ਼ਾਦੀ ਦੀ
ਲਾਸ਼ ਹੈ।

* ਅਰਬ ਸ਼ਹਿਜ਼ਾਦੀ ਜਿਸ ਨੂੰ ਮੁਹੱਬਤ ਕਰਨ ਬਦਲੇ ਸਾਲ 1978 ਵਿਚ ਮੌਤ ਦੀ ਸਜ਼ਾ ਮਿਲੀ।

## ਹਵਾ ਦੀ ਬੇਟੀ

ਮੈਂ ਹਵਾ ਦੀ ਬੇਟੀ ਹਾਂ
ਵਰਜਿਤ ਫਲ ਨੂੰ
ਚਖਣਾ ਹੈ।
ਮੈਂ ਦਾਨਵ ਹਾਂ
ਦੇਵਤਾ ਹਾਂ
ਸਾਗਰ ਨੂੰ
ਮਥਣਾ ਹੈ।
ਮੈਂ ਧਰਤੀ ਹਾਂ
ਖਿਲਾਅ ਹਾਂ
ਹਰ ਫਾਸਲਾ
ਨਾਪਣਾ ਹੈ।
ਮੈਂ ਪਰਬਤ ਹਾਂ
ਗੁਫ਼ਾ ਹਾਂ
ਅਜੰਤਾ ਨੂੰ
ਆਪਣੇ ਅੰਦਰ
ਸਿਰਜਣਾ ਹੈ।
ਮੈਂ ਸਾਗਰ ਹਾਂ
ਤੇ ਗਹਿਰਾਈ
ਇਸ ਦੇ ਅੰਦਰ
ਉਤਰਨਾ ਹੈ।



## ਮੰਨਤ

ਇਹ ਧਰਤੀ
ਵਾਂਗ ਦਰੋਪਦੀ
ਤਰਲੇ ਕਰਦੀ
ਹੌਕੇ ਭਰਦੀ
ਲਾਹ ਰਹੇ
ਉਹਦੀ ਇਜ਼ਤ ਦੇ
ਲੰਗਾਰ
ਵੰਡ ਰਹੇ
ਉਹਨੂੰ
ਟੋਟੇ ਟੋਟੇ
ਉਹਦੇ ਮਾਲਕ
ਉਹਦੇ ਜਾਏ
ਉਹਦੇ ਹਮਸਾਏ
ਕੁਝ ਕਰੋ ਤਾਂ
ਗੈਰਤ
ਕੁਝ ਕਰੋ
ਦਲੀਲ
ਕੋਈ ਕਰੋ
ਸਬੀਲ

ਕੋਈ ਨਾ
ਫਿਰ ਤੋਂ
ਕਹਿਰ ਇਹ
ਢਾਏ
ਦਰੋਪਦੀ ਦੀਆਂ
ਅੱਖਾਂ ਦੇ
ਹੰਝੂ
ਮੁਕਣ ਤੇ
ਆਏ
ਦੁਰਗਾ ਦਾ
ਉਹ ਰੂਪ
ਵਟਾਏ
ਰੱਤ ਵਿਚ
ਲੱਥ ਪੱਥ
ਜਿਸਮ ਆਪਣੇ
'ਤੇ
ਸੂਹਾ ਰੱਤਾ
ਚੋਲਾ ਪਾਏ
ਸ਼ੇਰ ਦੀ
ਸਵਾਰੀ ਕਰਦੀ
ਮਿਆਨੋਂ ਕੱਢ



ਤਲਵਾਰ
ਸੰਘਾਰ ਉਹ
ਰਾਖਸ਼ਾਂ ਦਾ
ਦਾਨਵਾਂ ਦਾ
ਕਰਦੀ ਜਾਏ
ਜੋ ਸਨ
ਉਹਦੇ ਜਾਏ
ਉਹਦੇ ਮਾਲਕ
ਉਹਦੇ ਹਮਸਾਏ
ਸਭਨਾਂ ਤਾਈਂ
ਕਾਲੀ ਦਾ
ਦੁਰਗਾ ਦਾ
ਉਹ ਰੂਪ
ਵਿਖਾਏ
ਮੇਰੀ ਕਲਮ
ਮੰਨਤ ਇਹ
ਮੰਨੇ
ਧਰਤੀ ਸਾਡੀ
ਦਰੋਪਦੀ ਤੋਂ
ਦੁਰਗਾ ਬਣ
ਜਾਏ।

## ਦੇਸ਼ ਮਹਾਨ

ਤਦ ਰੋਜ਼ ਮਰ੍ਹਾ ਦੀਆਂ
ਲੋੜਾਂ ਸਨ
ਰੋਟੀ-ਕੱਪੜਾ ਤੇ ਮਕਾਨ
ਕਹਿੰਦੇ ਸਾਡਾ ਦੇਸ਼ ਮਹਾਨ
ਅੱਜ ਰੋਜ਼ ਮਰ੍ਹਾ ਵਿਚ
ਸ਼ਾਮਲ ਹੈ
ਗੋਲੀ-ਬਾਰੂਦ-ਕਾਰਤੂਸ
ਚਾਰੇ ਪਾਸੇ
ਅੱਗ ਦੀਆਂ ਲਪਟਾਂ
ਗੋਲੀਆਂ ਨਾਲ
ਲੋਕ ਮਰ ਰਹੇ
ਲੋਕ ਚੀਕ ਰਹੇ
ਕੁਰਲਾ ਰਹੇ ਲੋਕ
ਸਭ ਗ਼ਮਗੀਨ
ਟੀ. ਵੀ. ਦੀ ਹਰ
ਚੈਨਲ ਉੱਤੇ
ਰੇਡੀਓ ਤੋਂ ਆਵਾਜ਼
ਇਹ ਆਵੇ
ਅਖ਼ਬਾਰਾਂ ਦੇ ਜਦ
ਵਰਕੇ ਫੋਲੋ
ਦਹਿਸ਼ਤ ਸ਼ਬਦ
ਪਿਆ ਗੂੰਜੇ



ਕੋਈ ਨਾ ਕਰੇ
ਕੋਈ ਦਲੀਲ
ਕੋਈ ਨਾ ਦਸੇ
ਕੋਈ ਸਬੀਲ
ਦਹਿਸ਼ਤਗਰਦਾਂ
ਜਾਂ ਸਰਕਾਰ
ਤੋਂ ਡਰਦੇ
ਸਾਰਿਆਂ ਨੂੰ ਅਧਰੰਗ
ਹੋ ਗਿਆ
ਲੰਗੜੇ ਲੂਲ੍ਹੇ
ਸਭ ਮੀਡੀਏ
ਸਾਰੀਆਂ ਕਲਮਾਂ
ਸਭ ਆਵਾਜ਼ਾਂ
ਬੰਦ ਪਈ ਏ
ਹਰ ਜ਼ਬਾਨ
ਕੋਈ ਨਾ ਗ਼ਮ ਦੀ
ਬੋਲੀ ਸੁਣਦਾ
ਕੋਈ ਨਾ ਲਿਖੇ
ਕਥਾ ਦੁੱਖਾਂ ਦੀ
ਇਤਿਹਾਸ ਸਾਹਵੇਂ ਸਿਰ
ਝੁਕਾਈ ਖੜੇ ਨੇ
ਸਾਰੇ ਖਵਰੇ ਕੀਹਦੇ
ਗੁਲਾਮ
ਅੱਜ ਤਾਂ ਸਾਡਾ ਦੇਸ਼ ਆਜ਼ਾਦ
ਵੇਖੋ ਸਾਡਾ ਦੇਸ਼ ਮਹਾਨ!

# ਭੋਲੇ ਕਬੂਤਰ ਮੁੜ ਆਵਣ

ਬੱਚੇ ਕਿੰਨੇ ਉਤਾਵਲੇ ਸਨ
ਜਦ ਉਹਨਾਂ ਨੂੰ ਦੱਸਿਆ :
ਅੰਮ੍ਰਿਤਸਰ
ਸਿਫ਼ਤੀ ਦਾ ਘਰ
ਓਥੇ ਹੈ ਹਰਿਮੰਦਰ
ਗੁਰੂ ਰਾਮਦਾਸ ਬਣਵਾਇਆ
ਮੀਰ ਮੰਨੂੰ ਜਿਹਦੀ ਨੀਂਹ ਧਰੀ
ਕੁਲ ਖ਼ਲਕਤ ਜਿਹਨੂੰ ਧਿਆਇਆ।
ਹਰਿਮੰਦਰ ਵਿਚ
ਅੰਮ੍ਰਿਤ ਸਰੋਵਰ ਖੜ੍ਹਾ
ਜਿਹਦੀਆਂ ਸ਼ਫਾਫ਼ ਦੀਵਾਰਾਂ 'ਤੇ
ਰੰਗ ਬਰੰਗੇ
ਪੱਥਰਾਂ ਦੀ ਨੱਕਾਸ਼ੀ
ਕਲਾਕਾਰਾਂ ਰੀਝਾਂ ਨਾਲ
ਕੱਢੇ ਫੁੱਲ
ਉਹੀ ਰੀਝਾਂ
ਜਿਹਨਾਂ ਨਾਲ
ਭਰਦੀ ਏ ਤੋਪਾ ਮੁਟਿਆਰ
ਦਾਜ ਦੀਆਂ ਫੁਲਕਾਰੀਆਂ 'ਤੇ।
ਜਿਹਦੇ ਅੰਦਰ ਬੈਠੋਂ
ਚਾਹੇ ਵਰ੍ਹਦੀ ਧੁੱਪ ਹੋਵੇ



ਤੇ ਸੜਦੀ ਜ਼ਿਮੀ
ਹੁੰਦਾ ਏ ਸੀਤਲਤਾ ਦਾ ਅਹਿਸਾਸ।
ਜਿਹਦੇ ਚਾਰੇ ਪਾਸੇ ਖੁੱਲ੍ਹੇ ਦਵਾਰ
ਹਵਾ ਵੀ ਤੇ ਹਰ ਜੀਅ
ਜਿਧਰੋਂ ਚਾਹੇ ਆ ਸਕਦਾ ਏ।
ਜਿਹਦੀ ਇਮਾਰਤ 'ਤੇ
ਸੋਨੇ ਦਾ ਪਤਰਾ
ਰਾਜੇ ਰਣਜੀਤ ਸਿੰਘ ਦੀ
ਮੁਹੱਬਤ ਤੇ ਚਾਅ ਸੀ
ਚੜ੍ਹਾਇਆ
ਇਸ ਨੂੰ ਆਖਦੇ ਹੁਣ
ਸੁਨਿਹਰੀ ਮੰਦਿਰ।
ਜਿਹਦੀ ਸੁਫ਼ੈਦ ਸੰਗਮਰਮਰ ਵਾਲੀ
ਪ੍ਰਕਰਮਾ 'ਚ ਤੁਰਦਿਆਂ
ਕੰਨਾਂ 'ਚ
ਗੁਰਬਾਣੀ ਦਾ ਸੰਗੀਤ
ਝਰਦਾ ਏ
ਰੂਹ ਤਕ ਸਭ ਕੁਝ
ਠਰਦਾ ਏ
ਪ੍ਰਕਰਮਾ 'ਚ ਇਕ ਕੋਨੇ 'ਤੇ
ਭੋਲੇ ਕਬੂਤਰ
ਡਾਰ ਦੀ ਡਾਰ
ਗੁਟਕੂੰ ਗੁਟਕੂੰ ਕਰਦੇ
ਦਾਣਾ ਦੁਣਕਾ ਚੁਗਦੇ

ਮਾਸੂਮੀਅਤ ਤੇ ਮੁਹੱਬਤ ਦਾ
ਦਮ ਭਰਦੇ।
ਹਰਿਮੰਦਰ ਦੇ ਲੰਗਰ
ਦਾ ਪ੍ਰਸ਼ਾਦ
ਹੁੰਦਾ ਹੈ ਕਿੰਨਾ ਸਵਾਦ
ਕਿ ਉਥੇ ਸਭ ਲੋਕਾਈ
ਬਿਨਾਂ ਵਿਤਕਰੇ
ਬਿਨਾਂ ਫਿਰਕੇ
ਬਿਨਾਂ ਜ਼ਾਤ-ਪਾਤ
ਬਿਨਾਂ ਮੁਲਕਾਂ ਦੀਆਂ ਹੱਦਾਂ ਦੇ
ਬੈਠੀ ਹੁੰਦੀ
ਰਲ ਬੈਠ ਕੇ ਲੰਗਰ ਛਕਣਾ
ਇਕ ਇਲਾਹੀ ਆਨੰਦ ਹੈ।
ਬੱਚੇ ਕਿੰਨੇ ਖ਼ੁਸ਼ ਸਨ
ਜਦ ਉਹਨਾਂ ਨੂੰ ਦੱਸਿਆ
ਅੱਜ ਦੀਵਾਲੀ ਹੈ
ਹਰਿਮੰਦਿਰ ਕਰਦਾ ਜਗਮਗ
ਦੀਪਾਂ ਤੇ ਰੌਸ਼ਨੀਆਂ ਸੰਗ
ਆਤਸ਼ਬਾਜ਼ੀ ਚਲਦੀ
ਸੋਹਣੇ ਰੌਸ਼ਨ ਚੱਕਰ
ਝਿਲਮਿਲ ਕਰਦੇ ਤਾਰੇ
ਸਾਨੂੰ ਲਗਦੇ ਪਿਆਰੇ
ਬਚਪਨ ਸਮੇਂ ਜਾਂਦੇ ਸਾਂ
ਵੇਖਣ ਦੀਪ ਮਾਲਾ



ਹਰਿਮੰਦਰ ਦੀ।
ਦੂਰ ਦੇਸ ਅੱਜ ਬੈਠੇ
ਦੀਵਾਲੀ ਅਸੀਂ
ਮਨਾ ਰਹੇ
ਮਿਠਾਈ ਘਰੇ ਬਣਾਈ
ਨਿੱਕਾ ਜਿਹਾ-ਰੱਬ ਦਾ ਮੰਦਿਰ
ਬੱਚਿਆਂ ਨੇ ਸਜਾਇਆ
ਦੀਵੇ ਜਗਾਏ
ਰੌਸ਼ਨੀ ਕੀਤੀ
ਮਿਠਾਈ ਫੁੱਲ
ਚਾਂਦੀ ਦੇ ਰੁਪਏ
ਦੁੱਧ ਵਿਚ ਧੋ ਕੇ
ਰਖੇ
ਦੀਵੇ ਤੇ ਅਗਰਬਤੀ ਦੀ
ਖ਼ੁਸ਼ਬੂ
ਥਾਲੀ ਵਿਚ ਸਭੋ ਕੁਝ
ਸਜਾਈ-ਮੰਦਿਰ ਸਾਹਮਣੇ ਬੈਠੇ
ਅੱਖਾਂ ਮੀਟ
ਅਰਦਾਸ ਉਹ ਕਰਦੇ
ਨਿੱਕੇ ਨਿੱਕੇ ਹੱਥ ਜੋੜ
ਕਹਿੰਦੇ :
ਅਸੀਂ ਧਰਤੀ ਤੇ
ਤੁਸੀਂ ਅਕਾਸ਼ੀਂ
ਗੁਰੂ ਨਾਨਕ ਜੀ

ਰਾਮ ਚੰਦਰ ਜੀ ਕੋਲ ਜਾਣਾ
ਬੋਲਣੇ ਉਹਨਾਂ ਨੂੰ
ਦੀਵਾਲੀ ਤੇ ਮੁਬਾਰਿਕ ਬੋਲ
ਸਾਡੀ ਆਵਾਜ਼ ਤਾਂ
ਉਹਨਾਂ ਤਕ ਪਹੁੰਚ ਨਾ ਸਕਦੀ
'ਤੁਸੀਂ ਵੀ ਘੋੜੇ ਵਾਲੇ ਗੁਰੂ ਜੀ'
ਨਿੱਕੀ ਬੇਟੀ ਆਖਦੀ,
'ਗੁਰੂ ਹਰ ਗੋਬਿੰਦ ਜੀ ਕਹਿ'
ਵੱਡੀ ਭੈਣ ਕਹਿੰਦੀ,
ਤੁਸੀਂ ਘੋੜੇ ਤੇ
ਰਾਮਚੰਦਰ ਜੀ ਕੋਲ ਜਾਣਾ
ਗੁਰੂ ਗੋਬਿੰਦ ਸਿੰਘ ਜੀ
ਤੁਸੀਂ ਵੀ ਆਪਣੇ ਤੀਰ ਕਮਾਨ
ਤਲਵਾਰ ਤੇ ਗਤਕਾ ਲੈ ਕੇ
ਸੋਹਣੇ ਸੋਹਣੇ ਕਰਤਬ ਵਿਖਾਣਾ
ਅੱਜ ਦੀਵਾਲੀ ਹੈ।
ਅਸੀਂ ਆਵਾਂਗੇ
ਅਗਲੇ ਸਾਲ—ਅੰਮ੍ਰਿਤਸਰ
ਵੇਖਾਂਗੇ ਫਿਰ—ਹਰਿਮੰਦਿਰ ਵਿਚ
ਜਗਮਗ ਜਗਦੀ ਦੀਵਾਲੀ
ਬੱਚੇ ਕਿੰਨੇ ਸਹਿਮ ਗਏ :
ਜਦ ਟੀ.ਵੀ. ਤੇ ਤੱਕਿਆ ਉਹਨਾਂ
ਬਲਿਊ ਸਟਾਰ ਓਪਰੇਸ਼ਨ



ਕਾੜ ਕਾੜ ਕਿੰਜ ਗੋਲੀਆਂ ਚਲੀਆਂ
ਕਿੰਨੀਆਂ ਲਾਸ਼ਾਂ
ਪ੍ਰਕਰਮਾ 'ਚ ਵਿਛੀਆਂ
ਕਿੰਨੀਆਂ ਲਾਸ਼ਾਂ
ਸਰੋਵਰ 'ਚ ਡਿਗੀਆਂ
ਹਰਿਮੰਦਿਰ ਦਾ ਸੀਨਾ ਛਲਣੀ ਹੋਇਆ
ਅਕਾਲ ਤਖ਼ਤ ਢਹਿ ਢੇਰੀ ਹੋਇਆ
ਬੱਚੇ ਬੁੱਢੇ ਸਹਿਮੀ ਜਨਤਾ
ਹਥਿਆਰਾਂ ਦੇ ਓਥੇ ਢੇਰ ਲਗੇ
ਬੰਬ ਬੰਦੂਕਾਂ ਤੇ ਕਾਰਤੂਸ
ਫ਼ੌਜੀ ਬੂਟਾਂ ਦੀ ਖੜਕਾਰ
ਫ਼ੌਜੀਆਂ ਦੀ ਓਥੇ ਭਰਮਾਰ
ਇਹ ਤੱਕ ਕੇ ਬੱਚੇ ਕਿੰਨੇ ਉਦਾਸ ਹਨ
ਜਦ ਜਾਵਾਂਗੇ 'ਆਪਣੇ' ਦੇਸ
ਕਿੰਜ ਵੇਖਾਂਗੇ
ਹਰਿਮੰਦਰ ਵਿਚ
ਜਗਮਗ ਕਰਦੀ ਦੀਵਾਲੀ
ਕਿ ਓਥੇ ਤਾਂ ਹਾਲਾਤ ਹੀ
ਬਦਲ ਗਏ ਹਨ
ਗੁਰੂ ਨਾਨਕ ਤੇ
ਰਾਮ ਚੰਦਰ ਵੀ
ਰੁੱਸ ਗਏ ਹਨ ਸ਼ਾਇਦ
ਪ੍ਰਕਰਮਾ 'ਚੋਂ

ਭੋਲੇ ਕਬੂਤਰ
ਉੱਡ ਗਏ ਹਨ
ਨਿੱਕੇ ਨਿੱਕੇ ਚਾਰ ਹੱਥ
ਜੁੜ ਗਏ ਹਨ
ਗੁਰੂ ਨਾਨਕ ਜੀ!
ਰਾਮ ਚੰਦਰ ਜੀ!!
ਤੁਸੀਂ ਨਾ ਰੁੱਸਣਾ
ਤੁਸੀਂ ਨਾ ਲੜਨਾ
ਜੇ ਰੁੱਸ ਪਏ ਓ
ਮੰਨ ਜਾਓ
ਵੇਖੋ ਕੱਲ੍ਹ
ਅਸੀਂ ਦੋਵੇਂ ਭੈਣਾਂ
ਸਾਂ ਲੜੀਆਂ
ਅੱਜ ਦੋਵੇਂ ਹਾਂ
ਹੱਥ ਜੋੜੀ ਤੁਹਾਡੇ ਸਾਹਵੇਂ ਖੜ੍ਹੀਆਂ
ਆਖੋ ਤੁਸੀਂ
ਅਸੀਂ ਵੀ ਮੰਨਤ ਮੰਨੀਏ
ਹਰਿਮੰਦਰ ਵਿਚ
ਪਹਿਲਾਂ ਵਾਂਗ
ਭੋਲੇ ਕਬੂਤਰ ਮੁੜ ਆਵਣ
ਤੇ ਗੁਟਕੂੰ ਗੁਟਕੂੰ ਕਰਕੇ
ਦਾਣਾ ਦੁਣਕਾ
ਚੁਗ ਜਾਵਣ!



## ਬੁਲ੍ਹਾ ਨਹੀਂ ਬਣ ਸਕਦੇ ?

ਮੌਨ ਹੋ ਜਾਓ
ਕੁਝ ਨਾ ਕਹੋ
ਬਹੁਤ ਉਦਾਸ ਹੈ
ਵਕਤ
ਨਹੀਂ ਲਿਖ ਸਕਦੇ
ਸੱਚ
ਹੋ ਬੇਬਸ
ਨਾ ਲਿਖੋ
ਤੁਸੀਂ ਬੁਲ੍ਹਾ ਨਹੀਂ
ਬਣ ਸਕਦੇ?

ਆਪਣੀ ਕਲਮ 'ਚ
ਧੁਆਂਖੀਆਂ—
ਸੋਚਾਂ ਦੀ
ਸਿਆਹੀ ਭਰ
ਨਾ ਲਿਖੋ
ਦੋਗਲਾ ਤੇ
ਅਸਪਸ਼ਟ
ਮੌਨ ਹੋ ਜਾਓ
ਵਕਤ ਕਿਸੇ ਨੂੰ
ਮਾਫ਼ ਨਹੀਂ ਕਰਦਾ।

# ਵੀਹਵੀਂ ਸਦੀ ਦੇ ਪੈਰ ਬਚਾਓ

ਅਸੀਂ ਤਾਂ ਉਹਨਾਂ
ਮਲਾਹਾਂ[1] ਤੋਂ ਵੀ
ਬਦਤਰ ਹਾਂ
ਗਏ ਗੁਜ਼ਰੇ
ਬੇਬਸ ਜਿਵੇਂ
ਨਹੀਂ ਕੁਝ ਸਾਡੇ ਵਸ ?
ਮਲਾਹ ਜੁ ਠਿਲ੍ਹਦੇ ਸਨ
ਬੇੜਿਆਂ 'ਚ ਇਕੱਠੇ
ਦੁੱਖ ਸੁੱਖ ਜੀਂਦੇ
ਤੁਰਦੇ ਕਾਫ਼ਲੇ
ਸਮੁੰਦਰਾਂ ਦੀ
ਹਿੱਕ ਤੇ
ਹੁੰਦਾ ਜਦ ਕੋਈ ਬੀਮਾਰ
ਚੁਕਦੇ ਉਸਨੂੰ ਆਪਣੇ ਨਾਲ
ਢੋਂਦੇ ਉਹਨਾਂ ਦੀਆਂ
ਲਾਸ਼ਾਂ ਦਾ ਭਾਰ
ਵਾਪਸ ਘਰ ਪਹੁੰਚਣ ਤਕ
ਸਹਿੰਦੇ ਬੂ
ਸੜ ਰਹੇ ਜਿਸਮਾਂ ਦੀ
ਚੂਹੇ[2] ਟੁਕਦੇ
ਭੁੱਖ ਮਿਟਾਣ ਲਈ
ਲਾਸ਼ਾਂ ਦੇ ਪੈਰ
ਨਾ ਅਕਦੇ
ਨਾ ਥੱਕਦੇ



ਨਾ ਡਰਦੇ
ਚੂਹਿਆਂ ਤੋਂ
ਨਾ ਲਾਸ਼ਾਂ ਤੋਂ !
ਅਸੀਂ ਪੁਲਾੜੀ-ਯੁੱਗ
ਦੇ ਹਮਰਾਹ
ਢੋਂਦੇ ਫਿਰਦੇ
ਆਪਣੀਆਂ ਲਾਸ਼ਾਂ ਦਾ
ਆਪੇ ਭਾਰ
ਆਪਣੇ ਮਤਲਬ
ਆਪਣੇ ਲਾਲਚ
ਰਿਸ਼ਤਾ-ਦੋਸਤੀ ਦੇ
ਅਰਥਾਂ ਨੂੰ
ਟੁਕ ਟੁਕ ਖਾਂਦੇ
ਚੂਹਿਆਂ ਵਾਂਗ
ਤੰਦਰੁਸਤ ਫ਼ਿਜ਼ਾ ਨੂੰ
ਗੰਧਲੀ ਕਰਦੇ
ਰਾਜਨੀਤੀ ਤੇ ਧਰਮ ਦੇ
ਮਲਾਹ
ਝੂਠ ਦੀ ਬਦਬੂ ਕਮਾਉਂਦੇ।
ਇਸ ਨਾਲੋਂ ਤਾਂ
ਚੰਗੇ ਸਨ
ਵਿਚਕਾਰਲੀ ਸਦੀ ਦੇ
ਉਹੀ ਮਲਾਹ
ਉਹੀ ਚੂਹੇ
ਜੋ ਢੋਂਦੇ ਸਨ
ਮਿੱਤਰਾਂ ਦੀਆਂ

ਲਾਸ਼ਾਂ ਨੂੰ
ਮੰਜ਼ਿਲ ਤਕ
ਚੂਹੇ ਟੁੱਕਦੇ
ਕੇਵਲ ਮਰ ਚੁੱਕਿਆਂ ਦੇ ਪੈਰ;
ਐਪਰ ਅਸੀਂ
ਟੁਕ ਰਹੇ ਧਰਤੀ
ਵੰਡ ਰਹੇ ਨਫ਼ਰਤ
ਪੀਂਦੇ ਖ਼ੂਨ
ਮਨੁੱਖਤਾ ਦਾ
ਬੰਬ ਬਣਾਉਂਦੇ
ਬੰਬ ਹੰਢਾਉਂਦੇ
ਇੰਟਰਨੈੱਟ ਜੀਂਦੇ
ਹਰ ਪਲ ਮਰਦੇ।
ਸ਼ਊਰ ਵਾਲਿਓ
ਤੁਸੀਂ ਤਾਂ ਆਓ
ਹਿਰਸ ਦੀ ਭੁੱਖ ਨੂੰ
ਬੰਨ੍ਹ ਬਹਾਓ
ਵੀਹਵੀਂ ਸਦੀ ਦੇ
ਪੈਰ ਬਚਾਓ
ਲੰਗੜੀ ਹੋ ਕੇ
ਇੱਕਵੀਂ ਸਦੀ ਦੇ ਵਿਹੜੇ
ਕਿੰਜ ਧਰੇਗੀ ਆਪਣੇ ਪੈਰ!

1. ਡੱਚ ਮਲਾਹ ਜਦ ਬੇੜਿਆਂ ਵਿਚ ਠਿਲ੍ਹਦੇ ਸਨ ਤਾਂ ਰਸਤੇ ਵਿਚ ਬੀਮਾਰ ਹੋ ਗਏ ਜਾਂ ਮਰ ਗਏ ਮਲਾਹ ਸਾਥੀਆਂ ਨੂੰ ਵਾਪਸ ਘਰ ਪਰਤਣ ਤਕ ਨਾਲ ਰਖਦੇ ਤੇ ਉਹਨਾਂ ਦੇ ਵਾਰਸਾਂ ਦੇ ਹਵਾਲੇ ਕਰਦੇ ਸਨ।
2. ਮਰ ਚੁਕੇ ਮਲਾਹਾਂ ਦੇ ਪੈਰ ਕਈ ਵਾਰ ਬੇੜੀਆਂ ਵਿਚ ਸਫ਼ਰ ਕਰਨ ਵਾਲੇ ਚੂਹੇ ਖਾ ਜਾਂਦੇ।



## ਨੈਣਾਂ ਦੀ ਰੜਕ

ਪੰਜਾਬ! ਕੁਝ ਸਾਲ ਪਹਿਲਾਂ
ਤੇਰੀ ਜ਼ਿਮੀ ਤੇ ਪੈਰ ਧਰਦਿਆਂ
ਮੈਂ ਰੋ ਪੈਂਦੀ ਸਾਂ
ਇਕ ਚਾਅ ਨਾਲ
ਕੀ ਚੁਭ ਗਿਐ ਹੁਣ
ਮੇਰੇ ਚਾਵਾਂ ਦਿਆਂ ਨੈਣਾਂ 'ਚ?
ਚਾਹੇ ਤੇਰੀ ਧਰਤੀ ਤੇ ਉੱਗੇ ਤੇ ਖਿੜੇ
ਸਰ੍ਹੋਂ ਦੇ ਖੇਤ
ਪਹਿਲਾਂ ਵਾਂਗ ਪਏ ਹੱਸਦੇ
ਕਪਾਹ ਦਿਆਂ ਖੇਤਾਂ 'ਚ
ਪੀਲੇ ਕਾਸ਼ਨੀ ਫੁੱਲ ਨੇ ਖਿੜਦੇ
ਗੰਨਿਆਂ ਦੇ ਖੇਤ ਤੇ
ਗੁੜ ਬਣਨ ਦੀ ਖ਼ੁਸ਼ਬੋ
ਹਵਾ 'ਚ ਪਈ ਘੁਲਦੀ
ਕਣਕਾਂ ਸੋਨਾ ਪਾਈ
ਮਟਕ ਮਟਕ ਹੁਲਾਰਦੀਆਂ
ਮੱਕੀ ਦੀਆਂ ਛੱਲੀਆਂ 'ਚੋਂ
ਕੱਚੇ ਦੁੱਧ ਦੀ ਆਉਂਦੀ ਏ ਖ਼ੁਸ਼ਬੋ
ਕਿੱਕਰਾਂ ਦੇ ਪੀਲੇ ਫੁੱਲ
ਜ਼ਿੰਮੀ ਤੇ ਪਏ ਵਿਛਦੇ
ਉੱਚੀਆਂ ਲੰਮੀਆਂ ਟਾਹਲੀਆਂ
ਪਿੱਪਲਾਂ ਦੀਆਂ ਛਾਵਾਂ ਹਨ
ਸੀਤਲ ਪਹਿਲਾਂ ਵਾਂਗ
ਅੰਬਾਂ ਦੇ ਬੂਰ ਦੀ ਵਾਸ਼ਨਾ ਨਾਲ ਪਈ

ਕੋਇਲ ਨਸ਼ਿਆਉਂਦੀ
ਜਾਮਨੂੰਆਂ ਦੇ ਫਲ
ਧਰਤੀ ਨੂੰ ਪਏ
ਜਾਮਨੀ ਰੰਗ ਰੰਗਦੇ
ਤੇਰੀਆਂ ਥੋਹਰਾਂ 'ਤੇ
ਲਾਖੇ ਫਲ ਪਏ ਹੁਣ ਵੀ ਪੱਕਦੇ
ਤੇਰੀ ਚੌੜੀ ਛਾਤੀ ਵਾਲੇ ਦਰਿਆ
ਸ਼ਾਨ ਨਾਲ ਮਟਕ ਚਾਲ ਵਗਦੇ
ਪਰ ਹੁਣ ਇਹਨਾਂ ਦੀਆਂ
ਢੱਕੀਆਂ ਪਿਛਵਾੜਿਓਂ
ਜਦ ਗੋਲੀਆਂ ਦੀ ਗੂੰਜ
ਸੁਣੀਂਦੀ ਏ
ਪਿੰਡ ਦੀਆਂ ਜੂਹਾਂ 'ਚ
ਬੇਬਸ ਚੀਕਾਂ ਤੇ ਹੌਕਿਆਂ ਦਾ
ਵਿਰਲਾਪ ਹੁੰਦਾ ਏ
(ਤਾਂ) ਤੇਰੀਆਂ ਵਰਮੀਆਂ 'ਚ
ਨਾਗ ਵੀ ਸਹਿਮ ਜਾਂਦੇ ਨੇ
ਇਹਨਾਂ ਸਭ 'ਚੋਂ ਸਰਸਰਾਉਂਦੀ
ਬੇਬਸ ਹਵਾ
ਜਦ ਮੇਰੇ ਅੰਦਰ ਸਾਹ ਬਣ ਕੇ
ਰਚਦੀ ਏ
ਮੇਰੀਆਂ ਰੀਝਾਂ ਦਿਆਂ ਨੈਣਾਂ ਦੀ ਚੁਭਨ
ਅਥਰੂ ਬਣ ਕੇ ਵਗ ਤੁਰਦੀ ਏ
ਇਹ ਠੀਕ ਹੈ ਕਿ
ਕੁਝ ਸਾਲ ਪਹਿਲਾਂ ਵਾਲੇ ਤੇ
ਹੁਣ ਦੇ ਅੱਥਰੂਆਂ 'ਚ
ਫ਼ਰਕ ਹੈ ਬੜਾ।



## ਅਰਥ

ਨਜ਼ਮ ਦੇ ਪੈਰੀਂ
ਘੁੰਗਰੂ ਬੰਨ੍ਹ ਦਿਓ
ਗੀਤ ਉਹ ਬਣ ਜਾਵੇ
ਨਸਰ ਵਿਚ ਸੰਗੀਤ ਮਿਲਾਓ
ਨਜ਼ਮ ਉਹ ਕਹਿਲਾਵੇ
ਦਰਦ ਪਿਆਲਾ ਹੋਠੀਂ ਲਾਓ
ਗ਼ਜ਼ਲ ਜ਼ਿੰਦਗੀ ਗਾਵੇ।

## ਬੇਵਤਨ

ਬੇਗਾਨੇ ਮੁਲਕ ਵਿਚ ਰਹਿਣਾ
ਬੇਗਾਨੀਆਂ ਤੇ
ਕਮੀਨਗੀ ਭਰੀਆਂ
ਨਜ਼ਰਾਂ ਨੂੰ ਸਹਿਣਾ ਹੀ
ਬੇਵਤਨੀ ਹੈ
ਸਭ ਤੋਂ ਪਹਿਲਾਂ
ਕਤਲ ਹੁੰਦੀ ਏ
ਸਾਡੀ ਜ਼ਬਾਨ
ਆਪਣੀ ਬੋਲੀ ਤੁਸੀਂ
ਬੋਲ ਨਹੀਂ ਸਕਦੇ
ਇਸ ਮੁਲਕ ਦੀ
ਬੋਲੀ ਦੇ
ਗਿਣੇ ਮਿਥੇ ਸ਼ਬਦਾਂ ਦੀ
ਸ਼ਬਦਾਵਲੀ ਯਾਦ ਕਰਕੇ
ਇਸ਼ਾਰਿਆਂ ਦੀ
ਭਾਸ਼ਾ ਵਰਤ ਕੇ
ਗੂੰਗੇ ਹੋਣ ਦਾ ਅਹਿਸਾਸ
ਹੰਢਾਉਣਾ ਪੈਂਦਾ ਏ।
ਫਿਰ ਵਾਰੀ ਹੈ



ਲਿਬਾਸ ਦੀ
ਆਪਣੀ ਸਭਿਅਤਾ
ਨਾਲ ਸੰਬੰਧਤ
ਸ਼ਾਨਦਾਰ ਲਿਬਾਸ
ਪਾ ਕੇ ਨਿਕਲਣਾ
ਇੰਜ ਹੈ
ਜਿਵੇਂ ਕੋਈ
ਨਾਕਾਬਲਿ ਮੁਆਫ
ਗੁਨਾਹ ਕਰਕੇ
ਆਏ ਹੋ
ਨਜ਼ਰਾਂ ਦੀਆਂ
ਬਰਸ਼ੀਆਂ ਸੰਗ
ਕਤਲ ਹੋ ਰਹੇ ਹੋ।
ਆਪਣੇ ਗੀਤ
ਆਪਣੀ ਕਵਿਤਾ
ਆਪਣਾ ਸੰਗੀਤ
ਸੱਤੇ ਸੁਰਾਂ
ਕਤਲ ਹੋ ਜਾਂਦੀਆਂ ਹਨ
ਗਲੇ 'ਚੋਂ ਨਿਕਲਣ
ਤੋਂ ਪਹਿਲਾਂ।
ਤਿਉਹਾਰਾਂ ਦਾ ਆਉਣਾ
ਬਿਨਾਂ ਉਡੀਕ ਦੇ

ਬਿਨਾਂ ਉਤਸ਼ਾਹ ਦੇ
ਦੁਆਲੇ ਵਿਚ
ਕੁਝ ਵੀ ਨਹੀਂ
ਘੁਲਦਾ
ਜੋ ਇਹਨਾਂ ਦੇ
ਆਗਮਨ ਦੀ
ਗਵਾਹੀ ਭਰੇ
ਜੋ ਖ਼ੁਸ਼ੀਆਂ ਤੇ ਰੀਝਾਂ ਦੇ
ਕੰਨਾਂ 'ਚ
ਸਰਗੋਸ਼ੀਆਂ ਕਰੇ
ਬਿਨਾਂ ਚੇਤੇ
ਬਿਨਾਂ ਮਨਾਇਆਂ ਹੀ
ਗੁਜ਼ਰ ਜਾਂਦੇ ਹਨ
ਸਾਡੇ ਤਿਉਹਾਰ।
ਜ਼ਬਾਨ ਤੁਸੀਂ ਖੋਲ੍ਹ
ਨਹੀਂ ਸਕਦੇ
ਉੱਚੀ ਤੁਸੀਂ ਬੋਲ
ਨਹੀਂ ਸਕਦੇ,
ਗਲੀਆਂ 'ਚ ਤੁਸੀਂ
ਨੱਚ ਨਹੀਂ ਸਕਦੇ
ਉੱਚੀ ਸਾਰੀ
ਹੱਸ ਨਹੀਂ ਸਕਦੇ



ਠਹਾਕਿਆਂ ਦਾ ਅਰਥ
ਅਸੀਂ ਹੀ
ਭੁੱਲ ਗਏ ਹਾਂ
ਸਾਡੇ ਬੱਚੇ ਕੀ
ਯਾਦ ਰੱਖਣਗੇ।
ਸਾਡੇ ਖਾਣਿਆਂ ਦੀ ਖ਼ੁਸ਼ਬੂ
ਇਹਨਾਂ ਲਈ ਹੈ ਬਦਬੂ
ਖਚਰੀ ਮੁਸਕਾਨ
ਬੁਲ੍ਹਾਂ ਤੇ ਧਰ ਕੇ
ਨਫਰਤ ਭਰੇ ਸਾਹ
ਲੈ ਕੇ ਦੱਸਦੇ ਨੇ
ਫ਼ਿਜ਼ਾ ਜਿਵੇਂ ਸਾਡੇ
ਖਾਣਿਆਂ ਦੀ ਮਹਿਕ
ਸੰਗ
ਜ਼ਖਮੀ ਹੋਈ ਹੋਵੇ।
ਏਸ਼ੀਆ ਤੇ ਅਫ਼ਰੀਕਾ
ਦੀ ਫ਼ਿਜ਼ਾ 'ਚ
ਓਥੋਂ ਦੀ ਧਰਤੀ 'ਤੇ
ਇਹਨਾਂ ਏਨੇ
ਜ਼ਖ਼ਮ ਬੀਜੇ ਹਨ
ਕਿ ਉਹਨਾਂ ਦੇ ਕੰਡੇ
ਚੁੱਭ ਰਹੇ ਹਨ

ਸਾਡੇ ਪੈਰੀਂ
ਅਜੇ ਵੀ;
ਨਹੀਂ ਤਾਂ
ਕੀ ਲੋੜ ਸੀ ਸਾਨੂੰ
ਜ਼ਖਮੀ ਪੈਰਾਂ ਨਾਲ
ਇਸ ਬੇਗਾਨੀ ਧਰਤੀ 'ਤੇ
ਭਟਕਣ ਦੀ।
ਖਾਨਾਬਦੋਸ਼ ਵੀ
ਆਪਣੀ ਇਕ ਸਭਿਅਤਾ
ਜੀਂਦੇ ਹਨ
ਹਰ ਫ਼ਿਜ਼ਾ 'ਚ
ਆਪਣੀ ਮਰਜ਼ੀ ਨਾਲ
ਸਾਹ ਲੈਂਦੇ ਹਨ
ਗੁਲਾਮੀ ਦਾ ਅਰਥ
ਉਹਨਾਂ ਕਦੀ ਨਹੀਂ
ਭੋਗਿਆ
ਪਰ ਅਸੀਂ ਤਾਂ
ਗ਼ੁਲਾਮ ਸਾਂ ਪਹਿਲਾਂ
ਹੁਣ ਹਾਂ ਬੇਵਤਨ
ਕਿ ਅਸੀਂ ਤਾਂ
ਖਾਨਾਬਦੋਸ਼ ਵੀ ਨਹੀਂ।



## ਫ਼ਾਸਲੇ

ਕੁਝ ਫ਼ਾਸਲੇ
ਹੁੰਦੇ ਹਨ ਐਸੇ
ਜੋ ਤਹਿ ਹੋ ਕੇ ਵੀ
ਲਗਦੇ ਹਨ
ਨਹੀਂ ਤਹਿ ਹੋਏ।
ਕੁਝ ਫਾਸਲੇ
ਹੁੰਦੇ ਹਨ ਐਸੇ
ਜੋ ਵਿਛ ਜਾਂਦੇ ਹਨ
ਪੈਰਾਂ ਸਾਹਵੇਂ
ਸਾਗਰ ਬਣ ਕੇ।
ਸਾਗਰ—
ਜਿਸ ਵਿਚ ਜਦ
ਲਹਿਰਾਂ ਜਾਗਦੀਆਂ
ਬਣ ਕੇ ਸ਼ੋਰ
ਖੌਰੂ ਪਾਉਂਦੀਆਂ
ਭੱਜੀਆਂ ਆਵਣ
ਭਰਨ ਲਈ ਕਲਾਵਾ
ਲੰਮੀਆਂ ਬਾਹਵਾਂ ਨਾਲ।
ਸਾਗਰ—

ਜੋ ਹੈ ਕਿਤਨਾ ਡੂੰਘਾ
ਕੋਈ ਨਾ ਸੀਮਾ
ਇਕ ਵੇਗ ਵਿਚ
ਵਗਦਾ ਹੋਇਆ
ਜਿਹਦੇ ਅੰਦਰ
ਸੁਪਨੇ ਸੁੱਤੇ
ਜਾਗਣ ਸੱਧਰਾਂ
ਕਿਤਨੇ ਨਾਗ
ਕਿਤਨੀਆਂ ਮਣੀਆਂ
ਮਣੀ ਚੁਰਾ ਕੇ
ਲੰਘਣਾ ਔਖਾ।
ਸਾਗਰ—
ਮੇਰਾ ਦਿਲ ਵੀ ਹੈ
ਜਿਹਦੇ ਅੰਦਰ
ਕਿਤਨੀਆਂ ਕਬਰਾਂ
ਜਿਹਨਾਂ ਵਿਚ ਨੇ
ਸੁੱਤੀਆਂ ਹੋਈਆਂ



ਸੁਹਾਗਣ ਦੁਲਹਨ
ਵਾਂਗ ਮਰੀਆਂ
ਮੇਰੀਆਂ ਸੱਧਰਾਂ
ਇਹ ਕਬਰਾਂ
ਮੈਂ ਫੋਲ ਨਾ ਸਕਦੀ
ਇਹ ਕਬਰਾਂ
ਮੈਂ ਖੋਲ੍ਹ ਨਾ ਸਕਦੀ।
ਕੁਝ ਫ਼ਾਸਲੇ
ਹੁੰਦੇ ਹਨ ਐਸੇ
ਜੋ ਸਾਗਰ ਕੰਢੇ
ਖੜ ਕੇ
ਸਾਗਰ ਵਿਚ
ਡੁਬਦੇ ਸੂਰਜ ਵਾਂਗ
ਡੁਬਦੇ ਵੇਖੇ
ਜਾ ਸਕਦੇ ਹਨ
ਨਹੀਂ ਤਹਿ ਹੋ ਸਕਦੇ।

## ਵਰਤਮਾਨ

ਅਮਸਟਰਡਮ!
ਤੂੰ ਖੌਰੇ ਫਿਰ ਵੀ
ਕਿਉਂ ਚੰਗਾ ਲਗਦਾ ਏਂ
ਇਥੇ ਉਹ
ਸੂਰਜ ਨਹੀਂ
ਜੋ ਮਨ ਤੇ ਤਨ ਨੂੰ
ਨਿੱਘ ਦੇਵੇ
ਏਥੇ ਉਹ
ਬਾਲ ਸਖਾ ਨਹੀਂ
ਜਿਸ ਸੰਗ
ਬਚਪਨ 'ਚ ਸਨ
ਗੀਟੇ ਖੇਡੇ
ਏਥੇ ਪਿਆਰੀ ਮਾਂ
ਨਹੀਂ ਰਹਿੰਦੀ
ਨਾ ਹੀ ਮੇਰਾ ਬਾਬਲ
ਨਾ ਹੀ ਵੀਰ ਤੇ
ਨਿੱਕੀਆਂ ਭੈਣਾਂ



ਜਿਹਨਾਂ ਸੰਗ ਅਸਾਂ
ਲੁਕਣ ਮਿਚਾਈ ਖੇਡੀ
ਕਿੱਕਲੀ ਪਾਈ।
ਤੇਰੀ ਗਲੀ 'ਚ
ਏਥੇ ਇਕ ਘਰ ਹੈ
ਜਿਥੇ ਘਰ ਦਾ ਮਾਲਕ
ਰਹਿੰਦਾ ਤੇ
ਸਾਡੇ ਪਿਆਰੇ ਬੱਚੇ
ਇਹੀ ਮੇਰਾ
ਵਰਤਮਾਨ ਹੈ।
ਅਮਸਟਰਡਮ!
ਤੂੰ ਖੌਰੇ ਫਿਰ ਵੀ
ਕਿਉਂ ਚੰਗਾ ਲੱਗਦਾ ਏਂ
ਇਸ ਘਰ ਵਿਚਲੇ
ਬੈੱਡਰੂਮ 'ਚ
ਸਾਰੀ ਰਾਤ ਮੈਂ
ਸੌਂ ਨਾ ਸਕਦੀ
ਤਾਰੇ ਵੀ ਮੈਂ
ਗਿਣ ਨਾ ਸਕਦੀ

(ਕਿ) ਤਾਰੇ ਤਾਂ
ਦੇਸ ਦੇ ਅਸਮਾਨੀਂ
ਖੇਡਣ ਆਂਦੇ
ਝਿਲਮਿਲਾਂਦੇ
ਤੜਪੇ
ਮਨ ਦਾ ਪੰਛੀ
ਖਿਆਲਾਂ ਦੇ
ਪਰ ਲਾ ਕੇ
ਸੱਤ ਸਮੁੰਦਰੋਂ ਪਾਰ
ਉਸ ਅਸਮਾਨੇ
ਉਡਦੀ ਰਹਿੰਦੀ
ਜਿਥੇ ਤਾਰੇ ਖੇਡਣ
ਚੰਨ ਹੈ ਚੜ੍ਹਦਾ
ਜਿਥੇ ਉਹ ਸੂਰਜ ਹੈ
ਜਿਹਦੀ ਧੁੱਪ ਨਿੱਘ ਦੇਵੇ
ਇਹ ਮੇਰਾ ਵਰਤਮਾਨ ਨਹੀਂ
ਜਦ ਮੈਂ ਸੋਚਾਂ
ਰੂਹ ਦਾ ਪੰਛੀ
ਡਿੱਗ ਪੈਂਦਾ ਫਿਰ
ਜ਼ਖ਼ਮੀ ਹੋ ਕੇ
ਅਮਸਟਰਡਮ
ਤੇਰੀ ਜ਼ਿਮੀਂ ਦੇ ਉੱਤੇ!



## ਪੋਹਲੀ ਦਾ ਬੂਟਾ

ਇਸ ਜਨਮ ਅਸੀਂ ਰਹੇ ਪਿਆਸੇ
ਪਿਆਸੇ ਹੀ ਤੁਰ ਜਾਵਾਂਗੇ।
ਪ੍ਰੀਤ ਦਾ ਨਾਵਾਂ ਜਦ ਵੀ ਪੜ੍ਹਿਆ
ਇਹੋ ਹਰਫ਼ ਸਾਡਾ ਦੋਖੀ ਬਣਿਆ।
ਮੁਹੱਬਤ ਬਣ ਕੇ ਜੀਣਾ ਚਾਹਿਆ
ਡਸ ਗਿਆ ਸਾਨੂੰ ਆਪਣਾ ਸਾਇਆ।
ਇਸ਼ਕ ਦਾ ਬੀਜ ਅਸੀਂ ਜਦ ਪਾਇਆ
ਭੋਏਂ ਸਾਰੀ ਕਲਰੀ ਹੋ ਗਈ।
ਪੋਹਲੀ ਦਾ ਓਥੇ ਬੂਟਾ ਉਗਿਆ
ਕੰਡਿਆਂ ਸਾਡਾ ਰੂਪ ਵੰਞਾਇਆ।

## ਰਮਜ਼

ਦਰਦ ਦਾ ਕਰਜ਼ ਹੈ ਸਿਰ ਤੇ ਚੜ੍ਹਿਆ
ਕਿਸ ਨੂੰ ਪੰਡ ਚੁਕਾਈਏ ਹੂ।
ਦਿਲ ਦਾ ਮਹਿਰਮ ਕੋਈ ਨਾ ਮਿਲਿਆ
ਕਿਸ ਨੂੰ ਰਮਜ਼ ਬਤਾਈਏ ਹੂ।
ਤੇਰੇ ਨਾਮ ਦੀ ਗਠੜੀ ਭਾਰੀ
ਕਿੰਜ ਅਸੀਂ ਪਾਰ ਲਿਜਾਈਏ ਹੂ।
ਮਨ ਦੇ ਪੈਰੀਂ ਪੈਵਣ ਚੀਸਾਂ
ਹੰਝੂ ਵੰਞ ਗਵਾਈਏ ਹੂ।
ਬਿਨਾਂ ਵੇਖੇ ਤੇ ਬਿਨਾਂ ਵਸਲ ਦੇ
ਚਾਹੀਏ ਅਸੀਂ ਮਰ ਜਾਈਏ ਹੂ।



## ਮੈਂ ਢੂੰਡ ਥੱਕੀ

ਜਿਸ ਦੇ ਨਾਲ ਅਸਾਂ ਯਾਰੀ ਲਾਈ
ਉਸ ਨੇ ਸਾਡੀ ਕਦਰ ਨਾ ਪਾਈ
ਹੋਈ ਸਾਡੀ ਬੜੀ ਰੁਸਵਾਈ
ਰੁੱਤਾਂ ਸਾਡੀ ਦੇਣ ਗਵਾਹੀ।

ਨੈਣਾਂ ਵਿਚ ਅੱਜ ਹੌਕੇ ਵਸਦੇ
ਹੋਠੀਂ ਸਾਡੇ ਹੰਝੂ ਹਸਦੇ
ਤਨ ਮਨ ਪੀੜੋ ਪੀੜ ਹੋਇਆ
ਪੀੜਾਂ ਨੂੰ ਨਾਗ ਪਏ ਡਸਦੇ।

ਕੋਈ ਨਾ ਵੈਦ ਸਾਡੇ ਦਿਲ ਦਾ
ਮਹਿਰਮ ਸੱਚਾ ਕਿਥੇ ਮਿਲਦਾ
ਚਾਵਾਂ ਦੇ ਪੈਰ ਤੁਰ ਤੁਰ ਥੱਕੇ
ਉਡੀਕ ਰਾਹਾਂ ਵਲ ਪਈ ਤੱਕੇ।

ਗਲੀ ਜ਼ਿੰਦਗੀ ਦੇ ਹੋਕੇ ਲਾਏ
ਫਿਰ ਵੀ ਉਸ ਨੂੰ ਲੱਭ ਨਾ ਪਾਏ
ਮਨ ਦੀ ਗੋਲਕ ਖਾਲੀ ਹੋ ਗਈ
ਵਣਜ ਕੋਈ ਪਰ ਕਰ ਨਾ ਪਾਏ।

## ਖਾਨਗਾਹ

ਤੂੰ ਬੜਾ ਈ ਕਸਬੀ
ਫੜਾਈ ਸਾਨੂੰ ਵੇ ਤਸਬੀ
ਬਿਰਹਾ ਦੇ ਜਿਹਦੇ ਮਣਕੇ
ਗਿਣ-ਗਿਣ ਮੈਂ ਹਾਂ ਥੱਕਦੀ।

ਤੂੰ ਭਰਮ ਭੁਲਾਵਾ ਪਾਇਆ
ਚੰਦਰਾ ਰੋਗ ਵੇ ਲਾਇਆ
ਦਿਲ ਸਾਡਾ ਹੋਇਆ ਪਰਾਇਆ
ਹੱਥੀਂ ਕੁਝ ਨਾ ਆਇਆ।

ਜਾ ਤੂੰ ਏਥੋਂ ਜਾ ਵੇ
ਤੈਨੂੰ ਦਿੱਤੀ ਨਾ ਅਸਾਂ ਪਨਾਹ ਵੇ
ਸਾਡੀ ਜਿੰਦ ਤਾਂ ਖਾਨਗਾਹ ਵੇ
ਤੂੰ ਏਥੇ ਨਾ ਦੀਵਾ ਜਗਾ ਵੇ।



## ਕਰਜ਼

ਅਸੀਂ ਖੈਰ ਮੰਗੀ
ਤੇਰੀ ਮਿੱਤਰਾ
ਦਰਦ ਦਾ
ਇਕ ਕਰਜ਼
ਸਾਡੇ ਸਿਰ
ਚੜ੍ਹ ਗਿਆ।
ਅਸੀਂ ਅਰਥ ਨਾ ਬਣ—
ਸਕੇ ਮਿੱਤਰਾ
ਵਰਜਿਤ ਲਫ਼ਜ਼
ਕੋਈ ਜਾਦੂ
ਕਰ ਗਿਆ।
ਅਸੀਂ ਗ਼ੈਰ ਰਹੇ
ਤੈਥੋਂ ਮਿੱਤਰਾ
ਸਵਾਲ ਸਾਡਾ

ਜਵਾਬ ਬਣਨੋ
ਪਹਿਲੋਂ
ਹਰ ਗਿਆ।
ਅਸੀਂ ਪਸ਼ੇਮਾਨ ਰਹੇ
ਤੈਥੋਂ ਮਿੱਤਰਾ
ਹਰ ਲਮਹਾ
ਸਾਨੂੰ ਸਦਾ
ਪਰੇਸ਼ਾਨ
ਕਰ ਗਿਆ।
ਅਸੀਂ ਖੈਰ ਮੰਗੀ
ਤੇਰੀ ਮਿੱਤਰਾ
ਪੀੜ ਪੀੜ
ਸਾਡੀ ਰੂਹ
ਖਵਰੇ ਕੌਣ
ਕਰ ਗਿਆ।



## ਤੁਆਰਫ

ਤੇਰਾ ਤੁਆਰਫ
ਕਿੰਝ ਕਰਾਵਾਂ
ਮੇਰੀ ਕਲਮ ਦੇ
ਹੋਠੀਂ
ਸੰਗੇ ਪਿਆ

ਤੂੰ,
ਨਾ ਮਹਿਬੂਬ, ਨਾ ਦੋਸਤ
ਨਾ ਖੁਦਾ
ਨਾ ਮੁਹੱਬਤ, ਨਾ ਇਸ਼ਕ
ਨਾ ਰਕੀਬ
ਨਾ ਦੁਸ਼ਮਣ, ਨਾ ਸ਼ੈਤਾਨ
ਨਾ ਵੈਰ
ਨਾ ਕਹਿਰ ਨਾ ਜ਼ਹਿਰ ;

ਜਜ਼ਬਾ ਤੇ
ਸ਼ਿਦਤ,
ਤੇਰਾ ਤੁਆਰਫ਼
ਤੂੰ ਹੀ ਹੈਂ!

## ਅਹਿਸਾਸ

ਤੂੰ ਮੇਰੀ ਜ਼ਿੰਦਗੀ 'ਚ
ਇੰਜ ਆਇਐਂ
ਜਿਵੇਂ ਮੈਂ
ਰੇਸ਼ਮੀ ਅਹਿਸਾਸ ਦੀ
ਬੁੱਕਲ ਮਾਰੀ ਹੋਵੇ।
ਤੂੰ ਮੇਰੇ ਸਾਹਾਂ 'ਚ
ਇੰਜ ਘੁਲਿਐਂ
ਜਿਵੇਂ ਪੌਣ
ਫੁੱਲਾਂ ਦੇ ਦੇਸ਼ 'ਚੋਂ
ਗੁਜ਼ਰਦੀ ਹੋਵੇ।
ਤੇਰਾ ਪਿਆਰ
ਮੇਰੀਆਂ ਰਗਾਂ 'ਚ
ਲਹੂ ਬਣ ਕੇ
ਰਿਹਾ ਧੜਕਦਾ
ਮੇਰੇ ਦਿਲ ਦੀਆਂ
ਅੱਖਾਂ 'ਚ
ਜਗਿਆ ਤੂੰ



ਹਮੇਸ਼ਾ ਚਾਨਣ ਬਣ ਕੇ।
ਮੇਰੀਆਂ ਸੋਚਾਂ
ਦੀਆਂ ਪਲਕਾਂ
ਨਹੀਂ ਕਦੀ ਥੱਕੀਆਂ
ਤੇਰੀ ਉਡੀਕ 'ਚ
ਤੇਰਾ ਖਿਆਲ
ਤੇਰਾ ਆਗਮਨ
ਦੇਂਦਾ ਰਿਹਾ
ਹਮੇਸ਼ਾ ਸਕੂਨ ਮੈਨੂੰ।
ਤਪਦੀ ਇਸ
ਜ਼ਿਮੀਂ 'ਤੇ ਵੀ
ਕਰਦੀ ਰਹੀ
ਹੌਸਲਾ ਜੀਣ ਦਾ
ਇਸੇ ਲਈ।
ਤੂੰ ਮੇਰੀ ਜ਼ਿੰਦਗੀ 'ਚ
ਇੰਜ ਆਇਐਂ
ਜਿਵੇਂ ਮੈਂ
ਰੇਸ਼ਮੀ ਅਹਿਸਾਸ ਦੀ
ਬੁੱਕਲ ਮਾਰੀ ਹੋਵੇ।

## ਪੰਛੀ

ਦੇਵ ਦਤ ਦੇ ਤੀਰ ਨਾਲ
ਜ਼ਖਮੀ ਹੋਇਆ ਇਕ ਪੰਛੀ
ਸਿਧਾਰਥ ਨੇ ਫੜ ਲਿਆ
ਤੇ ਆਖਿਆ :
ਮੈਂ ਇਹਦੇ ਜ਼ਖਮਾਂ ਦੇ
ਘੁਟ ਭਰ ਕੇ
ਇਹਦੇ ਜ਼ਖ਼ਮਾਂ ਨੂੰ
ਹਰ ਕੇ
ਆਜ਼ਾਦ ਕਰਾਂਗਾ;
ਸਿਧਾਰਥ ਨੂੰ ਸ਼ੌਕ ਸੀ
ਸੰਨਿਆਸ ਦਾ
ਉਹ ਸਫ਼ਰਾਂ ਨੂੰ
ਤੁਰ ਗਿਆ
ਦੇਵਦਤ ਅਣਭੋਲ ਬਣ ਕੇ
ਘਰ ਨੂੰ ਮੁੜ ਗਿਆ;
ਪੰਛੀ ਦਾ ਕੀ ਹਾਲ ਹੋਇਆ
ਕੋਈ ਨਹੀਂ ਜਾਣਦਾ?



## ਕਥਾ ਇਕ ਸ਼ਹਿਰ ਦੀ

ਤੂੰ ਜਦ ਮੈਨੂੰ
ਪੁਰਾਣੀ ਪਹਿਚਾਣ ਵਾਂਗ
ਮਿਲਿਆ
ਅਵੇਸਲੇ ਹੀ
ਤੁਰ ਪਈ ਮੈਂ
ਖਵਾਬਾਂ ਦੇ ਸ਼ਹਿਰ ਨੂੰ
ਬੋਝਲ ਅੱਖਾਂ ਉਠਾ
ਨੀਂਦ ਦੀ ਬਾਰੀ 'ਚੋਂ
ਬਾਹਰ ਜਦ ਤੱਕਿਆ
ਸ਼ਿਦਤ ਦੇ ਹੋਠਾਂ ਤੇ
ਹੌਕੇ ਸਨ ਕੰਬਦੇ
ਜਜ਼ਬੇ ਦਿਆਂ ਨੈਣਾਂ 'ਚ
ਅੱਥਰੂ ਵਾਂਗ ਮੋਤੀਆਂ
ਚਮਕਦੇ
ਦਿਲ ਦੀ ਕਿਸ਼ਤੀ 'ਚ ਬੈਠੀ
ਸੁਣ ਰਹੀ ਹਾਂ
ਤਦ ਤੋਂ
ਖਵਾਬਾਂ ਤੋਂ ਪਰੇ
ਖੌਲਦੇ ਸਮੁੰਦਰ—
ਦਾ ਸ਼ੋਰ!

## ਲੁਕਣਮੀਟੀ

ਇਸ ਤੋਂ ਪਹਿਲਾਂ
ਮਖੌਟਿਆਂ ਦੀ
ਭੀੜ 'ਚ ਤੂੰ ਵੀ
ਗਵਾਚ ਜਾਵੇਂ
ਬੇਨਕਾਬ ਹੋ ਕੇ
ਜੀਣਾ ਸਿਖ
ਇਹ ਨਾ ਹੋਵੇ
ਭੀੜ 'ਚੋਂ
ਹਰ ਇਕ ਮਖੌਟਾ
ਉਤਾਰ ਕੇ ਲੱਭਾਂ
ਤੂੰ ਕਿੱਥੇ ਹੈਂ ?
ਜਿਸ ਨੂੰ ਮੈਂ
ਸੱਚ ਵਰਗਾ ਦੋਸਤ
ਸਮਝਦੀ ਸਾਂ
ਲੁਕਣਮੀਟੀ ਦੀ
ਖੇਡ 'ਚ
ਮੀਟੀ ਦਿੰਦਿਆਂ
ਮੈਂ ਹੁਣ ਤਕ
ਥੱਕ ਚੁੱਕੀ ਹਾਂ
ਬਹੁਤ
ਪਰਤ ਆ ਤੂੰ
ਇਸ ਨਕਾਬਾਂ ਦੀ
ਭੀੜ 'ਚੋਂ
ਮੈਂ ਆਖਦੀ ਹਾਂ
ਪਰਤ ਆ!



## ਦੁਆ

ਪੱਤਿਆਂ ਤੋਂ ਸੱਖਣੇ
ਰੁੱਖ
ਧੁਆਂਖੀਆਂ ਹੋਈਆਂ
ਬਾਹਵਾਂ ਚੁੱਕੀ
ਮਜ਼ਲੂਮ ਲੋਕਾਂ ਵਾਂਗ
ਖੜੇ
ਮਾਸੂਮ ਹੌਕਿਆਂ ਵਾਂਗ
ਕੰਬਦੇ
ਇਕ ਦੁਆ ਪਏ
ਮੰਗਦੇ
ਹਰਿਆਲੀ ਦੀ
ਰੱਬ ਤੋਂ
ਇਹ ਹੈ ਇਕ
ਮੌਸਮ
ਪੱਤਝੜ ਦਾ!

ਪੱਤਿਆਂ ਤੋਂ ਸੱਖਣੇ
ਰੁੱਖ
ਬਿਰਹਾ ਰੰਗੀਆਂ
ਬਾਹਵਾਂ ਚੁੱਕੀ
ਮਜ਼ਲੂਮ ਜਜ਼ਬਿਆਂ ਦੀਆਂ
ਲਾਸ਼ਾਂ 'ਤੇ
ਦਿਲ ਅੰਦਰ
ਖੜੇ
ਪੱਤੇ ਵਾਂਗ ਕੰਬਦੇ
ਇਕ ਦੂਆ ਪਏ
ਮੰਗਦੇ
ਮੁੜ ਪਰਤ ਜਾਣ ਦੀ
ਆਪਣੇ ਦੇਸ
ਇਹ ਹੈ ਕੈਸਾ
ਮੌਸਮ
ਪੱਤਝੜ ਦਾ?
ਜੋ ਚਿਹਰੇ ਤੋਂ
ਤੱਕਿਆ ਨਹੀਂ
ਜਾ ਸਕਦਾ!



## ਸਵਾਲੀਆ ਨਿਸ਼ਾਨ

ਕਿੰਜ ਕਹੀਏ
ਮਨ ਕਿਵੇਂ ਖੁਸਦਾ ਤੇ
ਟੁਟਦਾ ਏ
ਭਾਰਤ ਤੋਂ ਜਦ
ਵਿਦਾ ਲਈਦੀ ਏ
ਦਿਲ ਟੁਕੜੇ ਹੋ ਕੇ
ਏਥੇ ਹੀ ਕਿਤੇ
ਬਿਖਰ ਜਾਣਾ
ਚਾਹੁੰਦਾ ਏ
ਮੇਰਾ ਜਿਸਮ
ਮੇਰੇ ਨਾਲ ਤੁਰਦਾ ਏ
ਨਾਲ ਤੁਰਦੀਆਂ ਨੇ
ਕੁਝ ਮਜਬੂਰੀਆਂ
ਲਾਲਚੀ ਜਿਹੀਆਂ ਖ਼ਾਹਸ਼ਾਂ ਤੇ
ਜੋਗੀ ਰੂਹ ਦੀ ਭਟਕਣ
ਅੱਖਾਂ 'ਚ ਅੱਥਰੂ
ਲਟਕ ਜਾਂਦੇ ਨੇ
ਸਵਾਲੀਆ ਨਿਸ਼ਾਨ ਬਣ ਕੇ
ਫਿਰ ਪਰਤ ਆਉਣ ਤਕ।

## ਰੂਹ ਇਕ ਕੁੜੀ ਗੁੰਮ ਹੋ ਗਈ

ਰੂਹ ਇਕ ਕੁੜੀ
ਗੁੰਮ ਹੋ ਗਈ,
ਪਹਾੜਾਂ ਦੀ ਬੁਕਲੇ
ਜਾ ਕੇ ਸੁੱਤੀ
ਨਾਲ ਤਾਰਿਆਂ
ਗੱਲਾਂ ਕਰਦੀ
ਵਿਚ ਅਸਮਾਨੇ
ਉੱਡਦੀ ਰਹਿੰਦੀ।
ਰੂਹ ਇਕ ਕੁੜੀ
ਗੁੰਮ ਹੋ ਗਈ
ਸਖ਼ਤ ਚੱਟਾਨਾਂ ਉੱਤੇ
ਬਰਫ਼ਾਂ ਢੱਕੀਆਂ
ਮਹੀਨ ਆਰਕੰਡੀ ਦੀ
ਬੁੱਕਲ ਮਾਰੀ
ਸ਼ਰਮਾਂਦੀਆਂ ਲਜਿਆਂਦੀਆਂ
ਹੁਸਨ ਦੀਆਂ ਮੁਟਿਆਰਾਂ।
ਰੂਹ ਇਕ ਕੁੜੀ



ਗੁੰਮ ਹੋ ਗਈ
ਵਿਚ ਬੱਦਲਾਂ ਦੇ
ਥੱਬੇ ਭਰ ਭਰ
ਕਲਾਵੇ ਭਰਦੀ
ਨੱਠੀ ਫਿਰਦੀ
ਉੱਡਦੀ ਫਿਰਦੀ
ਬੱਦਲ ਜਿਵੇਂ
ਮਹਿਬੂਬ ਨੇ ਉਸਦੇ
ਖਿਲਾਅ ਦਾ
ਸਾਰਾ ਪਿਆਰ ਉਹ
ਝੋਲੀ ਭਰ ਲਿਆਏ।
ਰੂਹ ਇਕ ਕੁੜੀ
ਗੁੰਮ ਹੋ ਗਈ
ਵਿਚ ਸਾਗਰ ਦੇ
ਕਿੰਨਾ ਡਾਢਾ
ਕਿੰਨਾ ਵਿਸ਼ਾਲ
ਸ਼ਾਂਤ ਜਿਹਾ
ਉਹ ਰੌਲਾ ਪਾਵੇ
ਰੋਹ ਵਿਚ ਆਵੇ

ਹੁਸਨ ਕੁੜੀ ਦਾ
ਮਾਤ ਨਾ ਖਾਵੇ
ਉਸਨੂੰ ਕਰੇ ਪਿਆਰ।
ਰੂਹ ਇਕ ਕੁੜੀ
ਗੁੰਮ ਹੋ ਗਈ
ਵਿਚ ਕੁਦਰਤ ਦੇ
ਮੁਕਤੀ ਜਿਹਦੀ–
ਜੋਗੀ ਰੂਹ ਉਹਦੀ
ਰੋਜ਼ ਹੀ ਬਿਣਸੇ
ਪੱਤਿਆਂ ਫੁੱਲਾਂ
ਝਾੜੀਆਂ ਕੰਡਿਆਂ
ਢੱਕੀਆਂ
ਪਗਡੰਡੀਆਂ ਉੱਤੇ
ਰੋਜ਼ ਹੀ ਆਵੇ
ਰੋਜ਼ ਹੈ
ਉਡਦੀ ਜਾਂਦੀ
ਚੈਨ ਨਾ ਪਾਂਦੀ
ਰੂਹ ਇਕ ਕੁੜੀ
ਗੁੰਮ ਹੋ ਗਈ
ਵਿਚ ਕੁਦਰਤ ਦੇ।



## ਮਨਫੀ

ਮਰਦ ਵਿਚੋਂ
ਸਭ ਕੁਝ ਵਧੀਆ
ਮਨਫੀ ਕਰ ਦੇਈਏ
(ਉਹ) ਆਪਣੇ ਸਾਰੇ
ਘਟੀਆਪਨ ਨਾਲ
ਸਾਹਮਣੇ ਆਵੇ
ਔਰਤ ਨੂੰ ਆਖੇ
ਇਹੀ ਹੈ ਮਰਦਾਨਗੀ
ਇਹ ਕੈਸੀ ਮਰਦਾਨਗੀ ?
ਔਰਤ ਨੂੰ ਇਹ
ਸਵਾਲ ਸਤਾਵੇ !

## ਕਬਰ

ਚੰਗਾ ਹੋਇਆ ਤੂੰ ਵੀ
ਉਸੇ ਕਬਰਸਤਾਨ 'ਚ
ਆ ਗਿਐਂ
ਜਿਥੇ ਹੋਰ ਨਕਾਬਪੋਸ਼
ਦਫ਼ਨ ਹਨ।
ਤੂੰ ਵੀ ਨਕਾਬਪੋਸ਼
ਨਿਕਲਿਆ
ਮਲਮਲ ਦਾ ਨਕਾਬ ਪਾਈ
ਉਸ ਮਹੀਨ ਮਲਮਲ ਦਾ
ਜਿਹਨੂੰ ਉਣਨ ਵਾਲਿਆਂ
ਦੇ ਹੱਥ
ਸਮੇਂ ਦੇ ਹਾਕਮਾਂ
ਦਿੱਤੇ ਸਨ ਕਟਵਾ।
ਤੂੰ ਜਦ ਹਾਕਮਾਂ
ਦੀ ਸਫ਼ ਵਿਚ
ਜਾ ਰਲਿਆ
ਮੈਨੂੰ ਪਤਾ ਤਦ ਲੱਗਾ
ਤੇਰਾ ਨਕਾਬ ਪਾੜਨ
ਦੀ ਥਾਂ
ਮੇਰੇ ਕਾਰੀਗਰ ਹੱਥ
ਇਕ ਹੋਰ ਕਬਰ ਪੁੱਟਣ
ਡਹਿ ਪਏ।



## ਮਖੌਟਿਆਂ ਦਾ ਜਲੂਸ

ਬਚਪਨ ਵਿਚ
ਰਾਮ ਲੀਲ੍ਹਾ ਦਾ ਜਲੂਸ
ਵੇਖਣਾ
ਇਕ ਚਾਅ ਸੀ ਹੁੰਦਾ
ਮਨ ਦਾ
ਜਲੂਸ ਵਿਚ ਕਈ ਸਦੀਆਂ ਪਹਿਲਾਂ
ਵਾਲੇ ਪਾਤਰ
ਸੜਕਾਂ ਤੇ ਸਨ ਤੁਰਦੇ,
ਪਹਿਨ ਮਖੌਟੇ
ਕੋਈ ਚਲਦਾ ਸੀ ਬਣ ਕੇ
ਹਨੂੰਮਾਨ
ਨਾਲ ਹੀ ਬਾਂਦਰ ਸੈਨਾ
ਕੋਈ ਬਣਦਾ ਸੁਗਰੀਵ ਜਾਂ
ਬਾਲੀ
ਕਿੰਨੇ ਬਣਦੇ ਸਨ
ਰਾਵਣ ਦੇ ਭਾਈ
ਮੇਘਨਾਥ ਰੱਥ 'ਤੇ ਬੈਠਾ
ਸੁੱਤਾ ਰਹਿੰਦਾ
ਘੁਰਾੜੇ ਸੁਣ ਸੁਣ ਉਸਦੇ
ਬੱਚੇ ਸਨ ਹੱਸਦੇ ਨੱਚਦੇ
ਫਿਰ ਆਉਂਦਾ ਸੀ
ਰੱਥ ਇਕ ਸੱਜਿਆ ਹੋਇਆ
ਨਾਲ ਫੁੱਲਾਂ ਦੇ

ਲਾਲ ਸੁਨਹਿਰੀ ਰੰਗਾਂ ਵਾਲੇ
ਸੋਹਣੇ ਛਤਰਾਂ ਦੇ ;
ਵਿਚ ਸਨ ਬਹਿੰਦੇ
ਰਾਮ ਚੰਦਰ ਸੀਤਾ ਤੇ
ਲਛਮਣ
ਸੋਹਣੇ ਵਸਤਰ ਪਾਈ
ਧਨੁੱਖ ਉਠਾਈ
ਮੁਕਟ ਲਗਾਈ
ਸੀਤਾ ਸਾਨੂੰ ਵਾਂਗ ਪਰੀਆਂ ਦੇ
ਸੋਹਣੀ ਲਗਦੀ
ਰਾਮ ਚੰਦਰ ਤੇ ਲਛਮਣ ਸਨ
ਸੂਰਬੀਰਾਂ ਦੇ ਸਰਦਾਰ ਜਾਪਦੇ
ਮਨ ਇਕ ਅਜਬ ਵਜਦ ਵਿਚ
ਭਰ ਜਾਂਦਾ
ਤਦ ਆਉਂਦਾ ਕੋਈ
ਮਖੌਟੇ ਵੇਚਣ ਵਾਲਾ ਭਾਈ
ਪੈਸੇ, ਪੈਸੇ, ਆਨੇ ਆਨੇ
ਅਸੀਂ ਲੈਣੇ ਮਖੌਟੇ
ਮਾਂ ਨੂੰ ਕਹਿੰਦੇ
ਜ਼ਿੱਦ ਸਾਂ ਕਰਦੇ
ਤੇ ਪਹਿਨ ਮਖੌਟੇ
ਨੱਚਦੇ ਗਾਉਂਦੇ ਹੱਸਦੇ
ਮਹਿਸੂਸ ਸਾਂ ਕਰਦੇ
ਕਈ ਸਦੀਆਂ ਪਿੱਛੇ ਦਾ
ਸਫ਼ਰ ਅਸਾਂ ਜਿਵੇਂ



ਤਹਿ ਚਾ ਕੀਤਾ
ਥੋੜ੍ਹੀ ਦੂਰ ਨਾਲ ਜਲੂਸ ਦੇ
ਚਲਦੇ
ਮਨ ਸਾਡੇ ਫਿਰ ਮਚਲਦੇ
ਘਰ ਨੂੰ ਮੁੜਦੇ
ਅਗਲੇ ਦਿਨ ਤੋਂ
ਅਗਲੇ ਸਾਲ ਲਈ
ਜਲੂਸ ਰਾਮ ਲੀਲ੍ਹਾ ਦੀ
ਉਡੀਕ ਅਸੀਂ ਫਿਰ ਕਰਦੇ
ਇਕ ਦਿਨ ਰੋਜ਼ ਘਟਾਉਂਦੇ
ਵਰ੍ਹੇ ਦੇ ਦਿਨ ਗਿਣਦੇ
ਕਿ ਛੇਤੀ ਨਾਲ ਦਿਨ ਫਿਰ
ਜਲੂਸ ਦਾ ਆਵੇ
ਜਦ ਸ਼ਹਿਰ ਸਾਡਾ
ਸਦੀਆਂ ਪਹਿਲਾਂ ਦੇ
ਪਤਾਲ 'ਚ ਉਤਰ ਜਾਵੇ
ਅਸੀਂ ਫਿਰ ਨਾਲ ਜਲੂਸ ਦੇ
ਤੁਰੀਏ ਪਹਿਨ ਮਖੌਟੇ।
ਕਿਤਨੇ ਸਾਲ ਨੇ ਬੀਤ ਗਏ
ਇਹ ਜਲੂਸ ਵੇਖਣ ਨੂੰ
ਤਰਸੇ—
ਪਰ ਹੁਣ ਤਾਂ ਜ਼ਿੰਦਗੀ
ਸਾਰੀ ਹੀ
ਮਖੌਟਿਆਂ ਦਾ ਇਕ ਲੰਬਾ ਜਲੂਸ
ਬਣੀ ਹੋਈ ਹੈ ਬੀਤ ਰਹੀ

ਇਹਦੇ ਰਾਹਾਂ 'ਚ
ਹਰ ਗਲੀ-ਹਰ ਨੁਕਰੇ ਜਾਂ ਚੌਰਾਹੇ
ਪਹਿਨ ਮਖੌਟੇ
ਪਾਤਰ ਮਿਲਦੇ
ਕਿਧਰੇ ਰਿਸ਼ਤੇ, ਕਿਧਰੇ ਦੋਸਤ
ਰਾਜਨੀਤੀ ਤੇ ਧਰਮ ਵੀ
ਪਹਿਨ ਮਖੌਟੇ ਤੁਰਦੇ
ਰੋਜ਼ ਹਾਂ ਤੱਕਦੀ
ਮਖੌਟਿਆਂ ਦਾ ਇਹ ਲੰਬਾ
ਅਮੁੱਕ ਜਲੂਸ
ਰੋਜ਼ ਹਾਂ ਹਰਦੀ
ਮਨ ਦੇ ਚਾਵਾਂ ਸਾਹਵੇਂ
ਕਿ ਮਨ ਤਾਂ ਬਚਪਨ ਦਾ ਉਹੀ
ਰਾਮ ਲੀਲ੍ਹਾ ਦਾ ਜਲੂਸ;
ਵੇਖਣ ਨੂੰ ਤਰਸੇ
ਏਥੇ ਤਾਂ ਅੱਜ
ਕੁਫਰ ਤੇ ਝੂਠ
ਰਾਵਣ ਤੇ ਹਿਟਲਰ
ਪਹਿਨ ਮਖੌਟਾ
ਰਾਮ ਦਾ
ਸੜਕਾਂ ਤੇ ਤੁਰਦੇ
ਮੂੰਹ ਤੇ ਪਹਿਨ ਮਖੌਟਾ
ਚੁਪ-ਚੁਪੀਤੀ ਤੁਰ ਪਵਾਂ ਮੈਂ ਵੀ
ਇਸ ਜਲੂਸ ਦੇ ਨਾਲ
ਵਾਂਗ ਬਚਪਨ ਦੇ
ਇਹੀ ਸੱਚ ਹੈ ਜ਼ਹਿਰੀਲਾ
ਜ਼ਿੰਦਗੀ ਦੇ ਇਸ ਸ਼ਹਿਰ ਦਾ....



## ਅਗਲੀ ਤਰੀਕ

ਜ਼ਿੰਦਗੀ ਦੀ ਥੈਲੀ 'ਚੋਂ
ਸੱਚ ਤੇ ਇਤਬਾਰ ਦੀਆਂ
ਦੋ ਅਸ਼ਰਫੀਆਂ
ਗੁੰਮ ਜਾਣਗੀਆਂ
ਗੁਮਾਨ ਨਹੀਂ ਸੀ ਮੈਨੂੰ
ਗਵਾ ਕੇ ਇਹਨਾਂ ਨੂੰ
ਮੁਕਦਮਾ ਮੇਰਾ
ਕ੍ਰਿਸ਼ਨ ਸਾਹਵੇਂ
ਪੇਸ਼ ਹੋਇਆ
ਵਕਤ ਹੈ
ਵਕੀਲ ਮੇਰਾ
ਮੁਜਰਿਮ ਹਨ
ਉਹ ਜਜ਼ਬੇ ਤੇ
ਖਿਆਲ
ਜਿਹਨਾਂ ਭੀੜ 'ਚ ਖੜੇ
ਦੋਸਤੀ ਦੇ ਅਰਥਾਂ ਨੂੰ
ਸ਼ਨਾਖਤ ਕਰਦਿਆਂ
ਗ਼ਲਤ ਸੀ ਪਛਾਣਿਆ
ਵਕੀਲ ਤਕ ਪਹੁੰਚ
ਤਦ ਹੋਈ
ਖੋ ਗਏ ਜਦ
ਅਰਥ ਤੇ
ਲਫ਼ਜ਼ ਹੀ ਕੇਵਲ

ਰਹਿ ਗਏ
ਕ੍ਰਿਸ਼ਨ ਨੇ ਫ਼ੈਸਲਾ ਸੁਣਾਇਆ :
'ਕਰਮ ਕਰੋ ਪਰ
ਫਲ ਨਾ ਉਡੀਕੋ'
ਵਕੀਲ ਨੇ
ਜਿਰਹਾ ਕੀਤੀ
ਫਲ ਕਿਉਂ ਨਾ ਉਡੀਕੋ ?
(ਤੇ) ਫਲ ਤਦ ਹੀ ਚੰਗਾ
ਮਿਲੇਗਾ
ਦੁਨੀਆਂ ਦੇ ਇਸ ਬਾਜ਼ਾਰ 'ਚੋਂ
ਜੇ ਜ਼ਿੰਦਗੀ ਦੀ
ਥੈਲੀ 'ਚ
ਸੱਚ ਤੇ ਇਤਬਾਰ ਦੇ ਸਿੱਕੇ
ਛਣਕਦੇ ਰਹਿਣਗੇ
ਕ੍ਰਿਸ਼ਨ ਚੁੱਪ-ਚਾਪ
ਖਿਆਲਾਂ ਤੇ ਜਜ਼ਬਿਆਂ
ਵਲ ਤੱਕਣ ਲਗਿਆ ਕਿ
ਉਹਨਾਂ ਦੇ ਮਾਸੂਮ ਚਿਹਰਿਆਂ ਤੋਂ
ਕਿਧਰੇ ਝੂਠੇ ਗਵਾਹਾਂ
ਵਰਗਾ ਸਬੂਤ
ਮਿਲ ਜਾਵੇ
ਪਰ ਸਬੂਤ ਦੀ
ਅਣਹੋਂਦ ਕਾਰਨ
ਫੈਸਲੇ ਲਈ
ਅਗਲੀ ਤਰੀਕ
ਦੇ ਦਿੱਤੀ ਗਈ।



## ਸੂਲੀ

ਜੰਮਦਿਆਂ ਹੀ
ਮੇਰੀ ਹੋਂਦ ਨੂੰ
'ਪਰ' ਦੀ ਪਗਡੰਡੀ 'ਤੇ
ਤੋਰ ਦਿੱਤਾ ਗਿਆ
ਅਵੇਸਲੇ ਅਹਿਸਾਸਾਂ ਸੰਗ
ਤੁਰਦੀ
ਜਦ ਇਹ
ਇਕ ਮੁਕਾਮ ਤੇ
ਪਹੁੰਚੀ
ਮਾਪਿਆਂ ਇਸ ਨੂੰ
ਮੇਰੀ ਮੰਜ਼ਿਲ
ਸਮਝਿਆ
ਇਸ ਕਿਆਮ 'ਤੇ
ਤਰਸ ਕਰਕੇ

ਅਗਲਿਆਂ
ਮੇਰੀ ਹੋਂਦ ਨੂੰ
'ਬੇਗਾਨੀ ਧੀਅ'
ਦੇ ਲਕਬ ਨਾਲ
ਸਨਮਾਨਿਆ
ਮਾਪਿਆਂ ਦੇ ਘਰ ਸਾਂ
'ਪਰਾਈ'
ਤੇ ਏਥੇ ਹਾਂ
'ਬੇਗਾਨੀ'
ਇਹਨਾਂ ਵਿਚਾਰਗੀ ਭਰੇ
ਲਫ਼ਜ਼ਾਂ ਨਾਲ ਵੱਟੀ ਰੱਸੀ
ਸੰਗ
ਖਵਰੇ ਕਦ ਤਕ
ਹੋਂਦ ਮੇਰੀ
ਵਕਤ ਦੀ ਸੂਲੀ 'ਤੇ
ਲਟਕਦੀ ਰਹੇਗੀ।



## ਜ਼ਿਕਰ

ਘਰ ਵਿਚ ਜਦ
ਪੁੱਤਰਾਂ ਦੀ ਚੰਚਲਤਾ
ਦਲੇਰੀ ਤੇ ਅਕਲ
ਦਾ ਜ਼ਿਕਰ ਤੁਰਦੈ
ਘਰ ਦੀਆਂ ਧੀਆਂ
ਦਾ ਜ਼ਿਕਰ ਖਵਰੇ
ਕਿਉਂ ਮਨਫ਼ੀ ਹੋ ਜਾਂਦੈ ?
ਧੀਅ ਲਫ਼ਜ਼ ਵਿਚ
ਚੰਚਲਤਾ ਲਫ਼ਜ਼ ਦਾ
ਜਮ੍ਹਾਂ ਹੋਣਾ
ਘਰਦਿਆਂ ਧੌਲਿਆਂ ਤੇ
ਗਰਮ ਲਹੂਆਂ ਨੂੰ
ਨਹੀਂ ਸੁਖਾਂਦਾ
ਮਰਦ ਦੀ ਦਲੇਰੀ ਦੀ
ਕਥਾ ਕਰਦੇ
ਔਰਤ ਦੇ ਮਹਿਨੇ
ਕਮਜ਼ੋਰ ਦੱਸਦੇ
ਖਵਰੇ ਕਿਉਂ
ਭੁੱਲ ਜਾਂਦੇ ਹਨ
ਸਾਹਿਬ ਕੌਰ ਤੇ
ਲਕਸ਼ਮੀ ਬਾਈ ਨੂੰ
ਔਰਤ ਦੀ ਅਕਲ ਨੂੰ
ਉਲਾਂਭੇ ਦਿੰਦੇ
ਖਵਰੇ ਕਿਉਂ
ਭੁੱਲ ਜਾਂਦੇ ਹਨ
ਸਰਸਵਤੀ ਨੂੰ !

## ਸਵਾਲ ਬਿਨਾਂ ਜਵਾਬ

ਉਸ ਨੇ ਮੈਥੋਂ
ਮੇਰੇ ਘਰ ਦਾ ਪਤਾ
ਪੁੱਛਿਆ :
ਆਖਿਆ
'ਮੇਰੇ ਘਰ ਦਾ ਪਤਾ
ਮੈਨੂੰ ਹੀ ਨਹੀਂ ਪਤਾ
ਤੈਨੂੰ ਕਿੰਜ ਦੱਸਾਂ?'
ਉਸ ਨੇ ਫਿਰ ਪੁੱਛਿਆ :
'ਕੀ ਤੂੰ
ਖਾਨਾਬਦੋਸ਼ ਏਂ?'
'ਨਹੀਂ'
ਬੇਵਤਨ ਏਂ?
'ਨਹੀਂ'
ਜਲਾਵਤਨ ਏਂ?
'ਨਹੀਂ'
'ਕੌਣ ਏਂ ਫਿਰ'
'ਔਰਤ ਹਾਂ ਮੈਂ!'



## ਸਨਮਾਨ

ਅਸਾਂ ਤਾਂ
ਉਸ ਦਿਨ ਹੀ
ਤੇਰਾ ਨਾਂਅ
ਆਪਣੇ ਮਨ ਤੇ
ਤਨ ਦੀ
ਦੀਵਾਰ 'ਤੇ
ਲਿਖ ਦਿੱਤਾ ਸੀ
ਜਿਸ ਦਿਨ ਸੀ
ਤੈਨੂੰ ਤੱਕਿਆ
ਫਿਰ ਅਸਾਂ ਤੈਨੂੰ
ਮੁਹੱਬਤ ਕੀਤੀ
ਬੇਪਨਾਹ
ਇਸ਼ਕ ਕੀਤਾ
ਸ਼ਿੱਦਤ ਨਾਲ
ਜਿਸ ਦਿਨ ਤੂੰ ਸਾਨੂੰ
ਸਿਰਫ਼ ਬੀਵੀ ਦੇ
ਲਕਬ ਨਾਲ
ਸਨਮਾਨਿਆ
ਜਿਸ ਵਿਚੋਂ ਮੁਹੱਬਤ
ਮਨਫ਼ੀ ਸੀ
ਜਾਪਿਆ
ਸੋਹਣੀ ਇਕੱਲੀ ਹੀ
ਝਨਾਂ ਵਿਚ
ਡੁੱਬ ਮੋਈ ਸੀ।

## ਸ਼ੋ ਪੌਂਪ

ਸ਼ੋ-ਕੇਸਾਂ ਵਿਚ ਖੜੀਆਂ
ਵੰਨ-ਸੁਵੰਨੀਆਂ
ਸੋਹਣੀਆਂ ਨਾਰਾਂ
ਲਾਲ, ਨੀਲੀਆਂ
ਪੀਲੀਆਂ, ਹਰੀਆਂ
ਸੱਤ ਰੰਗਾਂ ਦੀਆਂ
ਰੇਸ਼ਮੀ ਜ਼ਰੀ ਬੂਟੀ ਨਾਲ
ਕੱਢੀਆਂ ਸਾੜ੍ਹੀਆਂ ਪਾਈ
ਫੈਸ਼ਨਦਾਰ ਸਲਵਾਰ-ਕਮੀਜ਼
ਸਿਰ ਤੇ ਭੋਛਣ ਮਟਕਾਈ
ਇੰਜ ਨਖ਼ਰੇ ਨਾਲ
ਖੜੀਆਂ ਹੋਈਆਂ
ਜਿਵੇਂ ਮੁਕਲਾਵੇ ਆਈਆਂ
ਮੁਟਿਆਰਾਂ!
ਵੇਖਣ ਨੂੰ ਇਹ ਕੇਡਾ
ਚੰਗਾ ਲਗਦਾ ਏ
ਮਨ ਰੇਸ਼ਮ ਵਾਂਗ
ਮਚਲਦਾ ਏ।



ਸ਼ੋ-ਕੇਸਾਂ ਵਿਚ ਖੜੀਆਂ
ਵੰਨ-ਸੁਵੰਨੀਆਂ
ਗੋਰੀਆਂ ਨਾਰਾਂ
ਲਾਲ, ਨੀਲੀਆਂ
ਪੀਲੀਆਂ, ਹਰੀਆਂ
ਸੱਤ ਰੰਗਾਂ ਦੇ
ਰੇਸ਼ਮੀ ਲੰਮੇ ਸੋਹਣੇ
ਪਟਰਾਣੀਆਂ ਵਰਗੇ ਘੇਰਿਆਂ ਵਾਲੇ
ਚੋਗੇ ਪਾਈ
ਫੈਸ਼ਨਦਾਰ ਸਕਰਟ-ਬਲਾਊਜ਼
ਚਿੱਟੇ, ਨੀਲੇ ਪੱਥਰਾਂ ਦੇ
ਜ਼ੇਵਰ ਮਟਕਾਈ
ਇੰਜ ਨਖ਼ਰੇ ਨਾਲ
ਖੜੀਆਂ ਹੋਈਆਂ
ਜਿਵੇਂ ਨਵ-ਜੋਬਨ ਮੁਟਿਆਰਾਂ
ਵੇਖਣ ਨੂੰ ਇਹ ਕੇਡਾ
ਚੰਗਾ ਲਗਦਾ ਏ
ਮਨ ਰੇਸ਼ਮ ਵਾਂਗ
ਮਚਲਦਾ ਏ।
ਮਨ ਦੇ ਰੇਸ਼ਮ ਵਿਚ

ਵਲ ਪੈ ਗਏ
ਜਦ ਇਕ ਹੁਸੀਨ ਸ਼ਾਮ 'ਚ
ਜਿਥੇ ਰੌਸ਼ਨੀਆਂ ਦੀ ਭਰਮਾਰ
ਵੰਨ-ਸੁਵੰਨੇ
ਕਿਤਨੇ ਸਾਰੇ ਲੋਕ
ਪੀਂਦੇ-ਖਾਂਦੇ
ਸਭਿਅਕ ਢੰਗ ਨਾਲ
ਗੱਪ ਲੜਾਂਦੇ
ਨੱਚਦੇ ਤੇ ਸੰਗੀਤ ਵੀ ਸੁਣਦੇ
ਸੋਹਣੀਆਂ ਨਾਰਾਂ
ਫੱਬੀਆਂ-ਸੱਜੀਆਂ
ਇਕ ਗੋਰੀ ਸੋਹਣੀ ਨਾਰ
ਲੰਮਾ ਸੁਫ਼ੈਦ
ਵਾਂਗ ਪਟਰਾਣੀਆਂ
ਰੇਸ਼ਮੀ ਚੋਗਾ ਪਾਈ
ਹੀਰਿਆਂ ਦੇ ਜ਼ੇਵਰ ਮਟਕਾਈ
ਆਣ ਖਲੋਤੀ ਮੇਰੇ ਕੋਲ
ਕੇਡੀ ਸੋਹਣੀ
ਅਸਮਾਨੀਂ ਰੰਗ ਤੇ
ਜ਼ਰੀ ਬੂਟੀਆਂ ਵਾਲੀ



ਸਾੜ੍ਹੀ ਤੇਰੀ
ਕੇਡੇ ਸੋਹਣੇ ਕਾਲੇ
ਤੇਰੇ ਵਾਲ
ਵੱਖਰੇ ਵੱਖਰੇ ਲਗਦੇ ਜ਼ੇਵਰ
ਕੀ ਤੂੰ ਸ਼ੋ ਪੌਪ ਹੈਂ?
'ਮਾਫ਼ ਕਰੀਂ ਮੈਂ ਸਮਝੀ ਨਹੀਂ'
ਉਹ ਮੁਸਕਾਈ ਤੇ
ਝਿਜਕਾਈ ਕਹਿੰਦੀ :
'ਮੈਂ ਇਕ ਸ਼ੋ-ਪੌਪ ਹਾਂ'
ਜਾਂ ਕਹਿ ਲੈ ਸ਼ੋ-ਪੀਸ ਹਾਂ
ਜੋ ਆਪਣੇ ਬਿਜ਼ਨਸਮੈਨ
ਪਤੀ ਦੇ ਨਾਲ
ਉਹਦੀ ਰੌਣਕ ਬਣ ਕੇ ਆਈ
ਤੇ ਤੂੰ ਵੀ...
'ਹਾਂ ਮੈਂ ਵੀ ਸ਼ੋ-ਪੌਪ ਹਾਂ'
ਜੋ ਦਿੱਲੀ ਦੇ ਕਰੋਲ-ਬਾਗ ਦੇ
ਸ਼ੋ-ਕੇਸ 'ਚੋਂ
ਉੱਡ ਕੇ ਆਈ
ਮਨ ਦਾ ਰੇਸ਼ਮ ਫਿਰ
ਹੋਇਆ ਲੀਰੋ ਲੀਰ।

## ਸਾਨੂੰ ਵੀ ਸੱਚ ਸਿਖਾਂਦਾ ਜਾ

ਵੇ ਬੁਲ੍ਹਿਆ!
ਤੂੰ ਭੰਡੀ ਪਾ ਨਾ ਰੱਜਦਾ ਸੈਂ
ਸਾਨੂੰ ਵੀ ਵੱਲ ਸਿਖਾਂਦਾ ਜਾ

ਵੇ ਬੁਲ੍ਹਿਆ!
ਤੂੰ ਤਾਹਨੇ ਮਿਹਣੇ ਦੇਂਦਾ ਸੈਂ
ਸਾਨੂੰ ਵੀ ਸੱਚ ਸਿਖਾਂਦਾ ਜਾ

ਵੇ ਬੁਲ੍ਹਿਆ!
ਤੂੰ ਮਸਤ ਚਾਲ ਜੋ ਨੱਚਦਾ ਸੈਂ
ਸਾਨੂੰ ਵੀ ਤਾਲ ਸਿਖਾਂਦਾ ਜਾ

ਵੇ ਬੁਲ੍ਹਿਆ!
ਤੂੰ ਹੱਸਦਾ ਤੇ ਵੱਸਦਾ ਸੈਂ
ਸਾਨੂੰ ਵੀ ਜਾਚ ਸਿਖਾਂਦਾ ਜਾ

ਵੇ ਬੁਲ੍ਹਿਆ!
ਤੂੰ ਮਿਸਰੀ ਵਾਂਗ ਜੋ ਖੁਰਦਾ ਸੈਂ
ਸਾਨੂੰ ਵੀ ਖੰਡ ਬਣਾਂਦਾ ਜਾ

ਵੇ ਬੁਲ੍ਹਿਆ!
ਤੂੰ ਇਸ਼ਕ ਹਕੀਕੀ ਪਾਇਆ ਸੀ
ਸਾਨੂੰ ਵੀ ਜੋਤ ਵਿਖਾਂਦਾ ਜਾ

ਵੇ ਬੁਲ੍ਹਿਆ!
ਤੂੰ ਭੰਡੀ ਪਾ ਨ ਰੱਜਦਾ ਸੈਂ
ਸਾਨੂੰ ਵੀ ਸੱਚ ਸਿਖਾਂਦਾ ਜਾ





# ਮੈਨੂੰ ਸੀਤਾ ਨਾ ਕਹੋ



## ਬੋਲ ਰਹੇ ਸਾਥੋਂ ਅਣਕਹੇ

ਮੈਂ ਆਪਣੇ ਆਪ ਨੂੰ ਇਕ ਸ਼ਹਿਜ਼ਾਦੀ ਸਮਝਣ ਦਾ ਭਰਮ ਨਹੀਂ ਪਾਲ ਰਹੀ, ਸਗੋਂ ਲੋਕ-ਕਹਾਣੀ ਵਾਲੀ ਇਕ ਸ਼ਹਿਜ਼ਾਦੀ ਬਾਰੇ ਸੋਚ ਰਹੀ ਹਾਂ, ਜਿਹਦੇ ਪੋਟਿਆਂ ਵਿਚ ਤੱਕਲਾ ਖੁਭਿਆ ਹੋਇਆ ਸੀ ਤੇ ਜੋ ਸੌ ਸਾਲ ਤਕ ਸੁੱਤੀ ਰਹੀ, ਜਿਹਦੇ ਮਹਿਲ ਨੂੰ ਸੌ ਸਾਲਾਂ ਵਿਚ ਅੰਦਰੋਂ ਬਾਹਰੋਂ ਸੂਲਾਂ ਵਰਗੇ ਤਿੱਖੇ ਕੰਡਿਆਂ ਨੇ ਕੱਜ ਦਿਤਾ ਸੀ-ਉਹ ਸੁੱਤੀ ਪਈ ਸੀ ਪਰ ਉਸ ਨੂੰ ਸਰਾਪ ਵਰਗਾ ਵਰ ਸੀ ਕਿ ਕੋਈ ਸ਼ਹਿਜ਼ਾਦਾ ਆ ਕੇ ਉਹਦੇ ਮਹਿਲ ਦੁਆਲਿਓਂ ਸੂਲਾਂ ਦਾ ਜੰਗਲ ਹਟਾਏਗਾ, ਉਹਦੇ ਪੋਟਿਆਂ ਵਿਚੋਂ ਤੱਕਲਾ ਕੱਢੇਗਾ ਤੇ ਫਿਰ ਮਹਿਲ ਵਿਚ ਤੇ ਸ਼ਹਿਜ਼ਾਦੀ ਵਿਚ ਜ਼ਿੰਦਗੀ ਧੜਕਣ ਲਗ ਜਾਵੇਗੀ।

-ਤੇ ਮੈਂ ਸ਼ਹਿਜ਼ਾਦੀ ਨਹੀਂ ਹਾਂ-ਇਕ ਮਾਮੂਲ ਹਾਂ-ਆਮ ਇਨਸਾਨ-ਮੈਨੂੰ ਲਗਦਾ ਹੈ ਕਿ ਇਨਸਾਨੀਅਤ ਤੇ ਉਹਦੀ ਚੇਤਨਾ ਵੀ ਕਈ ਸਦੀਆਂ ਤੋਂ ਸੁੱਤੀ ਰਹੀ ਹੈ, ਉਹਦੇ ਦੁਆਲੇ ਸਮਾਜਿਕ, ਰਾਜਨੀਤਿਕ, ਧਾਰਮਿਕ ਰਵਾਇਤਾਂ ਦੀਆਂ ਸੂਲਾਂ ਦਾ ਇਕ ਜੰਗਲ ਉਗਿਆ ਹੋਇਆ ਹੈ, ਇਸ ਸੂਲਾਂ ਦੇ ਜੰਗਲ ਨੂੰ ਹਟਾਉਂਦਿਆਂ ਤੇ ਇਸ ਵਿਚੋਂ ਲੰਘਦਿਆਂ ਹੱਥਾਂ, ਪੈਰਾਂ ਵਿਚ ਕੰਡੇ ਚੁਭਦੇ ਹਨ, ਪਰ ਉਹਨਾਂ ਦੀ ਚੁਭਨ ਦੀ ਪ੍ਰਵਾਹ ਨਾ ਕਰਦਿਆਂ ਅੱਗੇ ਜਾ ਕੇ ਸੋਹਣੀ ਸ਼ਹਿਜ਼ਾਦੀ ਵਰਗੀ ਇਨਸਾਨੀਅਤ ਦੇ ਹੱਥ ਵਿਚੋਂ ਸਰਾਪਿਆ ਤੱਕਲਾ ਕੱਢਣਾ ਹੈ— ਇਸੇ ਲਈ ਜਿਵੇਂ ਮੈਂ ਆਖਦੀ ਹਾਂ, ਮੈਨੂੰ ਕਿਸੇ ਸ਼ਹਿਜ਼ਾਦੇ ਦੀ ਉਡੀਕ ਨਹੀਂ, ਸਗੋਂ ਇੰਜ ਲਗਦਾ ਹੈ ਕਿ ਬੁੱਧੀ ਦੇ ਚਾਨਣ ਨਾਲ ਇਹ ਸੂਲਾਂ ਦਾ ਜੰਗਲ ਫੁੱਲਾਂ ਵਾਲੇ ਰਾਹਾਂ ਵਿਚ ਤਬਦੀਲ ਹੋ ਸਕਦਾ ਹੈ ਤੇ ਇਹਦੇ ਸੇਕ ਨਾਲ ਸਰਾਪਿਆ ਤੱਕਲਾ ਇਨਸਾਨੀਅਤ ਦੇ ਹੱਥ 'ਚੋਂ ਪਿਘਲ ਕੇ ਹੇਠਾਂ ਡਿਗ ਸਕਦਾ ਹੈ। ਪਰ ਵਕਤ ਦੇ ਨਾਲ ਜਦ ਪਿਛਾਂਹ ਨੂੰ ਤੁਰਦੀ ਹਾਂ ਤਾਂ ਸਾਲਾਂ ਦੇ ਰਾਹਾਂ ਵਿਚੋਂ ਲੰਘਦਿਆਂ ਇੰਜ ਲਗਦਾ ਹੈ ਕਿ ਮੇਰੇ ਕਿਆਸ ਵਾਂਗ ਅਜਿਹਾ ਵਾਪਰਿਆ ਹੈ ਕਿ ਇਸ ਧਰਤੀ ਤੇ ਕਈ ਵਾਰ ਇਹ ਸੂਲਾਂ ਦਾ ਜੰਗਲ ਲਹਿਲਹਾਉਂਦੀ ਤੇ ਖ਼ੁਸ਼ਹਾਲ ਵਾਦੀ ਵਿਚ ਤਬਦੀਲ ਹੋਇਆ ਹੈ ਤੇ ਲੋਕਾਂ ਦੇ ਸਾਹ ਤਦ ਉਧਾਰੇ ਨਹੀਂ ਰਹੇ ਸਗੋਂ ਲੋਕ ਆਪਣੇ ਸਾਹੀਂ ਆਪ ਜੀਵੇ ਹਨ, ਜਿਵੇਂ ਅੱਧੀ ਸਦੀ ਪਹਿਲਾਂ ਭਗਤ ਸਿੰਘ ਨੇ ਭਾਰਤ ਦੀ ਧਰਤੀ ਨੂੰ ਆਜ਼ਾਦ ਵੇਖਣ ਲਈ ਅਜਿਹਾ ਚਾਨਣ ਵੰਡਿਆ ਸੀ ਤੇ ਉਸ ਸੱਚ ਦੇ ਦੋਸਤ ਦੀ ਰੀਸੇ ਹੀ ਜਿਵੇਂ ਤਿੰਨ ਸਾਲ ਪਹਿਲਾਂ ਦੱਖਣੀ ਅਫ਼ਰੀਕਾ ਦੇ ਸ਼ਾਇਰ ਬੈਂਜਾਮਿਨ ਮੋਲਾਇਸ ਨੇ ਆਪਣੀ ਧਰਤੀ ਤੇ ਆਪਣੇ ਲੋਕਾਂ ਨੂੰ ਆਜ਼ਾਦ ਵੇਖਣ ਦਾ ਉਪਰਾਲਾ ਕੀਤਾ ਸੀ। ਮੈਂ ਆਪਣੀ ਨਜ਼ਮ 'ਚਾਨਣ ਦੇ ਯਾਰ' ਵਿਚ ਇਹਨਾਂ ਦੋਹਾਂ ਸੂਰਮਿਆਂ ਦੀ ਮਾਨਸਿਕ ਅਵਸਥਾ ਤੇ ਸਮੇਂ ਦੀ ਲੋੜ ਤੇ

ਹਾਲਾਤ ਨੂੰ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਪਰ ਕਈ ਵਾਰ ਕੁਝ ਕਹਿ ਕੇ ਵੀ ਅਣਕਿਹਾ ਰਹਿ ਜਾਂਦਾ ਹੈ ਤੇ ਫਿਰ ਨਵੀਆਂ ਪ੍ਰਸਥਿਤੀਆਂ ਵਿਚ ਜਾਪਦਾ ਹੈ ਕਿ ਮੇਰੀ ਬੁੱਧੀ ਹੀ ਜ਼ਖ਼ਮੀ ਹੋਈ ਪਈ ਹੈ ਤੇ ਇਹਦੇ ਜ਼ਖ਼ਮੀ ਹੱਥਾਂ ਵਿਚ ਫਿਰ ਦਰਦ ਮਹਿਸੂਸ ਹੁੰਦਾ ਹੈ ਤਾਂ ਚੇਤਨਾ ਕਲਮ ਬਣ ਕੇ ਫਿਰ ਕੁਝ ਕਹਿਣ ਦਾ ਆਹਰ ਕਰਦੀ ਹੈ— ਇਹ ਜ਼ਖ਼ਮ ਹਰ ਤਰ੍ਹਾਂ ਦੀਆਂ ਗ਼ਲਤ ਰਵਾਇਤਾਂ ਤੋਂ ਮਿਲਦੇ ਹਨ, ਰਿਸ਼ਤਿਆਂ ਤੇ ਦੋਸਤੀ ਦੇ ਗ਼ਲਤ ਮਾਇਨਿਆਂ ਤੋਂ ਮਿਲਦੇ ਹਨ, ਗ਼ਲਤ ਤੋਂ ਭਾਵ ਹੈ ਕਿ ਉਹ ਗੱਲਾਂ ਜਾਂ ਪ੍ਰਸਥਿਤੀਆਂ, ਜੁ ਵਕਤ ਦੇ ਗਰਭ ਵਿਚ ਕਦੀ ਤੰਦਰੁਸਤ ਬੱਚੇ ਵਾਂਗ ਪਲੀਆਂ ਸਨ, ਭਵਿੱਖ ਦੇ ਦੌਰ ਵਿਚ ਕਈਆਂ ਦੇ ਮਾਇਨੇ ਬਦਲ ਗਏ ਹਨ, ਰੂਪ ਬਦਲ ਗਏ ਹਨ, ਸੁੰਦਰਤਾ ਉਤੇ ਕਰੂਪਤਾ ਹਾਵੀ ਹੋ ਰਹੀ ਹੈ। ਗੁਲਾਬ ਨਾਲ ਕੰਡੇ ਤਾਂ ਹੁੰਦੇ ਹਨ, ਪਰ ਇਹਨਾਂ ਕੰਡਿਆਂ ਨੂੰ ਗੁਲਾਬ ਦੇ ਸੀਨੇ ਵਿਚ ਚੁਭਦਿਆਂ ਜਦ ਵੇਖਦੀ ਹਾਂ ਤਾਂ ਮਨ ਦਾ ਸਾਰਾ ਹੁੰਮਸ, ਸਾਰਾ ਰੋਸਾ ਇਕ ਰੋਹ ਬਣ ਜਾਂਦਾ ਹੈ, ਰੋਹ ਜੋ ਪਰੋਟੈਸਟ ਕਰਕੇ ਕਈ ਰਵਾਇਤਾਂ ਨੂੰ ਨਵੇਂ ਅਰਥ ਦੇਣ ਲਈ ਮਨ ਵਿਚ ਰੋਜ਼ ਸੂਲਾਂ ਵਾਂਗ ਚੁਭਦਾ ਹੈ, ਤਾਂ ਕੁਝ ਲਫ਼ਜ਼ ਹੰਝੂਆਂ ਵਰਗੇ ਵੀ, ਹੌਕਿਆਂ ਵਰਗੇ ਵੀ ਪਰ ਆਪਣੇ ਆਪ ਤੇ ਤਰਸ ਖਾਂਦੇ ਨਹੀਂ, ਸਗੋਂ ਨਵੇਂ ਅਰਥ ਕਾਗ਼ਜ਼ਾਂ ਦੇ ਇਸ ਬਾਜ਼ਾਰ ਵਿਚ ਕਲਮ ਵਰਗੀ ਸੂਰਮਾ ਕੁੜੀ ਲੈ ਕੇ ਆਉਂਦੀ ਹੈ, ਜੋ ਬੇਸੰਕੋਚ ਕਹਿੰਦੀ ਹੈ— ਮੈਂ ਅਹੱਲਿਆ ਵਾਂਗ ਹਜ਼ਾਰਾਂ ਸਾਲ ਤਕ ਬੁੱਤ ਬਣ ਕੇ ਨਹੀਂ ਉਡੀਕਣਾ, ਮੈਂ ਸੀਤਾ ਨਹੀਂ ਹਾਂ/ਮੈਂ ਯਸ਼ੋਧਾ ਦੀ ਕਥਾ ਲਿਖਣੀ ਹੈ/ਸਿਧਾਰਥ ਦੀ ਨਹੀਂ/ਮੈਂ ਮਰੀਅਮ ਵਾਲੀ ਜੁਅਰਤ ਨਾਲ ਚਾਨਣ ਦਾ ਪੁੱਤਰ ਤਾਂ ਜੰਮ ਸਕਦੀ ਹਾਂ/ਪਰ ਔਰਤ ਦੀ ਕੁੱਖ ਨੂੰ ਡਾਲਰਾਂ ਦੀ ਖਾਣ ਬਣਾਉਣ ਵਾਲੇ ਵਿਉਪਾਰੀਆਂ ਦਾ ਵਿਰੋਧ ਕਰਦੀ ਹਾਂ।

ਮੈਨੂੰ ਗਿਆਨ ਦੀ ਤਲਾਸ਼ ਹੈ, ਪਰ ਇਸ ਜ਼ਿੰਦਗੀ ਵਿਚ ਹੁਣ ਮੈਂ ਵਕਤ ਨਾਲ ਅੱਖਾਂ ਮਿਲਾ ਕੇ ਤੁਰਨਾ ਹੈ, ਅੱਖਾਂ ਝੁਕਾ ਕੇ ਨਹੀਂ ਤੇ ਮੇਰੀ ਮੁਕਤੀ ਦਾ ਰਾਹ ਜ਼ਿੰਦਗੀ ਦੇ ਸੂਲਾਂ ਭਰੇ ਰਾਹਾਂ ਵਿਚੋਂ ਲੰਘਦਿਆਂ ਹੀ ਤਲਾਸ਼ ਹੋਣਾ ਹੈ। ਇਸ ਵਾਸਤੇ ਮੇਰੇ ਪੈਰਾਂ ਥੱਲੇ ਚਾਹੇ ਜ਼ਿੰਦਗੀ ਦੇ ਦੁੱਖਾਂ ਸੁੱਖਾਂ ਦੇ ਕੰਡੇ ਵਿਛੇ ਹੋਣ ਜਾਂ ਤਪਦੇ ਮਾਰੂਥਲ ਹੋਣ, ਜ਼ਖ਼ਮਾਂ ਤੇ ਛਾਲਿਆਂ ਦੀ ਪ੍ਰਵਾਹ ਨਾ ਕਰਕੇ ਤੁਰਨਾ ਹੈ ਤੇ ਬੇਬਾਕ ਇਸ ਹੁੰਮਸ ਨਾਲ ਭਰੇ ਮੌਸਮ ਵਿਚ ਵਰ੍ਹਨਾ ਹੈ ਤੇ ਇੰਜ ਇਹਨਾਂ ਹਾਲਾਤਾਂ ਵਿਚ ਕੁਝ ਨਜ਼ਮਾਂ ਨਵੇਂ ਮਾਇਨਿਆਂ ਦਾ ਲਿਬਾਸ ਪਾ ਕੇ ਕਾਗ਼ਜ਼ਾਂ ਤੇ ਤੁਰੀਆਂ ਹਨ— ਪਰ ਜ਼ਿੰਦਗੀ ਨੂੰ ਜਿਵੇਂ ਮੈਂ ਵੇਖਿਆ ਹੈ, ਉਸਨੂੰ ਲਗਾਤਾਰ ਨੰਗੇ ਪੈਰੀਂ ਹੀ ਤੁਰਦਾ ਵੇਖਿਆ ਹੈ, ਉਸਦੇ ਪੈਰਾਂ ਦੇ ਜ਼ਖ਼ਮਾਂ ਦੀ ਚੀਸ ਮਨ ਨੇ ਲਗਾਤਾਰ ਸਹੀ ਹੈ ਤੇ ਇਸ ਕਿਤਾਬ ਵਿਚ ਕੁਝ ਕਹਿ ਕੇ ਵੀ ਜਾਪਦਾ ਹੈ, ਬਹੁਤ ਕੁਝ ਅਣਕਹਿਆ ਅਜੇ ਰਹਿ ਗਿਆ ਹੈ।

8–7–1988

**—ਅਮਰ ਜਿਉਤੀ**



## ਚਾਨਣ ਦੀ ਕਾਤਰ

ਜ਼ਿੰਦਗੀ ਦੇ ਜੰਗਲ 'ਚ
ਬਹੁਤ ਭਟਕੀ ਹਾਂ
ਗਿਆਨ ਦੀ ਤਲਾਸ਼ 'ਚ
ਇਹ ਗ਼ਲਤ ਜਾਪਦਾ ਹੈ ਮੈਨੂੰ
ਗਿਆਨ ਕਿਸੇ ਬੋਹੜ ਥੱਲੇ
ਕਈ ਸਾਲ ਬੈਠਿਆਂ
ਭੁੱਖਾਂ ਤੇ ਫਾਕੇ ਕੱਟਿਆਂ
ਹੋ ਜਾਇਆ ਕਰਦਾ ਹੈ ਹਾਸਲ
ਕਿ ਇਸ ਦੀ ਪ੍ਰਾਪਤੀ ਲਈ
ਇਕਾਂਤ ਦੀ ਲੋੜ ਹੈ ਕੇਵਲ
ਕਿ ਇਸ ਨੂੰ ਪਾਉਣ ਲਈ
ਜ਼ਿੰਦਗੀ ਨਾਲੋਂ ਤੋੜ ਕੇ ਨਾਤਾ
ਉੱਚੀਆਂ ਚੋਟੀਆਂ ਤੇ
ਚੜ੍ਹਨਾ ਹੈ ਜ਼ਰੂਰੀ;
ਗਿਆਨ ਦੀ ਪ੍ਰਾਪਤੀ
ਜਾਂ ਸੋਝੀ ਦਾ ਆਉਣਾ
ਤੇ ਮੁਕਤੀ ਪਾਉਣਾ

ਇਹ ਵਾਕ ਬੇਅਰਥ ਹਨ ਤਦ ਤਕ
ਕਿ ਜਦ ਤਕ
ਜ਼ਿੰਦਗੀ ਦੇ ਹਨੇਰੇ ਜੰਗਲ 'ਚ
ਨੰਗੇ ਪੈਰੀਂ
ਸੂਲਾਂ ਮੱਲੇ ਰਾਹਾਂ 'ਚੋਂ
ਚਾਨਣ ਦੀਆਂ ਕਾਤਰਾਂ ਢੂੰਡਦਾ
ਤੇ ਬੰਦ ਰਾਹਾਂ 'ਚੋਂ ਰਾਹ ਬਣਾਉਂਦਾ
ਲੰਘਦਾ ਨਹੀਂ ਕੋਈ
ਮੈਂ ਕਿਸੇ ਬੋਹੜ ਥੱਲੇ
ਜ਼ਿੰਦਗੀ ਤੋਂ ਨੱਸ ਕੇ
ਜ਼ਿੰਦਗੀ ਦੇ ਦੁੱਖਾਂ ਦਾ
ਹੱਲ ਲੱਭਣ ਲਈ
ਨਹੀਂ ਹੈ ਬਹਿਣਾ
ਕਿਤਨਾ ਬੇਮਾਇਨਾ ਲਗਦਾ ਹੈ ਮੈਨੂੰ
ਇੰਜ ਗਿਆਨ ਨੂੰ
ਤਲਾਸ਼ ਕਰਨਾ ;
ਮੇਰੀ ਤਾਂ ਸਾਂਝ ਹੈ ਕੇਵਲ
ਪੈਰਾਂ ਦਿਆਂ ਛਾਲਿਆਂ ਨਾਲ।



## ਨਹੀਂ ਉਡੀਕ ਰਾਮ ਦੀ

ਮੇਰੀ ਮਾਂ ਤੋਂ ਮੇਰੇ ਤਕ
ਦਾਸਤਾਨ ਇੱਕੋ ਹੀ ਹੈ
ਮੈਂ ਆਪਣੇ ਦੁੱਖਾਂ-ਪੀੜਾਂ ਤੇ ਹੌਕਿਆਂ
ਦੀ ਧੂਣੀ ਰਮਾਈ ਏ
ਇਹਦੇ ਵਿਚ
ਆਪਣੀ ਮਾਂ ਦਿਆਂ ਹੋਠਾਂ ਤੇ ਆਏ
ਅਣਕਹੇ ਸ਼ਿਕਵੇ
ਦਿਲ ਵਿਚ ਉਠੇ ਵਲੇਲ
ਤੇ ਅੱਖਾਂ 'ਚੋਂ ਅਣਵਗੇ ਅੱਥਰੂਆਂ
ਦੇ ਤਿਲ-ਫੁੱਲ ਪਾਏ ਨੇ
ਕਿ ਇਹ ਧੂਣੀ ਹੋਰ ਨਾ ਧੁਖੇ
ਮੱਚ ਪਵੇ
ਕਿ ਇਹਦੇ ਚਾਨਣ 'ਚੋਂ
ਮੇਰੀ ਮਾਂ ਤੋਂ ਮੇਰੇ ਤਕ
ਗ਼ੁਲਾਮੀ ਦੀ ਸਹੀ ਤਸਵੀਰ ਦਿਸ ਪਵੇ :
ਕਿੰਜ ਲਗਦਾ ਏ
ਜਦ ਬੇ-ਜ਼ੰਜੀਰ ਬਦਨ ਵੀ

ਜ਼ੰਜੀਰਾਂ ਵਿਚ ਜਕੜਿਆ ਲਭਦਾ ਏ
ਕਿ ਰੂਹ ਨੂੰ
ਆਪਣੇ ਹੱਥੀਂ ਮਾਰ ਕੇ
ਕਿਸੇ ਡੂੰਘੀ ਕਬਰ ਵਿਚ
ਉਤਾਰਨਾ ਪੈਂਦਾ ਏ
ਕਿ ਕੀ ਹੁੰਦਾ ਏ ਗ਼ੁਲਾਮੀ ਲਫ਼ਜ਼
ਜੁ ਕਿਸੇ ਹੋਰ ਖ਼ਾਸ ਲਫ਼ਜ਼ ਨਾਲ
ਜੁੜ ਕੇ
ਕੇਵਲ ਅਰਥ ਹੀ ਬਣ ਜਾਂਦਾ ਏ
ਕਿ ਕਿੰਜ ਅੱਥਰੂ
ਬਿਨਾਂ ਵਗਿਆਂ ਹੀ
ਪਰਤ ਜਾਇਆ ਕਰਦੇ ਨੇ
ਕਿ ਕਿੰਜ ਕੋਈ
ਉਮਰ ਭਰ ਲਈ
ਹੌਕਿਆਂ ਦੀ ਜੂਨ ਆਉਂਦਾ ਏ
ਕਿ ਕਿੰਜ ਕੋਈ ਸਵਾਲੀ ਹੀ
ਬਣ ਸਕਦਾ ਹੈ ਸਦਾ
ਕਿ ਕਿੰਜ ਜਿਸ 'ਤੇ



ਸਵਾਲ-ਦਰ-ਸਵਾਲ ਹੁੰਦੇ ਨੇ
ਕਿ ਕਿੰਜ ਜਿਸਮ ਦਾ ਹਰ ਲੂੰਅ
ਬੇਕਸੂਰ ਵੀ
ਕਸੂਰਵਾਰ ਹੋਣ ਦਾ ਸੰਤਾਪ ਹੰਢਾਉਂਦਾ ਏ
ਕਿ ਕਿੰਜ ਜ਼ਿੰਦਗੀ
ਅਹੱਲਿਆ ਬਣ ਜਾਂਦੀ ਏ
ਕਿ ਕਿੰਜ ਸਾਹ ਧੂੰਆਂ ਬਣ ਕੇ
ਧੁਖਣ ਲਗਦੇ ਨੇ
ਤਾਂ ਹੀ ਅੱਜ ਮੈਂ
ਧੂਣੀ ਧੁਖਾਈ ਏ
ਇਹਦੇ ਵਿਚ
ਮੇਰੀ ਮਾਂ ਤੋਂ ਮੇਰੇ ਤਕ
ਸਾਰੇ ਗ਼ਮਾਂ ਦੇ
ਤਿਲ-ਫੁੱਲ ਪਾਏ ਨੇ
ਕਿ ਇਹਦੇ ਸੇਕ ਨਾਲ
ਅਹੱਲਿਆ ਦਾ ਬੁੱਤ ਪਿਘਲ ਜਾਵੇ
ਉਹਨੂੰ ਕਿਸੇ ਰਾਮ ਦੀ
ਉਡੀਕ ਨਾ ਕਰਨੀ ਪਵੇ।

## ਮੁਕਤੀ

ਮੇਰੀ ਮਾਂ ਨੇ
ਆਪਣੀ ਮਾਂ ਤੇ ਉਹਦੀ ਮਾਂ
ਤੇ ਜੁਗਾਦਿ ਮਾਵਾਂ....
ਦੇ ਰੋਸਿਆਂ ਸ਼ਿਕਵਿਆਂ
ਗ਼ਮਾਂ ਤੇ ਜ਼ੁਲਮਾਂ ਦੀ
ਮਿੱਟੀ ਵਿਚ
ਆਪਣੇ ਅੱਥਰੂ ਗੁੰਨ੍ਹੇ
ਮੇਰਾ ਬੁੱਤ ਸਿਰਜਿਆ
ਨੌਂ ਮਹੀਨਿਆਂ ਪਿੱਛੋਂ
ਜਦ ਉਸਨੂੰ ਧੀਅ ਜੰਮਣ ਦਾ
ਸਰਾਪ ਮਿਲਿਆ
ਉਹਦੇ ਹੋਠਾਂ 'ਚੋਂ
ਇਕ ਲੰਮਾ ਹੌਕਾ ਨਿਕਲਿਆ
ਜਿਸ ਮੇਰੇ ਅੰਦਰ
ਸਾਹਾਂ ਦਾ ਇਕ ਜਾਲ ਬੁਣਿਆ–
ਮੇਰੀ ਮਾਂ ਦਾ
ਬੇਕਸੂਰ ਜਿਸਮ
ਕੰਡਿਆਂ ਵਰਗੀਆਂ ਉਹਨਾਂ ਨਜ਼ਰਾਂ ਸਾਹਵੇਂ
ਹਮੇਸ਼ਾ ਕਸੂਰਵਾਰ ਰਿਹਾ
ਕਿ ਉਸ ਧੀਅ ਸੀ ਜੰਮੀ
ਉਹ ਨਜ਼ਰਾਂ ਜੋ



ਰਿਸ਼ਤਿਆਂ ਵਰਗੇ ਬੇਮਾਅਨਾ ਲਫ਼ਜ਼ ਰਾਹੀਂ
ਮੇਰੀ ਹੋਂਦ ਨਾਲ ਵਾਬਸਤਾ ਸਨ।
ਮੇਰੀ ਮਾਂ ਨੇ ਹੌਕਾ ਸੀ ਭਰਿਆ
ਕਿ ਉਹਦੀ ਹੋਂਦ 'ਚੋਂ ਜਨਮੀਂ
ਇਸ ਨਿੱਕੀ ਜਿੰਦ ਨੂੰ
ਫਿਰ ਸੁਲਘਦਾ ਜੀਵਨ ਨਾ ਮਿਲੇ
ਕਿ ਉਹਦੇ ਬੱਚੇ ਨੂੰ
ਸਵਾਲੀਆ ਨਿਸ਼ਾਨ ਬਣ ਕੇ
ਜ਼ਿੰਦਗੀ ਦੀਆਂ ਅੱਖਾਂ 'ਚ
ਵਿਚਾਰਗੀ ਨਾਲ ਵੇਖਣਾ ਨਾ ਪਵੇ
ਕਿ ਉਹਦੇ ਬੱਚੇ ਦੇ ਪੈਰੀਂ
ਆਪਣੀ ਜ਼ਿਮੀਂ ਹੋਵੇ
ਕਿ ਉਹਦੀ ਕਲਪਨਾ 'ਚ
ਨੀਲੇ ਆਸਮਾਨਾਂ ਦਾ
ਰੰਗ ਹੋਵੇ
ਕਿ ਉਹਦੀਆਂ ਸਰਘੀਆਂ
ਹਕੀਕਤ ਬਣ ਜਾਣ
ਕਿ ਉਹਦੀਆਂ ਰਾਤਾਂ 'ਚ
ਸਕੂਨ ਹੋਵੇ
ਕਿ ਜਾਗਦੀਆਂ ਰਾਤਾਂ ਉਹਦੀਆਂ
ਹਮਸਫ਼ਰ ਨਾ ਬਣਨ
ਕਿ ਰਾਤਾਂ ਦੇ ਉਜਾੜ ਖੂਹ 'ਚ
ਉਹਦੀਆਂ ਸੋਚਾਂ ਨੂੰ

ਰੋਜ਼ ਨਾ ਉਤਰਨਾ ਪਵੇ
ਕਿ ਰਾਤਾਂ ਦੀ ਸਿਆਹੀ
ਉਹਦੇ ਸੰਗ ਨਾ ਤੁਰੇ-
ਇਹ ਤਾਂ ਹੀ ਹੋ ਸਕਦਾ ਸੀ
ਜੇ ਮੈਂ
ਧੀ ਬਣ ਕੇ ਨਾ ਜੰਮਦੀ
ਪਰ ਇਹ ਨਾ ਹੋ ਸਕਿਆ
ਇਹ ਤਦ ਹੀ ਹੋ ਸਕਦਾ ਹੈ
ਕਿ ਜੰਮਦਿਆਂ ਹੀ ਮੇਰੇ ਮੱਥੇ 'ਚ
ਸ਼ਰਮ-ਧਰਮ-ਕਰਮ ਦੀਆਂ
ਤਿੰਨ ਮੇਖਾਂ ਜੋ ਠੋਕੀਆਂ ਗਈਆਂ ਸਨ
ਆਪਣੀਆਂ ਸੋਚਾਂ ਦੇ ਪੋਟਿਆਂ ਨੂੰ
ਬੇਬਾਕੀ ਦੀ ਸਾਣ ਤੇ ਚਾੜ੍ਹ
ਅੰਗਿਆਰ ਬਣਾ ਦੇਵਾਂ
ਤੇ ਇਹਨਾਂ ਤਿੰਨਾਂ ਮੇਖਾਂ ਨੂੰ
ਮੱਥੇ 'ਚੋਂ ਪਿਘਲਾ ਕੇ ਸੁੱਟ ਦੇਵਾਂ
ਕਾਸ਼! ਮੈਂ ਹੀ ਆਪਣੀ ਮਾਂ ਦੀ
ਬੇਕਸੂਰ-ਬੇਕਰਾਰ ਰੂਹ ਨੂੰ
ਚੈਨ ਬਣ ਕੇ ਮਿਲ ਪਵਾਂ
ਧੀਅ ਜੰਮਣ ਦਾ ਸਰਾਪ
ਜੋ ਮੇਰੀ ਮਾਂ ਨੂੰ ਮਿਲਿਆ ਸੀ
ਉਸ ਨੂੰ ਮੈਂ ਉਸ ਤੋਂ ਮੁਕਤ ਕਰਾ ਦੇਵਾਂ।



## ਫ਼ਰਕ ਚਿਹਰੇ ਤੇ ਨਕਾਬ ਦਾ

ਕੁਝ ਕੁ ਪਲਾਂ ਦੀ ਤਾਂ ਨਹੀਂ
ਗੱਲ ਕੁਝ ਸਾਲ ਪਹਿਲਾਂ ਦੀ ਹੈ
ਜ਼ਿੰਦਗੀ ਜਦ ਵੀ ਮਿਲਦੀ ਸੀ ਮੈਨੂੰ
ਇਕ ਭੋਲੇ ਬਾਲ ਵਾਂਗ ਮਿਲਦੀ
ਮੈਂ ਉਸ ਤੋਂ ਵੀ ਅੰਵਾਣੀ ਤੇ ਮਾਸੂਮ ਬਣ
ਉਹਦੀ ਉਂਗਲੀ ਫੜ
ਉਹਦੇ ਨਾਲ ਸਾਂ ਤੁਰਦੀ
ਇਹ ਸੱਚ ਹੈ
ਓਦੋਂ ਮੈਨੂੰ
ਚਿਹਰੇ ਤੇ ਨਕਾਬ ਦਾ ਫ਼ਰਕ
ਨਹੀਂ ਸੀ ਪਤਾ
ਮੈਨੂੰ ਜ਼ਿੰਦਗੀ ਦੇ ਰਾਹਾਂ 'ਚ
ਮਿਲਣ ਵਾਲੇ ਲੋਕ
ਲੋਕ-ਕਹਾਣੀਆਂ ਦੇ ਪਾਤਰਾਂ ਵਾਂਗ
ਨੇਕ ਸ਼ਹਿਜ਼ਾਦੇ 'ਤੇ
ਮਾਸੂਮ ਸ਼ਹਿਜ਼ਾਦੀਆਂ ਹੀ ਜਾਪਦੇ
ਪਤਾ ਨਹੀਂ ਕਿਵੇਂ ਓਦੋਂ
ਇਹਨਾਂ ਪਾਤਰਾਂ 'ਚੋਂ
ਰਾਖ਼ਸ਼ ਦੀ ਪਛਾਣ ਹੋ
ਜਾਂਦੀ ਸੀ ਮਨਫ਼ੀ
ਇਹ ਸੀ ਮੇਰਾ ਭੋਲਾਪਣ
ਜਾਂ ਅਗਿਆਨਤਾ?
ਤੁਰਦਿਆਂ ਬਹੁਤ ਦੂਰ

ਨਿਕਲ ਆਈ ਹਾਂ
ਜ਼ਿੰਦਗੀ ਮਿਲਦੀ ਹੈ
ਮੈਨੂੰ ਹੁਣ ਮਾਰੂਥਲ ਵਾਂਗ
ਜਿਸ ਵਿਚੋਂ ਮ੍ਰਿਗ ਤ੍ਰਿਸ਼ਨਾ ਦੇ ਝਉਲੇ
ਮਨਫ਼ੀ ਕਰਕੇ
ਤਲਖ਼ ਹਕੀਕਤਾਂ ਦੀ ਰੇਤ 'ਤੇ
ਤੁਰਨਾ ਹੈ ਕੇਵਲ
ਜਦ ਬਦਨ ਹੌਕਿਆਂ ਦਿਆਂ ਆਰਿਆਂ
ਨਾਲ ਜਾਂਦਾ ਹੈ ਚੀਰਿਆ
ਜਦ ਪੈਰਾਂ ਦਿਆਂ ਛਾਲਿਆਂ ਨੂੰ
ਠੰਢਕ ਦੇਣ ਦਾ
ਅੱਥਰੂਆਂ ਨੂੰ ਵੀ ਹੱਕ ਨਹੀਂ ਹੈ
ਜੋ ਉਹਨਾਂ ਤੇ ਡੁਲ੍ਹ ਪੈਣ
ਜਦ ਰੂਹ ਨੂੰ ਸੋਹਣੀ ਰਾਜਕੁਮਾਰੀ ਵਾਂਗ
ਲੋਕ-ਕਹਾਣੀਆਂ ਵਰਗਾ ਜਾਦੂਗਰ
ਜ਼ਿੰਦਗੀ ਦੇ ਇਸ ਥਲ 'ਤੇ
ਕਰ ਲੈਂਦਾ ਹੈ ਕੈਦ-
ਇਸ ਸੋਚ ਨੂੰ ਮੈਂ
ਆਪੇ ਹੀ ਰਖਿਆ ਹੈ ਵਰਜਿਤ
ਆਵੇ ਕੋਈ ਸ਼ਹਿਜ਼ਾਦਾ
ਇਹਦੀ ਮਦਦ 'ਤੇ,
ਇੰਜ ਜ਼ਿੰਦਗੀ ਦੇ-
ਪਿੰਜਰੇ 'ਚ ਕੈਦ ਮੈਨਾ ਨੂੰ
ਨਕਾਬ ਤੇ ਚਿਹਰੇ ਦਾ ਫ਼ਰਕ
ਪਤਾ ਲਗਦਾ ਹੈ।



## ਕੌਣ ਬੁੱਧ ਸੀ

ਇਹ ਕਥਾ
ਯਸ਼ੋਦਾ ਦੀ ਹੈ
ਜਾਂ ਸਿਧਾਰਥ ਦੀ
ਤੁਸਾਂ ਫੈਸਲਾ ਕਰਨਾ
ਕਿ ਸ਼ਾਹੀ ਅਡੰਬਰਾਂ ਤੋਂ
ਘਬਰਾ ਕੇ
ਜ਼ਿੰਦਗੀ ਦੇ ਦੁੱਖਾਂ ਸੁੱਖਾਂ
ਦੇ ਰਾਹਾਂ ਤੇ ਚਲ
ਸ਼ਾਹ-ਰਾਹ ਤੇ ਪਹੁੰਚਣ ਦੀ ਥਾਂ
ਤੁਰ ਗਿਆ ਸਿਧਾਰਥ
ਜ਼ਿੰਦਗੀ ਤੋਂ ਦੂਰ
ਇਹਦੇ ਦੁੱਖਾਂ ਲਈ
ਰੌਸ਼ਨੀ ਢੂੰਡਣ
ਇਕਾਂਤ ਜੰਗਲਾਂ 'ਚ-
ਉਹ ਯਸ਼ੋਧਾ ਸੀ
ਜਿਸ ਸ਼ਾਹੀ ਰਵਾਇਤਾਂ 'ਚ
ਰਹਿ ਕੇ
ਧਰਮ-ਕਰਮ ਤੇ ਰਾਹੁਲ ਨੂੰ ਸੀ
ਪਾਲਿਆ

ਜਿਸ ਮਹਿਲ ਦੇ ਦਵਾਰਾਂ ਪਿੱਛੇ
ਆਪਣੀ ਜ਼ਿੰਦਗੀ ਦੇ
ਸ਼ੀਸ਼-ਮਹਿਲ ਨੂੰ ਸੀ
ਖੰਡਰ ਬਣਾ ਲਿਆ
ਜਿਸ ਜ਼ਿੰਦਗੀ ਦੇ
ਜੇਠ ਹਾੜ ਮਹੀਨਿਆਂ ਨੂੰ ਸੀ
ਪੋਹ ਬਣਾ ਲਿਆ
ਜਿਸ ਜ਼ਿੰਦਗੀ ਦੇ ਸ਼ੋਰ 'ਚ
ਇਕਾਂਤ-ਇਕੱਲ-ਖ਼ਾਮੋਸ਼ੀ ਨੂੰ ਸੀ
ਵਸਾ ਲਿਆ
ਜਿਸ ਦੇ ਨੈਣ ਇਕ ਉਮਰ ਪੂਰੀ
ਲੰਮੀ ਪਗਡੰਡੀ ਬਣ
ਵਿਛ ਗਏ ਸਨ
ਸਿਧਾਰਥ ਦੀ ਉਡੀਕ 'ਚ-
ਜਦ ਉਹ
ਇਕਾਂਤ ਵਿਚ ਇਕਾਂਤਵਾਸ ਕਰ
ਗਿਆਨਵਾਨ ਹੋ ਕੇ ਪਰਤਿਆ
ਉਹ 'ਬੁੱਧ' ਸੀ
ਕੌਣ 'ਬੁੱਧ' ਸੀ
ਸਿਧਾਰਥ ਜਾਂ ਯਸ਼ੋਧਾ ?



## ਕਿਸ਼ਤੀਆਂ

ਮਨ ਦੇ ਸਮੁੰਦਰ ਵਿਚ
ਜਿੰਨੀਆਂ ਉਤਾਰੀਆਂ ਮੈਂ
ਸੁੱਖਾਂ ਦੀਆਂ ਕਿਸ਼ਤੀਆਂ
ਉਹ ਕਦੀ ਵਾਪਸ ਨਾ ਆਈਆਂ
ਉਹਦੇ ਸ਼ਾਹ ਸਵਾਰ
ਜਾ ਬੈਠੇ
ਕਿਸੇ ਹੋਰ ਕਿਨਾਰੇ
ਮਨ ਦੇ ਸਮੁੰਦਰ ਵਿਚ
ਜਿੰਨੀਆਂ ਉਤਾਰੀਆਂ ਮੈਂ
ਦੁੱਖਾਂ ਦੀਆਂ ਕਿਸ਼ਤੀਆਂ
ਰਹੀਆਂ ਹਮੇਸ਼ਾ

ਭੰਵਰ ਵਿਚ ਫਸੀਆਂ
ਉਹਨਾਂ 'ਚ ਸਵਾਰ
ਮੇਰੀ ਜ਼ਿੰਦਗੀ ਦੇ ਟੁਕੜੇ
ਰਹੇ ਦੇਂਦੇ ਆਵਾਜ਼
ਇਕ ਦੂਜੇ ਨੂੰ
ਰਹੇ ਹਰ ਰੋਜ਼
ਉਹ ਤੜਪਦੇ
ਵਾਂਗ ਜ਼ਖ਼ਮੀ ਨਾਗ ਦੇ
ਜ਼ਹਿਰ ਉਹਨਾਂ ਦੀ
ਨਾ ਡੀਕ ਸਕੀ
ਜਿੰਦ ਮੇਰੀ
ਨਾ ਹੀ ਜੀਰ ਸਕਿਆ
ਵਿਸ਼ਾਲ ਸਮੁੰਦਰ
ਕਿ ਭੰਵਰ 'ਚ ਫਸੀਆਂ
ਕਿਸ਼ਤੀਆਂ 'ਚ ਸਵਾਰ
ਮੇਰੀ ਜ਼ਿੰਦਗੀ ਦੇ ਟੁਕੜੇ
ਰਹੇ ਦੇਂਦੇ ਆਵਾਜ਼
ਇਕ ਦੂਜੇ ਨੂੰ।



## ਜ਼ਿੰਦਗੀ ਤੂੰ ਮੇਰੀ ਦੋਸਤ ਨਾ ਬਣ ਸਕੀ

ਜ਼ਿੰਦਗੀ!
ਤੂੰ ਮੇਰੀ ਦੋਸਤ ਨਾ ਬਣ ਸਕੀ
ਹਰ ਕਦਮ ਤੇਰੇ ਸੰਗ ਚਲਣਾ
ਮੁਹਾਲ ਹੀ ਬਣਦਾ ਰਿਹਾ
ਹਰ ਪਲ ਤੇਰਾ ਮੈਨੂੰ
ਹਲਾਲ ਹੀ ਕਰਦਾ ਰਿਹਾ
ਇਕ ਸਹਿਮ
ਇਕ ਸਾਇਆ
ਇਕ ਸਰਗੋਸ਼ੀ
ਕੰਨਾਂ 'ਚ ਰਹੀ ਰੀਂਗਦੀ
ਜ਼ਿੰਦਗੀ!
ਤੂੰ ਮੇਰੇ ਲਈ
ਸਵਾਲ ਹੀ ਬਣੀ ਰਹੀ
ਅਲਜਬਰੇ* ਦਾ ਔਖਾ ਸਵਾਲ
ਜਿਸ ਵਿਚ ਛੁਪੀਆਂ
ਤਿਕੋਣ ਚੌਕੋਣ ਸ਼ਕਲਾਂ ਨੂੰ
ਲਭਣਾ
ਲਗਦਾ ਰਿਹਾ ਮੈਨੂੰ ਅਜ਼ਾਬ
ਦਿਮਾਗ਼ ਰਿਹਾ ਥਕਦਾ ਤੇ
ਨਸਾਂ ਤੜਪਦੀਆਂ
ਇਕ ਖ਼ਾਮੋਸ਼ੀ
ਦਿਲ 'ਚ ਰਹੀ ਰੀਂਗਦੀ
ਜ਼ਿੰਦਗੀ!
ਤੂੰ ਮੇਰੀ ਦੋਸਤ ਨਾ ਬਣ ਸਕੀ!

## ਮੈਨੂੰ ਸੀਤਾ ਨਾ ਕਹੋ

ਮੈਨੂੰ ਸੀਤਾ ਨਾ ਕਹੋ
ਮੈਂ ਜ਼ਿੰਦਗੀ ਦੀ
ਅਗਨੀ-ਪ੍ਰੀਖਿਆ
ਦੇਣ ਤੋਂ ਪਹਿਲਾਂ
ਆਪਣੇ ਹਮਸਫ਼ਰ ਸੰਗ
ਦਲੀਲ ਨਾਲ
ਗੱਲ ਕਰਨੀ ਹੈ।



## ਕਥਾ ਸਾਗਰ ਦੀ

ਮੈਂ ਸਾਂ ਭਰ ਵਗਦਾ
ਇਕ ਸਾਗਰ
ਠਾਠਾਂ ਮਾਰਦਾ
ਮੇਰੇ ਅੰਦਰ
ਭਰੇ ਤੂਫ਼ਾਨ
ਛੱਲਾਂ ਉਠਦੀਆਂ
ਮੇਰੇ ਅੰਦਰ
ਛੁਪੇ ਰਹੱਸ
ਖ਼ਜ਼ਾਨੇ ਜਗਤ ਦੇ
ਮੈਂ ਸਭੋ ਕੁਝ ਲੁਟਾ
ਹਾਂ ਪਿਆਰ ਮੰਗਦਾ
ਮੇਰੀਆਂ ਲਹਿਰਾਂ
ਕੜਿੰਗੜੀ ਪਾ
ਕਲਾਵਾ ਬਣਦੀਆਂ
ਸੂਰਜ ਕਿਰਨਾਂ ਆਉਂਦੀਆਂ
ਮੈਨੂੰ ਛੋਂਹਦੀਆਂ
ਉਹਨਾਂ ਪਾਈ ਨਾ
ਮੇਰੀ ਥਾਹ
ਮੈਂ ਬੂੰਦ ਬੂੰਦ
ਉੱਡ ਰਿਹਾ।

## ਰਹਿਮਤ ਦੀ ਇਕੋ ਬੂੰਦ

ਮੈਂ ਸਾਗਰ ਵਿਚਲੀ
ਉਹ ਸਿੱਪੀ
ਜੋ ਪਲ ਨਾ
ਸੁੱਤੀ
ਜਿਹਦੀਆਂ ਪਲਕਾਂ
ਥੱਕੀਆਂ
ਕੋਏ ਸੁੱਜ ਗਏ
ਜਿਹਦੇ ਹੋਠ ਪਿਆਸੇ
ਸਿੱਕਰੀ ਬੱਝ ਗਈ
ਜਿਹਦੀ ਰੂਹ
ਤੜਪਦੀ—
ਵਿਚ ਸਾਗਰ ਦੇ
ਤਿਹਾਈ
ਮਰ ਰਹੀ
ਨਾ ਉਹ ਮੰਗਦੀ
ਸਾਗਰ ਦਾ
ਸਾਰਾ ਪਾਣੀ
ਨਾ ਉਹ ਮੰਗਦੀ
ਰਿਮ-ਝਿਮ ਵਰਖਾ
ਸਗੋਂ ਰਹਿਮਤ ਦੀ
ਇਕੋ ਬੂੰਦ।



## ਉਡੀਕ

ਮੈਂ ਹਾਂ
ਇਕ ਪਪੀਹਾ!
ਬਣ ਉਡੀਕ
ਜਿਹਦਾ ਹਰ ਮੌਸਮ
ਗੁਜ਼ਰਿਆ
ਤ੍ਰੇਹ ਨਾਲ
ਜਿਹਦਾ ਲੂੰ ਲੂੰ
ਤੜਪਿਆ
ਸਵਾਂਤ ਬੂੰਦ
ਦੀ ਉਡੀਕ
ਅਜੇ ਵੀ
ਕਰ ਰਿਹਾ।

## ਜੁਗਨੂੰ

ਮੈਂ ਇਕ ਜੁਗਨੂੰ
ਚਾਨਣ ਵੰਡਦਾ
ਨਿੱਕੇ ਨਿੱਕੇ
ਖੰਭ ਨੇ ਮੇਰੇ
ਉਡਦਾ ਜਾਂਦਾ
ਹਰ ਕਿਸੇ ਦਾ
ਦਿਲ ਪਰਚਾਂਦਾ
ਨੇੜ੍ਹੇ ਰੁਸ਼ਨਾਂਦਾ
ਜਦ ਕੋਈ ਚੰਚਲਹਾਰਾ
ਮੈਨੂੰ ਫੜਦਾ
ਮੁੱਠੀ ਬੰਦ ਕਰਦਾ
ਕੋਸੇ ਚਾਨਣ ਰੰਗੀ
ਮੁੱਠੀ ਨੂੰ ਤੱਕ
ਖਿੜਖਿੜਾਂਦਾ
ਉਹ ਨਾ ਜਾਣੇ-
ਮੈਂ ਮੁੱਠੀ ਵਿਚ
ਸਾਹ ਘੁੱਟ ਕੇ
ਮਰ ਜਾਂਦਾ।



## ਤਿਤਲੀ

ਇਕ ਤਿਤਲੀ
ਆਜ਼ਾਦ ਉੱਡ ਰਹੀ
ਮਨ ਦੀ ਚੰਚਲ ਤਰੰਗ
ਉਹਨੂੰ ਫੜ ਲਿਆ
ਤਿਤਲੀ ਦੇ ਰੰਗਾਂ ਦੀ
ਸਤਰੰਘੀ ਪੀਂਘ
ਉਹਦੀ ਹਥੇਲੀ 'ਤੇ
ਉਤਰ ਗਈ
ਉਸ ਮੁੱਠੀ ਖੋਲ੍ਹੀ
ਤਿਤਲੀ ਜੀ ਭਿਆਣੀ
ਉੱਡ ਗਈ
ਉਹ ਮਾਣਮੱਤਾ
ਆਪਣੀ ਤਲੀ

ਹਰ ਕਿਸੇ ਨੂੰ ਵਿਖਾਂਦਾ
ਕਹਿ ਰਿਹਾ
'ਇਕ ਸੋਹਲ ਤਿਤਲੀ
ਉਹਦੀ ਤਲੀ 'ਤੇ
ਕਿੰਨੇ ਰੰਗਲੇ ਚੁੰਮਣ
ਧਰ ਗਈ'
ਪਰ ਤਿਤਲੀ ਦੇ ਜਦ
ਰੰਗ ਗਵਾਚੇ
ਉਹਦੇ ਕੋਮਲ ਪਰ
ਸਹਿ ਨਾ ਸਕੇ
ਹਵਾ ਦਾ ਵੇਗ
ਉਹ ਓਥੇ ਹੀ
ਡਿਗ ਪਈ ਮੂੰਹ ਭਾਰ,
ਇਹ ਸੀ ਸੱਚ
ਜਾਂ ਭਰਮ
ਕਿ ਉਹਨੇ
ਤਿਤਲੀ ਨੂੰ ਮਰਦਿਆਂ
ਨਹੀਂ ਸੀ ਵੇਖਿਆ।



## ਉਹ ਕੈਸਾ ਹਾਦਸਾ ਸੀ ?

ਮੇਰੀ ਮੌਤ ਹੋ ਗਈ ਸੀ
ਮੈਨੂੰ ਪਤਾ ਹੈ
ਪਰ ਆਪਣਾ ਮਰਨ-ਦਿਨ
ਯਾਦ ਨਹੀਂ ਤੇ
ਇਹ ਵੀ ਪਤਾ ਨਹੀਂ
ਉਹ ਕੈਸਾ ਹਾਦਸਾ ਸੀ
ਮੈਂ ਕਤਲ ਹੋਈ ਸਾਂ
ਜਾਂ ਖ਼ੁਦਕੁਸ਼ੀ ਕੀਤੀ ਸੀ!

## ਉਹ ਇਕ ਨਿੱਕਾ ਬੱਚਾ ਨਹੀਂ

ਕਾਸ਼! ਮੈਂ ਇਕ ਖਿਡੌਣਾ ਹੁੰਦੀ
ਕਿਸੇ ਨਿੱਕੇ ਬੱਚੇ ਦਾ
ਦਿਲ ਪਰਚਾਂਦੀ
ਉਹਦੇ ਦਿਲ 'ਚੋਂ ਉੱਠੀ
ਰੱਬ ਵਰਗੀ ਖ਼ੁਸ਼ੀ
ਉਹਦੇ ਚਿਹਰੇ ਤੇ
ਹੱਸਦਿਆਂ ਵੇਖਦੀ
ਖ਼ਿਆਲ ਆਇਆ
ਮੈਂ ਇਕ
ਮਹਿਜ਼ ਖਿਡੌਣਾ ਹੀ ਹਾਂ
ਪਰ ਉਹ ਇਕ ਨਿੱਕਾ ਬੱਚਾ ਨਹੀਂ।



## ਜਸ਼ਨ

ਮੇਰੇ ਅੰਦਰ
ਸ਼ਿਕਵਾ ਲਫ਼ਜ਼ ਨੇ
ਖ਼ੁਦਕੁਸ਼ੀ ਕਰ ਲਈ ਹੈ
ਉਹ ਖ਼ੁਸ਼ ਹੈ
ਆਪਣੀ ਜਿੱਤ ਦਾ
ਜਸ਼ਨ ਹੈ ਮਨਾ ਰਿਹਾ
ਪਰ ਉਹ ਨਹੀਂ ਜਾਣਦਾ
ਇਨਸਾਨ ਦੇ ਅੰਦਰੋਂ ਮਰਨ ਤੇ
ਸ਼ਿਕਵੇ ਵਰਗੇ ਲਫ਼ਜ਼ ਦੇ
ਖ਼ੁਦਕੁਸ਼ੀ ਕਰਨ 'ਚ
ਕਿੰਨਾ ਫ਼ਰਕ ਹੈ ਹੁੰਦਾ?

# ਇਕ ਅਰਥ

ਰਿਸ਼ਤਾ : ਇਕ ਲਫ਼ਜ਼
ਇਕ ਹੋਂਦ
ਇਕ ਅਹਿਸਾਸ
ਇਕ ਜਜ਼ਬਾ
ਇਕ ਸੱਚ
ਇਕ ਝੂਠ
ਫਰੇਬ ਕਿ ਕੁਫ਼ਰ
ਇਕ ਰੁੱਤ
ਇਕ ਉਮਰ!
ਰਿਸ਼ਤਾ : ਇਕ ਅਰਥ
ਸੱਚ ਤੇ ਪਿਆਰ
ਨਵਜੰਮੇ ਬੱਚੇ ਦੇ
ਹੋਠਾਂ ਦੀ ਮਾਸੂਮਤਾ
ਬਚਪਨ ਦਾ ਪਹਿਲੀ ਵਾਰ
ਹੱਸਣਾ ਨਿਰਛਲ ਹਾਸਾ
ਬੱਦਲ ਦਾ ਗਰਜਣਾ ਤੇ
ਮੋਰ ਦੀ ਖ਼ੁਸ਼ੀ
ਮੀਂਹ ਵਸਣਾ ਤੇ



ਮਿੱਟੀ ਦੀ ਖ਼ੁਸ਼ਬੋ
ਸਾਗਰ ਦੀਆਂ ਲਹਿਰਾਂ ਦਾ
ਪੈਰਾਂ ਨੂੰ ਚੁੰਮਣਾ
ਧਰਤੀ ਉੱਤੇ
ਕੰਵਾਰੀ ਬਰਫ਼ ਦੀ ਲੋਅ
ਚਾਰ ਹੋਠਾਂ ਦਾ
ਪਹਿਲੀ ਵਾਰ ਮਿਲਣਾ
ਅੰਬਾਂ ਦਾ ਪੱਕਣਾ ਤੇ
ਰਸੇ ਜਾਣਾ
ਕੋਇਲ ਦਾ ਗੀਤ
ਹਵਾ ਦਾ ਸਰਕਣਾ ਤੇ
ਟਿਊਲਪਸ ਦਾ ਨੱਚਣਾ
ਅੱਕ ਦੀਆਂ ਡੋਡੀਆਂ 'ਚੋਂ
ਮਾਈਆਂ ਬੁੱਢੀਆਂ ਦਾ ਉਡਣਾ
ਬੱਚਿਆਂ ਦਾ ਵੇਖ ਵੇਖ ਹੱਸਣਾ
ਹਮੇਸ਼ਾ ਸਰਸਬਜ਼
ਕੇਲੇ ਦਾ ਰੁੱਖ
ਟੁੱਟ ਕੇ ਵੀ
ਜਰਨਾ ਹੈ ਜਾਣਦਾ
ਵਧਣਾ ਹੈ ਜਾਣਦਾ

ਓਸੇ ਵੇਲੇ
ਓਸੇ ਘੜੀ ਤੇ
ਉਹ
ਜੀਣਾ ਹੈ ਜਾਣਦਾ
ਜ਼ਿੰਦਗੀ ਜੀਣ ਤੇ
ਥੀਣ ਦਾ
ਦੁੱਖਾਂ ਨੂੰ ਜਰਨ ਤੇ
ਵੰਡਾਉਣ ਦਾ
ਅਰਥ ਹੈ
ਰਿਸ਼ਤਾ
ਰਿਸ਼ਤਾ : ਇਕ ਅਰਥ
ਕਰਦਾ ਜੋ ਖਵਾਰ
ਉਹ ਕਿਸੇ ਦਾ ਨਾ ਯਾਰ
ਕੁਫ਼ਰਾਂ ਦਾ ਸਰਦਾਰ
ਵਹਿਸ਼ਤ ਦਾ ਸਬਕ
ਇਕ ਨਾਗ
ਇਕ ਜ਼ਹਿਰ
ਕਿਸਮਤ ਦਾ ਮੰਦਾ ਲੇਖ
ਮੱਥੇ ਦੀ ਉਹ ਮੇਖ।



## ਰੂ-ਬ-ਰੂ

ਉਸ ਨਕਾਬਪੋਸ਼ ਸੱਚ ਨਾਲੋਂ
ਉਹ ਝੂਠ ਚੰਗਾ
ਜੋ ਨੰਗਾ ਹੈ
ਜੋ ਸ਼ੀਸ਼ੇ ਵਾਂਗ ਸਾਫ਼
ਪਰ ਟੁੱਟਣਹਾਰ ਏ
ਝੂਠ ਦਾ ਸ਼ੀਸ਼ਾ
ਜਦ ਟੁੱਟਦਾ ਏ
ਇਹਦੀਆਂ ਕਿਰਚਾਂ
ਨਿੱਕੀਆਂ ਨਿੱਕੀਆਂ
ਤਿੱਖੀਆਂ ਸੂਲਾਂ
ਦੁੱਖਾਂ ਦੀਆਂ ਬਣ
ਜ਼ਿੰਦਗੀ ਦੀ ਪਗਡੰਡੀ 'ਤੇ
ਬਿਖਰ ਜਾਂਦੀਆਂ ਨੇ
ਉਸ ਰਾਹ ਤੇ ਤੁਰਦਿਆਂ
ਜੋ ਲਹੂ ਸਿੰਮਦਾ ਏ

ਪੈਰਾਂ 'ਚੋਂ
ਜ਼ਖ਼ਮ ਲਗਦੇ ਨੇ
ਤਲੀਆਂ ਤੇ
ਉਹਨਾਂ ਸੂਲਾਂ ਵਰਗੀਆਂ ਕਿਰਚਾਂ ਨੂੰ
ਤਲੀਆਂ 'ਚੋਂ ਪੁੱਟਦਿਆਂ
ਜੋੜ ਜੋੜ ਰਖਦਿਆਂ
ਜ਼ਖ਼ਮ ਆਉਂਦੇ ਨੇ
ਹੱਥਾਂ 'ਤੇ
ਉਹਨਾਂ ਲਕੀਰੇ ਹੋਏ
ਜ਼ਖ਼ਮਾਂ ਵਾਲੇ
ਹੱਥਾਂ ਦੇ ਸਾਹਵੇਂ
ਤੁਸੀਂ ਆਪਣੇ ਦੁੱਖਾਂ ਨਾਲ ਵਾਬਸਤਾ
ਆਪਣੇ ਰੂ-ਬ-ਰੂ ਤਾਂ ਹੁੰਦੇ ਹੋ
ਉਸ ਰਕੀਬ ਦਾ ਚਿਹਰਾ
ਕਿਰਚਾਂ ਚੁੱਕ ਚੁੱਕ ਜੋੜੇ
ਸ਼ੀਸ਼ੇ 'ਚੋਂ
ਤੱਕ ਸਕਦੇ ਹੋ
ਜੋ ਟੁੱਟ ਕੇ ਵੀ
ਤੁਹਾਡੇ ਸਾਹਵੇਂ ਤਾਂ
ਖੜਾ ਹੈ!
ਨਕਾਬਪੋਸ਼ ਸੱਚ ਦੀ
ਤਸ਼ਰੀਹ ਦੀ ਤਾਂ ਲੋੜ ਨਹੀਂ
ਨਕਾਬ ਪਹਿਨੀਂ ਉਹ
ਆਪਣੇ ਮਾਅਨੇ ਹੀ
ਗਵਾ ਚੁੱਕਾ ਏ।



## ਡਾਲਰਾਂ ਦੀ ਖਾਣ

ਔਰਤ ਦੀ ਕੁੱਖ
ਜਿਸ ਵਿਚ ਕਦੀ
ਪਲਿਆ ਸੀ ਰੱਬੀ ਨੂਰ
ਉਸ ਨੂੰ ਅੱਜ ਵਪਾਰੀਆਂ
ਡਾਲਰਾਂ ਦੀ ਖਾਣ ਵਿਚ
ਦਿੱਤਾ ਹੈ ਬਦਲ।
ਤਦ ਪਵਿੱਤਰ ਮਰੀਅਮ ਨੂੰ
ਰੱਬ ਨੇ ਆਪ ਦਿਤੀ ਸੀ ਆਵਾਜ਼
ਆਖਿਆ
ਉਹਦਾ ਬੇਟਾ ਦੁਨੀਆਂ ਵਿਚ ਆ ਕੇ
ਦੁਖਿਆਰਿਆਂ
ਪੀੜਾਂ ਮਾਰਿਆਂ
ਗ਼ੁਲਾਮਾਂ ਤੇ ਗਰੀਬਾਂ ਦੇ
ਕਸ਼ਟ ਹਰੇਗਾ
ਆਪ ਪੀੜਾਂ ਸਹੇਗਾ
ਹੱਥਾਂ ਪੈਰਾਂ ਤੇ ਮੱਥੇ ਵਿਚ
ਮੇਖਾਂ ਠੁਕਵਾਏਗਾ
ਲੋਕਾਈ ਦੀਆਂ ਪੀੜਾਂ
ਆਪ ਜਰੇਗਾ
ਸੂਲੀ ਚੁੱਕੇਗਾ ਮੋਢਿਆਂ 'ਤੇ
ਤਾਂ ਜੋ ਹਰ ਕੋਈ
ਆਜ਼ਾਦੀ ਵਿਚ ਜੀਵੇ
ਖ਼ੁਸ਼ੀਆਂ ਵਿਚ ਥੀਵੇ;

ਪੀੜਾਂ ਦੇ ਇਹਨਾਂ ਬੱਦਲਾਂ ਵਿਚ
ਉਤਾਰਨ ਲਈ ਖ਼ੁਦਾ ਦਾ ਨੂਰ
ਖ਼ੁਦਾ ਨੇ ਸਭ ਤੋਂ ਹਿਫ਼ਾਜ਼ਤ ਵਾਲੀ
ਸਭ ਤੋਂ ਪਵਿੱਤਰ ਥਾਂ
ਔਰਤ ਦੀ ਕੁੱਖ ਨੂੰ ਸੀ ਜਾਤਾ
ਉਹ ਸੁਭਾਗੀ ਕੁੱਖ ਸੀ
ਪਵਿੱਤਰ ਮਰੀਅਮ ਦੀ
ਮਾਂ ਮਰੀਅਮ ਖ਼ੌਫ਼ਜ਼ਦਾ ਸੀ
ਮਾਂ ਮਰੀਅਮ ਸੰਗ ਸ਼ਰਮ ਹਯਾ ਦਾ
ਵਾਸਤਾ ਸੀ ਦਿੱਤਾ ਖ਼ੁਦਾ ਨੂੰ
ਮਾਂ ਮਰੀਅਮ ਸਮਾਜ ਦੇ ਨਿਹੋਰੇ
ਚੇਤੇ ਸਨ ਕੀਤੇ
ਪਰ ਉਹ ਇਕ ਸੱਚੀ ਮਾਂ ਸੀ
'ਮਾਂ' ਜਿਸ ਨਾਲ ਕੋਈ ਵੀ ਵਿਸ਼ੇਸ਼ਣ
ਜਚਦਾ ਨਹੀਂ
ਉਸ ਈਸਾ ਸੀ ਜੰਮਿਆ
ਹਨੇਰੇ ਰੌਸ਼ਨ ਸਨ ਹੋਏ
ਆਕਾਸ਼-ਖ਼ਲਾਅ-ਧਰਤੀ
ਸਭ ਥਾਈਂ ਨੂਰ ਸੀ ਪਸਰਿਆ।
ਇਨਸਾਨਾਂ ਦੇ ਜਿਸਮਾਂ ਨੂੰ
ਢਾਲ ਕੇ ਸੋਨੇ ਵਿਚ
ਜਿਹਨਾਂ ਕੀਤੀਆਂ ਸਨ ਕਮਾਈਆਂ
ਸਭ ਕੰਬ ਉਠੇ
ਸ਼ੈਤਾਨ ਨੂੰ ਪਵਾ ਕੇ
ਧਰਮ ਦਾ ਜਾਮਾ



ਜਿਹਨਾਂ ਕੀਤੇ ਸਨ ਵਿਉਪਾਰ
ਸਭ ਕੰਬ ਉਠੇ।
ਸਿਆਸਤ ਦੀਆਂ ਨੀਹਾਂ ਵਿਚ
ਜਿਹਨਾਂ ਭਰਿਆ ਸੀ
ਖ਼ੂਨ ਮਨੁੱਖਤਾ ਦਾ
ਸਭ ਕੰਬ ਉਠੇ।
ਪਰ ਹੁਣ ਈਸਾ ਦੀ ਧਰਤੀ ਤੇ
ਮਾਂ ਦੀ ਕੁੱਖ ਨੂੰ
ਡਾਲਰਾਂ ਦੀ ਖਾਣ
ਬਣਾਉਣ ਵਾਲੇ ਵਿਉਪਾਰੀਆਂ ਲਈ
ਹਾਜ਼ਰ ਹਨ ਮਜ਼ਦੂਰਨੀਆਂ
ਕੁਝ ਔਰਤਾਂ
ਜੋ ਆਖਦੀਆਂ ਹਨ
ਉਹ ਸਿਹਤਮੰਦ ਹਨ
ਉਹਨਾਂ ਕੋਲ ਰੱਬੀ ਦਾਤ ਹੈ
ਮਾਂ ਬਣਨ ਦੀ
ਉਸ ਵਿਚੋਂ ਇਕ 'ਲਾਲ' ਕੱਢ ਕੇ
ਕਿਉਂ ਨਾ ਹਜ਼ਾਰਾਂ ਲੱਖਾਂ ਡਾਲਰ ਕਮਾਉਣ
ਮਾਂ ਅਖਵਾਉਣ ਦਾ ਅਜੇ ਵੀ
ਉਹ ਭਰਮ ਪਈਆਂ ਪਾਲਦੀਆਂ
'ਮਾਂ' ਨਾਲ ਵਿਸ਼ੇਸ਼ਣਾਂ ਦੀ ਲੋੜ ਨਹੀਂ
ਪਰ ਉਹ ਲਾ ਕੇ ਵਿਸ਼ੇਸ਼ਣ
ਵਣਜ ਦਾ
ਲਾਭ ਕਮਾਂਦੀਆਂ
ਆਪਣੇ ਆਪ ਨੂੰ

ਦਰਾਖ ਮੁਦਰ* ਅਖਵਾਂਦੀਆਂ।
ਅੱਖਾਂ ਦਾ ਨੂਰ
ਦਿਲ ਦਾ ਸਰੂਰ
ਚੰਨ ਪੁੱਤਰ
ਜਾਨ ਬੇਟੀ
ਦਾ ਸੰਕਲਪ
ਕਿੰਜ ਇਹ ਕੁੱਖ ਵਿਚ ਢਲੇਗਾ
ਕੀ ਬਣੇਗਾ ਹੁਣ
ਮਾਂ ਮਰੀਅਮ ਦੇ ਸੰਕਲਪ ਦਾ
ਕੀ ਕਦੀ ਹੁਣ ਖ਼ੁਦਾ
ਕਿਸੇ ਮਰੀਅਮ ਦੀ ਕੁੱਖ ਨੂੰ
ਆਪਣੇ ਨੂਰ ਨਾਲ ਰੌਸ਼ਨ ਕਰਨ ਦਾ
ਹੌਸਲਾ ਕਰੇਗਾ ?

* ਦਰਾਖ ਮੁਦਰ (ਭਾੜੇ ਕੀਤੀ ਮਾਂ)
ਅਮਰੀਕਾ ਅਤੇ ਯੋਰਪ ਵਿਚ ਅਜੇਹੇ ਦਫ਼ਤਰ ਖੁਲ੍ਹੇ ਹਨ, ਜਿਥੇ ਬੇਔਲਾਦ ਜੋੜੇ ਆਪਣੇ ਵਾਸਤੇ ਬੱਚੇ ਦਾ ਆਰਡਰ ਦੇ ਸਕਦੇ ਹਨ। ਅਜਿਹੇ ਦਫ਼ਤਰਾਂ ਕੋਲ ਕੁਝ ਅਜਿਹੀਆਂ ਔਰਤਾਂ ਦੇ ਪਤੇ ਹਨ, ਜੋ ਮਾਂ ਬਣਨ ਦੇ ਕਾਬਿਲ ਹਨ। ਉਹ ਔਰਤਾਂ ਕਿਸੇ ਵੀ ਮਰਦ ਦਾ ਬੱਚਾ ਦਸ ਹਜ਼ਾਰ ਡਾਲਰ (ਵੱਧ ਘਟ ਵੀ ਹੋ ਸਕਦੇ ਹਨ) ਲੈ ਕੇ ਜੰਮਣ ਲਈ ਤਿਆਰ ਹਨ। ਦਫ਼ਤਰ ਵੱਲੋਂ ਮੁਹੱਈਆ ਕੀਤੀ ਔਰਤ ਤੇ ਉਹ ਬੇਗਾਨਾ ਮਰਦ ਓਨਾ ਚਿਰ ਇਕੱਠੇ ਰਹਿਣਗੇ, ਜਿੰਨਾ ਚਿਰ ਔਰਤ ਨੂੰ ਉਮੀਦਵਾਰੀ ਨਹੀਂ ਹੁੰਦੀ। ਮਾਂ ਬਣਨ ਦੀ ਉਮੀਦ ਹੁੰਦਿਆਂ ਹੀ ਔਰਤ ਆਪਣੇ ਘਰ, ਆਪਣੇ ਪਰਿਵਾਰ ਜਾਂ ਆਪਣੇ ਪਤੀ ਤੇ ਬੱਚਿਆਂ ਕੋਲ ਰਹਿਣ ਲਈ ਚਲੀ ਜਾਵੇਗੀ ਤੇ ਨੌਂ ਮਹੀਨੇ ਪਿਛੋਂ ਜਦ ਬੱਚਾ ਪੈਦਾ ਹੋਵੇਗਾ, ਬੇਔਲਾਦ ਜੋੜਾ ਦਫ਼ਤਰ ਵਿਚ ਕਾਨੂੰਨੀ ਕਾਰਵਾਈ ਕਰਕੇ ਪੂਰੀ ਫੀਸ ਭਰ ਕੇ ਬੱਚਾ ਲੈ ਜਾਵੇਗਾ। ਅਜਿਹੀ ਪੈਸੇ ਲੈ ਕੇ ਬੱਚਾ ਪੈਦਾ ਕਰਨ ਵਾਲੀ ਮਾਂ ਨੂੰ ਨੀਂਦਰਲੈਂਡ ਭਾਸ਼ਾ ਵਿਚ 'ਦਰਾਖ ਮੁਦਰ' ਕਹਿੰਦੇ ਹਨ।



## ਦਰਾਖ ਮੁਦਰ

ਕੱਲ੍ਹ ਜਿਹੜਾ ਬੱਚਾ
ਹਸਪਤਾਲ ਵਿਚ ਜੰਮਿਆ
ਉਹਦੀਆਂ ਅੱਖਾਂ ਸਨ
ਦੋ ਸਵਾਲੀਆ ਨਿਸ਼ਾਨ
ਉਹਦਾ ਨੱਕ ਸੀ
ਵਿਸਮਿਕ ਚਿੰਨ੍ਹ
ਉਹਦੇ ਬੁੱਲ੍ਹਾਂ ਦੇ ਦੋਹੀਂ ਪਾਸੀਂ
ਕੌਮੇ ("......") ਸਨ
ਵਿਚਲੀ ਜਗ੍ਹਾ ਖਾਲੀ ਸੀ
ਉਹਦੇ ਵਾਲ ਭੂਰੇ ਸਨ
ਉਹਦੀ ਠੋਡੀ ਤੇ ਤਿਲ ਸੀ
ਉਹਦਾ ਬਾਕੀ ਜਿਸਮ ਨਾਰਮਲ ਸੀ ?
ਪਰ ਅਚੰਭਾ ਸੀ
ਜਦ ਤੋਂ ਉਹ
ਮਾਂ ਦੀ ਕੁੱਖ 'ਚੋਂ ਪੈਦਾ ਹੋਇਆ
ਉਹਦੇ ਨਿੱਕੇ ਹੱਥਾਂ
ਪੰਘੂੜੇ ਨੂੰ ਘੁਟ ਕੇ ਸੀ ਫੜਿਆ ਹੋਇਆ
ਉਹਦੀ ਮਾਂ ਪੰਘੂੜੇ ਕੋਲ
ਬੱਚੇ ਵਲ ਪਿੱਠ ਕੀਤੀ
ਬੈੱਡ ਤੇ ਲੇਟੀ ਸੀ
ਓਦੋਂ ਹੀ ਅੰਦਰ
ਇਕ ਭੂਰੇ ਵਾਲਾਂ ਵਾਲਾ ਮਰਦ ਤੇ ਔਰਤ ਆਏ
ਨਾਲ ਸੀ ਹਸਪਤਾਲ ਦਾ ਡਾਕਟਰ ਤੇ
ਕਿਸੇ ਏਜੰਸੀ ਦਾ ਕਰਮਚਾਰੀ
ਮਰਦ ਨੇ 'ਦਸ ਹਜ਼ਾਰ ਡਾਲਰ' ਦਾ ਚੈੱਕ

ਬੱਚੇ ਦੇ ਬੁੱਲ੍ਹਾਂ ਵਿਚਕਾਰ ਰਖਿਆ
ਬੱਚਾ ਰੋ ਪਿਆ
ਮਾਂ ਜੋ ਪਿੱਠ ਕੀਤੀ ਲੇਟੀ ਸੀ
ਪਿੱਠ ਮੋੜ ਮੁਸਕਰਾ ਪਈ
ਦਸ ਹਜ਼ਾਰ ਡਾਲਰ ਦਾ ਚੈੱਕ
ਉਸ ਨਿਹਾਰਿਆ ਤੇ ਸਿਰ੍ਹਾਣੇ ਹੇਠ ਰੱਖ ਲਿਆ।
ਹਸਪਤਾਲ ਦੇ ਉਸ ਕਮਰੇ ਅੰਦਰ ਦਾਖਲ ਹੋਏ
ਔਰਤ ਮਰਦ ਨੇ
ਬੱਚੇ ਨੂੰ ਪੰਘੂੜੇ ਵਿਚੋਂ ਚੁੱਕਣਾ ਚਾਹਿਆ
ਬੱਚਾ ਸੀ ਕਿ
ਪੰਘੂੜੇ ਨੂੰ ਨਹੀਂ ਸੀ ਛੱਡ ਰਿਹਾ
ਉਹਦੇ ਨਿੱਕੇ ਹੱਥ
ਲਹੂ ਲੁਹਾਨ ਹੋ ਗਏ
ਪੰਘੂੜੇ ਨਾਲੋਂ ਛੁਡਾਂਦਿਆਂ
ਬੱਚੇ ਨੇ ਇਕ ਲੇਰ ਮਾਰੀ ਤੇ
ਫਿਰ ਰੋਂਦਾ ਰੋਂਦਾ ਸੌਂ ਗਿਆ
ਮਰਦ ਔਰਤ ਜੋ ਬਾਹਰੋਂ ਆਏ ਸਨ
ਨਾਲ ਆਏ ਕਰਮਚਾਰੀਆਂ ਨੂੰ ਕਮਿਸ਼ਨ ਦੇ ਕੇ
ਡਾਕਟਰ ਦੀ ਹਾਜ਼ਰੀ ਵਿਚ
ਬੱਚੇ ਦੇ ਵਾਹਦ ਮਾਪੇ ਬਣ ਕੇ
ਉਹਨੂੰ ਆਪਣੇ ਘਰ ਲੈ ਗਏ।
ਪਿੱਠ ਕੀਤੀ ਔਰਤ ਨੇ
ਸਿਰ੍ਹਾਣੇ ਹੇਠੋਂ ਚੈੱਕ ਕੱਢਿਆ
ਦਸ ਹਜ਼ਾਰ ਡਾਲਰ
ਉਸ ਪੜ੍ਹਿਆ ਤੇ
ਸੋਚਿਆ
ਉਹ ਸਿਹਤਮੰਦ ਸੀ



ਉਹ ਔਰਤ ਸੀ
ਕੁਦਰਤ ਵਲੋਂ ਉਹਨੂੰ
ਮਾਂ ਬਣਨ ਦਾ ਅਣਮੋਲ ਤੁਹਫ਼ਾ ਜੋ ਸੀ ਮਿਲਿਆ
ਉਹਦਾ ਉਸ ਵਣਜ ਕੀਤਾ ਸੀ
ਇਸ ਵਿਚ ਬੁਰਾ ਕੀ ਸੀ?
ਲੋੜ ਸੀ ਉਹਨੂੰ ਪੈਸਿਆਂ ਦੀ
ਆਪਣੀਆਂ ਲੋੜਾਂ ਤੇ ਅਯਾਸ਼ੀ ਲਈ।
ਭੂਰੇ ਵਾਲਾਂ ਵਾਲੇ ਮਰਦ ਨੇ
ਆਪਣੀ ਔਰਤ ਦੀ ਮਰਜ਼ੀ ਨਾਲ
ਇਸ ਔਰਤ ਦੇ ਮਰਦ ਦੀ ਰਜ਼ਾ ਨਾਲ
ਇਸ ਔਰਤ ਦੀ ਕੁੱਖ ਵਿਚ
ਆਪਣਾ ਵਿਰਸਾ ਸੀ ਪਾਇਆ
ਇਕ ਚੰਗੇ ਪਤੀ ਦਾ ਫ਼ਰਜ਼ ਸੀ ਨਿਭਾਇਆ
ਕਿ ਉਸ ਨੂੰ ਆਪਣੀ ਤ੍ਰੀਮਤ ਸੀ ਪਿਆਰੀ
ਮਾਂ ਨਾ ਬਣ ਸਕਣ ਦਾ ਸਰਾਪ ਸੀ ਉਹ ਭੋਗ ਰਹੀ
ਉਸ ਆਪਣੀ ਸੱਜਣੀ ਨੂੰ
'ਇਕ ਬੱਚਾ ਤੁਹਫ਼ੇ' ਵਿਚ
ਦੇਣਾ ਸੀ ਚਾਹਿਆ।
ਇਹ ਸਭ ਇੰਜ ਹੋ ਗੁਜ਼ਰਿਆ ਸੀ
ਜਿਵੇਂ ਸਰਕਾਰੀ ਦਫ਼ਤਰਾਂ ਵਿਚ
ਵਿਚਾਰ ਅਧੀਨ ਪੱਤਰ
ਲਿਖੇ ਤੇ ਵਾਚੇ ਜਾਂਦੇ ਹਨ;
ਦਸ ਹਜ਼ਾਰ ਡਾਲਰ ਦੇ ਚੈੱਕ ਨਾਲ
ਇਕ ਅਰਜ਼ੀ ਵੀ ਨੱਥੀ ਸੀ
ਬੇ-ਔਲਾਦ ਮਾਪਿਆਂ ਨੂੰ
ਇਕ ਬੱਚੇ ਦੀ ਲੋੜ ਹੈ
ਉਸ ਅਰਜ਼ੀ ਤੇ ਪਿੱਠ ਕੀਤੀ ਔਰਤ ਨੇ

ਸਹੀ ਪਾਈ ਸੀ ਕੇਵਲ
ਮਾਂ ਬਣਨ ਦੀ
ਇੰਜ ਦੁਨੀਆਂ ਦੇ ਇਸ
ਕੂਲੇ ਅਣਮੋਲ ਰਿਸ਼ਤੇ ਦਾ ਨਾਂਅ
ਬਦਲਿਆ ਸੀ
'ਦਰਾਖ ਮੁਦਰ'*
ਉਸ ਵੇਚਿਆ ਸੀ—
ਕੁੱਖ ਨੂੰ
ਇਖਲਾਕ ਨੂੰ
ਨਿੱਕੀ ਜਿੰਦ ਨੂੰ;
'ਉਹਦੀ ਠੋਡੀ ਤੇ
ਮੇਰੀ ਠੋਡੀ ਵਰਗਾ ਤਿਲ ਸੀ ਪਿਆਰੇ'
ਦਸ ਹਜ਼ਾਰ ਡਾਲਰ ਦਾ ਚੈੱਕ
ਪਰੈਮ ਵਿਚ ਰੱਖ ਕੇ
ਉਹ ਹਸਪਤਾਲ ਤੋਂ ਵਿਦਾ ਹੁੰਦੀ
ਆਪਣੇ ਪਤੀ ਨੂੰ ਕਹਿ ਰਹੀ ਸੀ।

* ਭਾੜੇ ਲਈ ਮਾਂ ਵਾਸਤੇ ਡੱਚ ਸੰਬੋਧਨ

* ਡਾਲਰਾਂ ਦੀ ਖਾਣ ਅਤੇ ਦਰਾਖ ਮੁਦਰ ਨਜ਼ਮਾਂ ਸੰਨ 1985 ਵਿਚ ਲਿਖੀਆਂ ਗਈਆਂ ਸਨ। ਹੁਣ ਮਰਦਾਂ ਨੇ ਸਪਰਮਜ਼ ਬੈਂਕ ਖੁਲ੍ਹ ਗਏ ਹਨ ਤੇ ਔਰਤਾਂ ਦੇ ਐਗਜ਼ ਵੀ ਰੀਜ਼ਰਵ ਕੀਤੇ ਜਾ ਰਹੇ ਹਨ। ਅਜਿਹੀਆਂ ਖ਼ਬਰਾਂ ਵੀ ਹਨ ਕਿ ਭਾਰਤ ਵਿਚ ਵੀ ਹਸਪਤਾਲਾਂ ਦੀਆਂ ਲੈਬਾਟਰੀਆਂ ਵਿਚ ਕੁਦਰਤ ਜਾਂ ਪਿਆਰ ਦੀ ਇਸ ਦੇਣ ਨੂੰ ਮਸਨੂਹੀ ਤਰੀਕੇ ਨਾਲ ਮਿਲਾ ਕੇ ਟੈਸਟ-ਟਿਊਬ ਬੇਬੀ ਪੈਦਾ ਕੀਤੇ ਜਾਂਦੇ ਹਨ ਅਤੇ ਬਹੁਤ ਵੇਰਾਂ ਇਸ ਵਿਚ ਵਪਾਰਕ ਲੈਣ ਦੇਣ ਵੀ ਸ਼ਾਮਲ ਹੁੰਦਾ ਹੈ।



## ਡੌਲਹੌਫ਼*

ਅਸੀਂ ਆਪਣੀਆਂ ਹੀ
ਬਣਾਈਆਂ ਦੀਵਾਰਾਂ ਵਿਚ
ਕੈਦ ਹੋ ਗਏ ਹਾਂ
ਕਿਧਰੇ ਖੜੀ ਹੈ
ਧਰਮ ਦੀ ਦੀਵਾਰ
ਰੰਗ ਦੀ ਦੀਵਾਰ
ਉਸ ਤੋਂ ਅੱਗੇ
ਨਸਲ ਦੀ ਦੀਵਾਰ
ਜ਼ਬਾਨ ਦੀ ਦੀਵਾਰ
ਬਣੀ ਖੜੀ ਹੈ
ਇਹਨਾਂ ਵਿਚਕਾਰ
ਅਮੀਰੀ ਦੀ ਦੀਵਾਰ
ਗਰੀਬੀ ਖੜੀ ਪਰਲੇਪਾਰ
ਦੂਰ ਦੁਮੇਲ ਤਕ
ਸ਼ਰੇਣੀ-ਦਰ-ਸ਼ਰੇਣੀ
ਕਿੰਨੀਆਂ ਹੀ ਦੀਵਾਰਾਂ
ਚਿਣ ਦਿੱਤੀਆਂ ਗਈਆਂ ਹਨ
ਇਹ ਧਰਤੀ ਮੈਨੂੰ

ਲਗਦੀ ਹੈ ਇਕ
ਡੌਲਹੌਫ ਦੀ ਤਰ੍ਹਾਂ
ਜਿਸ ਦੇ ਅੰਦਰ ਲੰਘਣਾ
ਸੌਖਾ ਹੈ
ਪਰ ਦੀਵਾਰ-ਦਰ-ਦੀਵਾਰ ਵਿਚੋਂ
ਲੰਘਦਿਆਂ
ਰਸਤਾ ਮੁੜ ਮੁੜ ਜਾਂਦਾ ਹੈ
ਗਵਾਚ
ਮਨੁੱਖਤਾ ਦੀ ਰੂਹ
ਰਸਤਾ ਢੂੰਡਦੀ
ਗਵਾਚਦੀ ਗੁੰਮਦੀ
ਰਾਜਨੀਤੀ ਨਾਲ ਚਿਣੀਆਂ
ਦੀਵਾਰਾਂ ਵਿਚ
ਵਾਰ ਵਾਰ ਟਕਰਾਉਂਦੀ
ਡਿਗਦੀ ਡੌਲਹੌਫ ਦੇ
ਰਾਹਾਂ 'ਚ
ਹੋ ਜਾਂਦੀ ਲਹੂ ਲੁਹਾਨ।

* ਡੌਲਹੌਫ਼—ਡੱਚ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਭੁੱਲ-ਭੁਲੱਈਆਂ ਵਾਲੇ ਰਸਤੇ।



## ਸੱਚ ਮਾਰਗਰੇਟ ਦਾ

(ਦੂਜੇ ਮਹਾਂਯੁੱਧ ਤੋਂ ਪਹਿਲਾਂ ਨਾਜ਼ੀਆਂ ਨੇ ਆਪਣੇ ਚੜ੍ਹਾਅ ਸਮੇਂ ਯਹੂਦੀਆਂ ਨੂੰ ਡਰਾਇਆ ਧਮਕਾਇਆ, ਤਸੀਹੇ ਦਿਤੇ ਤੇ ਕਤਲ ਕੀਤਾ। ਉਸ ਵੇਲੇ ਕੁਝ ਯਹੂਦੀ ਪਰਿਵਾਰ ਤੇ ਉਹਨਾਂ ਦੇ ਬਚੇ ਹੋਏ ਜੀਅ ਜਰਮਨੀ ਤੋਂ ਮਾਈਗਰੇਟ ਕਰਕੇ ਹਾਲੈਂਡ ਵਿਚ ਵੱਸ ਗਏ। ਇਸਤੋਂ ਬਾਅਦ ਹਾਲੈਂਡ ਵੀ ਕੁਝ ਸਮਾਂ ਜਰਮਨੀ ਅਧੀਨ ਰਿਹਾ, ਇਸੇ ਲਈ ਡੱਚ ਲੋਕ ਵੀ ਅਜੇ ਤਕ ਹਿਟਲਰ ਵੇਲੇ ਹੋਏ ਜ਼ੁਲਮ ਤੇ ਕਤਲੋਗਾਰਤ ਨੂੰ ਨਹੀਂ ਭੁੱਲੇ। ਇਹ ਨਜ਼ਮ ਅਜੇਹੇ ਹੀ ਇਕ ਯਹੂਦੀ ਪਰਿਵਾਰ ਦੇ ਮਾਂ-ਪੁੱਤਰ ਵਿਚ ਮੇਰੇ ਸਾਹਵੇਂ ਵਾਪਰੀ ਇਕ ਸੱਚੀ ਘਟਨਾ ਉਤੇ ਅਧਾਰਤ ਹੈ ਕਿ ਹਾਲੈਂਡ ਵਿਚ ਪਲਿਆ ਪੁੱਤਰ ਅਤੀਤ ਭੁੱਲ ਕੇ ਆਪਣੇ ਜਰਮਨ ਦੋਸਤਾਂ ਨੂੰ ਆਪਣੇ ਘਰ ਵਿਚ ਛੁਟੀਆਂ ਮਨਾਉਣ ਲਈ ਰੱਖਣਾ ਚਾਹੁੰਦਾ ਹੈ। ਪਰ ਮਾਂ ਇਸ ਵਾਸਤੇ ਰਾਜ਼ੀ ਨਹੀਂ ਕਿਉਂਕਿ ਅਤੀਤ ਵਿਚ ਵਾਪਰੇ ਜ਼ਾਲਮ ਹਾਦਸੇ ਉਹਦੇ ਅੰਦਰ ਅਜੇ ਵੀ ਜਿਉਂਦੇ ਹਨ।)

ਮਾਂ : ਇਹ ਹਿਟਲਰ ਦੇ ਦੇਸ਼ ਵਾਸੀ
ਨਹੀਂ ਰਹਿ ਸਕਣਗੇ ਘਰ ਮਿਰੇ
ਕਿ ਹੈ ਨਹੀਂ ਕੋਈ ਨੁੱਕਰ ਖਾਲੀ
ਇਹਨਾਂ ਲਈ ਵਿਚ ਦਿਲ ਮਿਰੇ।
ਪੁੱਤਰ : ਇਹ ਨੇ ਯਾਰ ਮੇਰੇ ਮਾਂ
ਚਾਰ ਦਿਨ ਛੁੱਟੀਆਂ ਆਏ
ਹੱਸ ਖੇਡ ਕੇ ਘਰ ਸਾਡੇ
ਮੁੜ ਜਾਣਗੇ ਹਮਸਾਏ।
ਮਾਂ : ਇਹਨਾਂ ਦੇ ਵੱਡਿਆਂ ਹੀ
ਕੀਤਾ ਸੀ ਜਲਾਵਤਨ ਮੈਨੂੰ
ਤਦ ਇਸ ਬੇਗਾਨੇ ਦੇਸ
ਦਿੱਤੀ ਸੀ ਪਨਾਹ ਮੈਨੂੰ।
ਪੁੱਤਰ : ਏਨੀਆਂ ਸੋਚਾਂ 'ਚ ਨਾ ਪੈ ਮਾਮਾ
ਕਰ ਨਾ ਦਿਲ ਸੌੜਾ ਇੰਨਾ

ਸੋਚ ਹਿਟਲਰ ਨੂੰ ਮਰਿਆਂ
ਹੋ ਗਿਐ ਸਮਾਂ ਕਿੰਨਾ।
ਮਾਂ : ਹਿਟਲਰ ਕਦ ਮਰਿਆ ਬੱਚਾ?
ਚੰਦਰਿਆਂ ਅਸੂਲਾਂ 'ਤੇ
ਲਹੂ ਪੀਣੀਆਂ ਸੋਚਾਂ ਦਾ ਵਾਰਸ
ਰਿਹਾ ਜਿਊਂਦਾ ਹਮੇਸ਼
ਵਿਚ ਮਿਰੀਆਂ ਆਹਾਂ
ਕਿ ਚਾਲੀਆਂ ਸਾਲਾਂ ਤੋਂ
ਰਹੀ ਲੇਟੀ ਮੈਂ
ਅੱਗ ਦੇ ਵਿਛੌਣਿਆਂ ਤੇ
ਅੰਗਾਰਿਆਂ ਦੇ ਕੰਬਲ ਓੜਦੀ
ਆਪਣੇ ਬਦਨ ਤੇ;
ਇਹਨਾਂ ਸਾਲਾਂ ਵਿਚ
ਹਰ ਸਾਹ ਜੋ ਆਇਆ
ਉਹ ਤਾਂ ਧੂੰਆਂ ਸੀ
ਮੇਰੀ ਅੱਗ ਵਿਚ ਸੜਦੀ ਲਾਸ਼ ਦਾ
ਕਿੰਜ ਦਸਾਂ ਤੈਨੂੰ ਬੱਚਾ
ਹਰ ਪਲ ਜੋ ਬੀਤਿਆ ਮਿਰਾ
ਉਹ ਤਾਂ ਕਰਜ਼ਾ ਸੀ
ਤ੍ਰੀਮਤ ਜ਼ਾਤ ਦਾ
ਕਿੰਜ ਇਹ ਹੋਂਦ ਮਿਰੀ
ਰੋਜ਼ ਸੂਲੀ ਤੇ ਚੜ੍ਹਦੀ ਰਹੀ
ਕਿੰਜ ਇਹ ਜਿੰਦ



ਸਾਲਾਂ ਦੇ ਸਾਗਰ ਵਿਚ
ਡੁਬਦੀ ਰਹੀ
ਕਿੰਜ ਇਹਨਾਂ ਅੱਖਾਂ ਹੰਢਾਇਆ
ਮੌਤ ਨੂੰ ਜੀਂਦੇ ਜੀਅ
ਕਿੰਜ ਇਹਨਾਂ ਹੱਡਾਂ 'ਚੋਂ
ਰੋਜ਼ ਮਰਦੇ ਚਾਵਾਂ ਦੀ
ਚੀਸ ਉਠਦੀ ਰਹੀ।
ਮਿਰੇ ਬੱਚੇ! ਕਿੰਜ ਦੱਸਾਂ
ਦੁਖੜਿਆਂ ਦੀ ਦਾਸਤਾਂ ਤੈਨੂੰ
ਕੋਈ ਕਾਗ਼ਜ਼ ਕੋਈ ਕਲਮ
ਵੀ ਮੇਚ ਨਾ ਆਵੇ ਮੈਨੂੰ
ਮੇਰੇ ਬੋਲਾਂ ਦੀ ਸਿਆਹੀ
ਹਵਾ ਵਿਚ ਘੁਲਦੀ ਰਹੀ
ਤੇ ਸੌਂਦਿਆਂ ਜਾਗਦਿਆਂ
ਸਮੇਂ ਦੇ ਪੰਨਿਆਂ ਤੇ
ਮੇਰੀਆਂ ਮਰ ਰਹੀਆਂ ਰੀਝਾਂ
ਪੀੜਾਂ, ਮੇਰੇ ਤੇ ਬੀਤੇ ਕਹਿਰਾਂ
ਦੀ ਕਹਾਣੀ ਲਿਖਦੀ ਰਹੀ।
ਕਿੰਜ ਦੱਸਾਂ ਤੈਨੂੰ ਬੱਚੇ ਮਿਰੇ
ਜ਼ਖ਼ਮ ਮਿਰੇ ਰਹੇ ਹਮੇਸ਼ ਅੱਲੇ
ਕਿ ਪੁਰ-ਪੁਰ ਵਿੰਨ੍ਹੀ
ਬੰਦ-ਬੰਦ ਕੱਟੀ
ਲਹੂ ਵਿਚ ਤੜਪਦੀ

ਲਾਸ਼ ਬਾਪ ਤੇਰੇ ਦੀ ਮੈਂ
ਹਰ ਛਿਣ ਤੱਕਦੀ ਰਹੀ।
ਕਿ ਉਹ ਜੋ ਬਾਪ ਸੀ ਤੇਰਾ
ਉਹ ਜੋ ਪਿਆਰ ਸੀ ਮੇਰਾ
ਹਿਟਲਰ ਦੇ ਸਾਥੀਆਂ ਨੇ
ਉਹਦੇ ਦੇਸ਼-ਵਾਸੀਆਂ ਨੇ
ਲੈ ਕੇ ਨਾਮ ਧਰਮ ਦਾ
ਨਸਲ ਦੀ ਡੈਣ ਅੱਗੇ
ਨਫ਼ਰਤ ਦੇ ਪਿਆਲੇ ਵਿਚ
ਕੀਤਾ ਪੇਸ਼ ਲਹੂ ਉਹਦਾ;
ਕਿੰਨਾ ਮੈਂ ਤੜਪੀ ਸਾਂ
ਕਿੰਨਾ ਮੈਂ ਚੀਖੀ ਸਾਂ
ਦੁਹਾਈਆਂ ਸੀ ਦਿੱਤੀਆਂ ਮੈਂ
ਹਾੜ੍ਹੇ ਵੀ ਕੱਢੇ ਸੀ
ਨਾ ਕਰੋ ਏਨਾ ਜ਼ੁਲਮ ਤੁਸੀਂ
ਬਹੁੜੇ ਕੋਈ ਖ਼ੁਦਾ ਮੇਰਾ।
ਮੌਤ ਲੁੱਡੀਆਂ ਰਹੀ ਪਾਉਂਦੀ
ਉਹ ਹੱਸਦੇ ਗਾਉਂਦੇ ਰਹੇ
ਕਿ ਨੱਚਦੇ ਟੱਪਦੇ ਉਹ
ਫੜ ਜ਼ੋਰੀਂ ਮੈਨੂੰ
ਲਾਸ਼ ਤੇਰੇ ਬਾਪ ਦੀ ਨਾਲ
ਲਿਟਾਉਂਦੇ ਰਹੇ,
ਚਾਲੀਆਂ ਸਾਲਾਂ 'ਚ



ਹਰ ਰਾਤ ਮਿਰੀਆਂ ਅੱਖਾਂ 'ਚ
ਉਹਨਾਂ ਚੰਦਰੇ ਖ਼ਿਆਲਾਂ ਦੇ
ਸੁਪਨੇ ਆ ਖਲੋਂਦੇ ਰਹੇ।
ਮੈਂ ਸੁੱਤੀ ਕਦ ਬੱਚਾ
ਮੈਂ ਤਾਂ ਰਾਤ ਉੱਠ ਉੱਠ
ਰਹੀ ਤੱਕਦੀ
ਤੈਨੂੰ ਹਰ ਰੋਜ਼ ਵਧਦਾ
ਤੈਨੂੰ ਹਰ ਰੋਜ਼ ਖਿੜਦਾ
ਤੇਰਾ ਰੂਪ ਨਿਖਰਦਾ
ਤੂੰ ਸਗਵਾਂ ਬਾਪ ਵਰਗੈਂ
ਤੇਰੇ ਨਕਸ਼ ਮੇਰੇ ਬੱਚੇ
ਮੇਰੀ ਛਾਤੀ 'ਚ
ਕਦੀ ਠੰਢ ਪਾਉਂਦੇ ਰਹੇ
ਕਦੀ ਚੀਸਾਂ ਪਾਉਂਦੇ ਰਹੇ।
ਮੇਰੇ ਜੀਣ ਦਾ ਮਕਸਦ ਤਾਂ
ਉਸੇ ਦਿਨ ਹੀ ਮੁਕ ਗਿਆ ਸੀ
ਇਹ ਤਾਂ ਮਿਰੀ ਲਾਸ਼ ਸੀ ਬੇਟੇ
ਜੁ ਤਿਰੇ ਬਾਪ ਦੇ ਇਕਰਾਰ ਦੀ ਬੱਧੀ
ਤੇਰੇ ਲਈ
ਹਰ ਰੋਜ਼ ਸਾਹਾਂ ਦਾ ਇਹ ਜਾਲ
ਫਿਰ ਤੋਂ ਬੁਣਨ ਦਾ ਆਹਰ
ਕਰਦੀ ਰਹੀ।
ਏਨਾ ਦੁਖ ਭੋਗ ਕੇ

‘ਜਰਮਨੀ’ ਦੀ ਧਰਤੀ ’ਤੇ
ਫਿਰ ਵੀ ਖੌਰਿਆ ਕਿਉਂ
ਯਾਦ ਉਸ ਮਿੱਟੀ ਦੀ
ਆਉਂਦੀ ਰਹੀ
ਅੱਖਾਂ ਮਿਰੀਆਂ ਸਾਹਵੇਂ
ਇੱਕ ਬਾਲੜੀ
ਰੋਜ਼ ਕੁਰਲਾਉਂਦੀ ਰਹੀ
ਹਰ ਰੋਜ਼ ਕੰਨ ਮਿਰੇ
‘ਮਾਰਗਰੇਟ ਪਿਆਰੀ’ ਸੁਣਨ ਲਈ
ਤਰਸਦੇ ਰਹੇ
ਯਾਦਾਂ ਦੇ ਅੱਖੀਂ ਰੋਜ਼ ਹੀ
ਲਹੂ ਦੇ ਹੰਝੂ ਬਰਸਦੇ ਰਹੇ।
ਹੁਣ ਮੈਂ ਕਿੰਜ ਇਹਨਾਂ ਨੂੰ
ਘਰ ਆਪਣੇ ਥਾਂ ਦੇਵਾਂ?
ਕਿੰਜ ਇਹਨਾਂ ਨੂੰ ਮੈਂ
ਜਾਣ ਕੇ ਮਹਿਮਾਨ ਆਪਣੇ
ਅੱਖਾਂ ਤੇ ਬਿਠਾ ਲਵਾਂ?
ਮੇਰੀਆਂ ਤਾਂ ਬਦ-ਦੁਆਵਾਂ ’ਚ
ਰਿਹਾ ਜਿਊਂਦਾ ਹਿਟਲਰ ਸਦਾ
ਉਹਦੇ ਮਰਨ ਦੀਆਂ ਸੋਆਂ ਵੀ
ਨਹੀਂ ਬਦਲਿਆ ਮਨ ਮਿਰਾ
ਆਖ ਦੇ ਬੱਚੇ ਇਹਨਾਂ ਨੂੰ
ਚਲੇ ਜਾਵਣ



ਇਹ ਘਰ ਇਕ ਯਹੂਦੀ ਦਾ
ਇਹ ਘਰ ਇਕ ਹਾਲੈਂਡ ਦੇ ਵਾਸੀ ਦਾ
ਇਹ ਘਰ ਇਕ ਬੇ-ਵਤਨ ਵਿਧਵਾ ਦਾ
ਉਹ ਨਾ ਏਥੇ ਫਿਰ ਆਵਣ!
ਮੈਂ ਸਾਂ ਜੋ ਸੁਣਦੀ ਪਈ ਇਹ ਕਥਾ
ਕਿੰਜ ਦਸਾਂ ਕੀ ਹੋਈ ਮਨ ਮੇਰੇ ਦੀ ਦਸ਼ਾ
ਇਹ ਸੱਚ ਜੋ ਲਹੂ ਨਹਾਤਾ ਹੈ
ਇਹ ਸੱਚ ਜੋ ਮਾਰਗਰੇਟ ਦੇ
ਮਨ ਦੀ ਕਥਾ ਹੈ
ਜੋ ਚਾਲ੍ਹੀਆਂ ਸਾਲਾਂ ਪਿਛੋਂ ਅੱਜ ਵੀ
ਉਂਜ ਦਾ ਉਂਜ ਬਣ ਕੇ ਜ਼ਖ਼ਮ ਦਿਲ ਦਾ
ਮਾਰਗਰੇਟ ਦੇ ਲਹੂ ’ਚ ਪਲਦਾ ਹੈ
ਉਹਦੀਆਂ ਸੋਚਾਂ ਨੂੰ ਸਲਦਾ ਹੈ
ਕਿਧਰੇ ਇਹ ਸੱਚ ਇਸ ਧਰਤੀ ’ਤੇ
ਕਿਸੇ ਹੋਰ ਦਾ ਨਾ ਬਣ ਜਾਵੇ
ਸਮੇਂ ਦੇ ਮੱਥੇ ਤੇ
ਇਕ ਹੋਰ ਕਲੰਕ ਧਰ ਜਾਵੇ ਤੇ
ਹਿਟਲਰ ਵਾਂਗ ਡਰਾਕੂਲਾ
ਇਨਸਾਨੀਅਤ ਦੇ ਗਲ ’ਚ
ਨਸਲੀ ਤੁਅੱਸਬ ਦੇ
ਡਰਾਉਣੇ ਦੰਦ ਖੋਭਦਾ ਜਾਵੇ
ਆਵੇ ਕੋਈ ਹਾੜ੍ਹੇ
ਕੋਈ ਤਾਂ ਖ਼ੁਦਾ ਆਵੇ!

## ਚਾਨਣ ਦੇ ਯਾਰ

ਭਗਤ ਸਿੰਘ ਤੋਂ ਬੈਂਜਾਮਿਨ* ਤਕ
ਅੱਧੀ ਸਦੀ ਦਾ ਫਾਸਲਾ
ਉਹ ਕਿੰਜ ਤਹਿ ਹੋ ਗਿਆ
ਪਤਾ ਤਕ ਨਾ ਲੱਗਾ।
ਦੱਖਣੀ ਅਫ਼ਰੀਕਾ ਤੋਂ ਭਾਰਤ
ਹਜ਼ਾਰਾਂ ਮੀਲਾਂ ਦਾ ਫ਼ਾਸਲਾ
ਉਹ ਕਿੰਜ ਮੁੱਕ ਗਿਆ
ਪਤਾ ਤਕ ਨਾ ਲੱਗਾ।
ਅੱਧੀ ਸਦੀ ਪਹਿਲਾਂ
ਭਗਤ ਸਿੰਘ ਨੇ
ਆਜ਼ਾਦ ਸੋਚਣ ਦਾ ਹੱਕ ਮੰਗਿਆ ਸੀ
ਆਪਣੀ ਹੀ ਧਰਤੀ ਤੇ
ਖਾਣ ਹੰਢਾਉਣ ਦਾ ਹਰ ਕਿਸੇ ਲਈ
ਸੱਚਾ ਤੇ ਸੁੱਚਾ ਹੱਕ
ਉਹਦੀ ਆਵਾਜ਼ ਨੂੰ ਰੋਕਣ ਲਈ
ਉਹਦੇ ਮੰਗੇ ਹੱਕ ਤੋਂ
ਉਹਨੂੰ ਤੇ ਉਹਦੀ ਧਰਤੀ ਦੇ ਲੋਕਾਂ ਨੂੰ
ਵਿਰਵਿਆਂ ਰੱਖਣ ਲਈ
ਆਜ਼ਾਦੀ ਦੇ ਇਸ ਹੱਕ ਨੂੰ
ਇਲਜ਼ਾਮ ਵਿਚ ਦਿੱਤਾ ਸੀ ਬਦਲ
ਵੇਲੇ ਦੀ ਸਰਕਾਰ ਨੇ
"ਉਸ ਸਰਕਾਰੀ ਡਿਊਟੀ ਤੇ
ਪੁਲਿਸ-ਆਫ਼ੀਸ਼ਲ ਕੀਤਾ ਸੀ ਕਤਲ



ਪੁਲਿਸ-ਆਫ਼ੀਸ਼ਲ ਕਿਉਂ ਹੋਇਆ ਕਤਲ?
ਇਸ ਦੀ ਜਿਰਹ ਕਰਨਾ
ਤੇ ਕਾਰਨ ਜਾਨਣਾ
ਆਪਣੇ ਹੀ ਦੇਸ ਵਿਚ ਗੁਲਾਮ ਲੋਕਾਂ ਨੂੰ
ਹੱਕ ਨਹੀਂ ਸੀ
ਭਗਤ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ।
ਅੱਜ ਫਿਰ ਉਹੀ
ਆਜ਼ਾਦੀ ਦਾ ਹੱਕ
ਜਦ ਬੈਂਜਾਮਿਨ ਨੇ ਮੰਗਿਆ
ਪਹਿਲਾਂ ਉਹਦੀਆਂ ਸੋਚਾਂ ਨੂੰ
ਕੈਦ ਕੀਤਾ ਗਿਆ
ਫਿਰ ਉਹਦੇ ਜਿਸਮ ਨੂੰ
ਫਿਰ ਉਹੀ ਇਲਜ਼ਾਮ
ਅੱਧੀ ਸਦੀ ਤਹਿ ਕਰਕੇ
ਬੈਂਜਾਮਿਨ ਤੇ ਲੱਗਾ :
ਉਸ ਸਰਕਾਰੀ ਡਿਊਟੀ ਤੇ
ਪੁਲੀਸ-ਆਫ਼ੀਸ਼ਲ ਕੀਤਾ ਸੀ ਕਤਲ
ਬੈਂਜਾਮਿਨ ਨੂੰ ਫਾਂਸੀ ਦੇ ਦਿੱਤੀ ਗਈ।
ਜ਼ਰਾ ਦੱਸਣਾ ਦੋਸਤੋ :
ਆਜ਼ਾਦ ਰਹਿਣ ਲਈ ਤਾਂਘਣਾ
ਆਜ਼ਾਦ ਫਿਰਨ ਲਈ ਸੋਚਣਾ
ਆਪ ਕਮਾਈ ਰੋਟੀ
ਆਜ਼ਾਦੀ ਨਾਲ ਖਾਣ ਦਾ
ਹੱਕ ਮੰਗਣਾ
ਕਾਲੇ ਤੇ ਗੋਰੇ ਰੰਗਾਂ ਨੂੰ ਮਿਲਾ ਕੇ

ਇਕੋ ਰੰਗ ਬਣਾਉਣਾ
ਸੁਰਮਈ ਰੰਗ
ਜੋ ਤੜਕਸਾਰ ਸੂਰਜ ਚੜ੍ਹਨ ਤੋਂ ਪਹਿਲਾਂ
ਦੁਆਲੇ ਵਿਚ ਘੁਲ ਜਾਂਦਾ ਹੈ
ਉਸ ਪਿਛੋਂ
ਨਿੱਕੀ ਨਿੱਕੀ ਲਾਲੀ
ਜ਼ਿਮੀਂ ਤੇ ਉਤਰਦੀ ਹੈ
ਚੁਫ਼ੇਰੇ ਚਾਨਣ ਪਸਰਦਾ ਹੈ
ਲਾਲ ਸੂਰਜ ਚੜ੍ਹ ਜਾਂਦਾ ਹੈ
ਚਾਨਣ ਤਾਂ ਕਿਸੇ ਨਾਲ
ਵਿਤਕਰਾ ਨਹੀਂ ਕਰਦਾ
ਇਹੋ ਹੀ ਇਲਜ਼ਾਮ ਸੀ
ਭਗਤ ਸਿੰਘ ਦਾ
ਤੇ ਹੁਣ ਬੈਂਜਾਮਿਨ ਦਾ
ਉਹ ਚਾਨਣ ਦੇ ਯਾਰ ਸਨ
ਤੇ ਸੂਰਜ ਦੇ ਬਰਖ਼ੁਰਦਾਰ ਸਨ
ਉਹਨਾਂ ਨੂੰ ਸਰਕਾਰ ਦਾ
ਫਾਂਸੀ ਲਾਉਣਾ ਵਾਜਬ ਸੀ
ਕੀ ਉਹਨਾਂ ਨੂੰ ਸਰਕਾਰ ਦਾ
ਕਤਲ ਕਰਨਾ ਵਾਜਬ ਸੀ
ਤੁਸੀਂ ਦਸੋ?
ਹਾੜ੍ਹਾ ਤੁਸੀਂ ਦਸੋ ਦੋਸਤੋ?

* ਬੈਂਜਾਮਿਨ ਮੋਲਾਇਸ—ਦੱਖਣੀ ਅਫ਼ਰੀਕਾ ਦਾ ਸ਼ਾਇਰ ਤੇ ਦੇਸ਼ ਭਗਤ, ਜਿਸ ਨੂੰ ਉਹਦੀ ਹੀ ਧਰਤੀ ਤੇ ਓਥੋਂ ਦੀ ਗੋਰੀ ਸਰਕਾਰ ਨੇ 18 ਅਕਤੂਬਰ, 1985 ਨੂੰ ਫਾਂਸੀ ਲਾ ਦਿੱਤਾ ਸੀ।



## ਓਡੀਪਸ ਦੇ ਬੇਟੇ

ਧਰਤੀ ਨੂੰ ਕਹਿੰਦੇ ਹੋ ਮਾਂ
ਉਹਦੇ ਦੁਧ ਦਾ ਕਰਦੇ ਓ ਵਣਜ
'ਸ਼ਰਮ ਕਰੋ'
ਇਹ ਕਿਹਾ ਅਜਨਬੀ ਲਫ਼ਜ਼
ਅਸਾਂ ਸੁਣਿਆ ਨਹੀਂ ਸੀ ਹੁਣ ਤਕ ਤੇ
ਸਾਡੀ ਡਿਕਸ਼ਨਰੀ 'ਚ
ਕਿਧਰੇ ਇਹਦੇ ਅਰਥ ਨਹੀਂ।
ਵਣਜ ਚਾਹੇ ਲੋਕਾਂ ਦਾ ਹੋਵੇ ਜਾਂ
ਲਹੂ ਦਾ
ਵਣਜ ਚਾਹੇ ਚੰਮ ਦਾ ਹੋਵੇ ਜਾਂ
ਰੂਹ ਦਾ
ਵਣਜ ਚਾਹੇ ਬੰਦੂਕ ਦਾ ਹੋਵੇ ਜਾਂ
ਲਾਮ ਦਾ
ਵਣਜ ਚਾਹੇ ਬੁੱਤ ਦਾ ਹੋਵੇ ਜਾਂ
ਰਾਮ ਦਾ
ਵਣਜ ਚਾਹੇ ਗ਼ਰੀਬੀ ਦਾ ਹੋਵੇ ਜਾਂ
ਭੁੱਖ ਦਾ
ਵਣਜ ਚਾਹੇ ਜਿਸਮ ਦਾ ਹੋਵੇ ਜਾਂ
ਕੁੱਖ ਦਾ
ਜਿਸਮ ਤੋਂ ਕੁੱਖ ਤਕ ਦਾ ਫ਼ਾਸਲਾ
ਅਸਾਂ ਤਹਿ ਹੈ ਕਰ ਲਿਆ
ਹੁਣ ਵਣਜ—ਮਾਂ—ਸ਼ਰਮ ਦੇ
ਅਰਥ ਹਨ ਸਾਡੇ ਲਈ
ਇਕੋ ਜਿਹੇ
ਕਿ ਅਸੀਂ 'ਓਡੀਪਸ'
ਦੇ ਬੇਟੇ ਹਾਂ।

* ਓਡੀਪਸ ਇਕ ਗਰੀਕ ਬਾਦਸ਼ਾਹ ਸੀ ਜਿਸਨੇ ਪ੍ਰਸਥਿਤੀਆਂ ਵਸ ਆਪਣੀ ਮਾਂ ਨਾਲ ਸ਼ਾਦੀ ਕੀਤੀ ਸੀ।

## ਨਕਾਬਪੋਸ਼

ਕੁਝ ਲੋਕ ਲੜਦੇ ਹਨ
ਮਾਨਤਾ ਲਈ ਤੇ
ਕੁਝ
ਮਾਨਵਤਾ ਲਈ
ਦੋਹਾਂ ਦੇ ਸੰਘਰਸ਼ ਵਿਚ
ਫ਼ਰਕ ਹੈ ਬੜਾ।
ਮਾਨਤਾ ਲਈ ਲੜਦੇ ਲੋਕਾਂ ਦੇ
ਚਿਹਰੇ
ਹੁੰਦੇ ਹਨ ਨਕਾਬਪੋਸ਼
ਮਾਨਵਤਾ ਲਈ ਸੰਘਰਸ਼
ਕਰਨ ਵਾਲਿਆਂ ਨੂੰ
ਕੇਵਲ ਲੋਕਾਂ ਦੇ ਪਿਆਰ
ਸਾਂਝ ਤੇ ਭਾਈਵਾਲਤਾ ਦੀ
ਹੁੰਦੀ ਹੈ ਲਗਨ
ਉਹ ਨੰਗੇ ਮੂੰਹ
ਖਾਲੀ ਹੱਥੀਂ
ਮਨ ਵਿਚ ਉਮੰਗਾਂ ਤੇ
ਚਾਅ ਲਈ
ਮੈਦਾਨ ਵਿਚ ਜਾ
ਨਿਤਰਦੇ;
ਲੋਕ ਜਦ ਉਹਨਾਂ ਦੇ



ਕਰਮਾਂ 'ਚੋਂ
ਆਪਣੇ ਸੁਪਨਿਆਂ ਨੂੰ
ਸਾਕਾਰ ਹੁੰਦਿਆਂ ਤੱਕਦੇ-
ਉਹਨਾਂ ਦੇ ਹੱਥ ਪਏ
ਚੁੰਮਦੇ
ਵਾਪਰਦਾ ਹੈ ਫਿਰ
ਕਈ ਵਾਰ ਇਸ ਤਰ੍ਹਾਂ :
ਇਨਸਾਨੀਅਤ ਲਈ ਜੂਝਣ ਵਾਲੇ
ਜਿਨ੍ਹਾਂ ਨੂੰ ਲੋਕਾਂ ਨੇ ਪਛਾਣਿਆ
ਆਪਣੇ ਅਰਮਾਨਾਂ ਤੇ ਚਾਵਾਂ ਦੇ
ਰੰਗਾਂ 'ਚ ਜਾਣਿਆ
ਲੋਕ-ਥੋੜਾਂ, ਲੋੜਾਂ ਤੇ ਉਮੀਦਾਂ ਲਈ
ਧੜਕਦੇ ਦਿਲਾਂ ਵਿਚ
ਦਿਨਾਂ ਦੇ ਫੇਰ ਵਿਚ
ਰਜਵਾਂ ਜੀਵਨ ਜਿਊਣ ਦਾ
ਅਹਿਦ ਉਹਨਾਂ ਪ੍ਰਵਾਨਿਆ
ਮਨੁੱਖਤਾ ਲਈ ਲੜਨ ਵਾਲੇ
ਇਹ ਸਾਥੀ
ਮਾਨਵਤਾ ਤੇ ਸੱਚ ਨੂੰ ਭੁੱਲ ਕੇ
ਦੰਭੀਂ ਮੁਸਕਾਨਾਂ-ਜੁਝਾਰੂ ਹੋਣ ਦੇ
ਨਕਾਬ ਚਿਹਰੇ ਤੇ ਪਹਿਨ
ਮਾਨਤਾ ਦਾ ਜਸ਼ਨ ਮਨਾਉਂਦੇ
ਮਾਨਵਤਾ ਤੇ ਮਾਨਤਾ ਵਿਚਲਾ
ਫਰਕ ਭੁੱਲ ਜਾਂਦੇ।

## ਮਨ ਤਨ ਅੱਖਾਂ ਬਣ ਕੇ ਤਰਸੇ

ਅਸੀਂ ਕਿਉਂ ਭਏ ਪ੍ਰਦੇਸ
ਨੀ ਅੰਮੀ ਮੇਰੀਏ।
ਸਾਨੂੰ ਚੰਗੀ ਸੀ ਬਾਲ ਵਰੇਸ
ਨੀ ਅੰਮੀ ਮੇਰੀਏ।

ਕਹਿਣ ਲੋਕੀਂ ਅਸੀਂ ਬਹਿਸ਼ਤੀਂ ਵਸਦੇ
ਨਾ ਦੁੱਖ ਅਸੀਂ ਕਿਸੇ ਨੂੰ ਦਸਦੇ
ਪੀੜ ਦੱਸਣ ਦਾ ਵੱਲ ਨਾ ਆਇਆ
ਨੀ ਅੰਮੀ ਮੇਰੀਏ।

ਜੋਗੀ ਰੂਹ ਸਾਡੀ ਕਈ ਥਲ ਗਾਹੇ
ਪਰ ਅਸਾਂ ਕੋਈ ਥਹੁ ਨਾ ਪਾਏ
ਨਾ ਕੋਈ ਨਬਜ਼ ਪਛਾਨਣ ਆਇਆ
ਨੀ ਅੰਮੀ ਮੇਰੀਏ।



ਹਰ ਥਲ ਸਾਨੂੰ ਨਾਗ ਹੀ ਮਿਲਦੇ
ਜੀਭਾਂ ਵਿਚੋਂ ਜ਼ਹਿਰ ਉਗਲਦੇ
ਨਾ ਕੋਈ ਰਮਜ਼ਾਂ ਵਾਲਾ ਆਇਆ
ਨੀ ਅੰਮੀ ਮੇਰੀਏ।

ਮਨ ਤਨ ਅੱਖਾਂ ਬਣ ਕੇ ਤਰਸੇ
ਕਿੰਜ ਤਹਿ ਕਰੀਏ ਜ਼ਖ਼ਮੀਂ ਰਸਤੇ
ਮਿਲੇ ਦੇਸ ਆਪਣੇ ਦੀ ਠੰਢੀ ਛਾਇਆ
ਨੀ ਅੰਮੀ ਮੇਰੀਏ।

ਅਸੀਂ ਕਿਉਂ ਭਏ ਪ੍ਰਦੇਸ
ਨੀ ਅੰਮੀ ਮੇਰੀਏ
ਸਾਨੂੰ ਚੰਗੀ ਸੀ ਬਾਲ ਵਰੇਸ
ਨੀ ਅੰਮੀ ਮੇਰੀਏ।

## ਕੋਈ ਸੂਰਜ ਚੋਰੀ ਲੈ ਗਿਆ

ਅੱਜ ਸ਼ਬਦਾਂ ਨੂੰ ਲਾਂਬੂ ਲਗ ਗਏ
ਅੱਜ ਅਰਥਾਂ ਦੇ ਸਿਵੇ ਬਲ ਗਏ
ਅਸੀਂ ਸਾਰੇ ਹੀ ਹੰਝੂ ਬਣ ਗਏ
ਕੀ ਗੱਲ ਕਰੀਏ ਦੋਸਤੋ
ਅਸੀਂ ਸਾਰੇ ਹੀ ਹੌਕੇ ਬਣ ਗਏ।

ਜਦ ਲੱਖਾਂ ਵਾਰ ਦਿਲ ਤੜਪਿਆ
ਜਦ ਲੱਖਾਂ ਵਾਰ ਜਿੰਦ ਟੁੱਕੀ ਗਈ
ਹਰ ਰੋਜ਼ ਇਹ ਟੁਕੜੇ ਜੋੜਦੀ
ਅੱਜ ਸਾਰੀ ਹੀ ਮੈਂ ਲੁੱਟੀ ਗਈ।

ਅੱਜ ਧਰਮ ਕੁਰਾਹੇ ਪੈ ਗਿਆ
ਕੋਈ ਰਹਿਬਰ ਨਾ ਅੱਜ ਰਹਿ ਗਿਆ
ਕੋਈ ਸੂਰਜ ਚੋਰੀ ਲੈ ਗਿਆ
ਵਹਿਸ਼ਤ ਦਾ ਹਨੇਰਾ ਰਹਿ ਗਿਆ।

ਮੇਰੀ ਪਿਆਰੀ ਧਰਤ ਨੂੰ
ਤੁਅੱਸਬ ਦਾ ਨਾਗ ਲੜ ਗਿਆ
ਵੇਖੋ ਵੇ ਏਸ ਸੋਹਣੀ ਦੇ
ਅੰਗ ਅੰਗ ਹੈ ਜ਼ਹਿਰ ਚੜ੍ਹ ਗਿਆ।



ਤਦ ਅੰਮ੍ਰਿਤਸਰ ਸੀ ਬਲ ਰਿਹਾ
ਅੱਜ ਦਿੱਲੀ ਸਾਰੀ ਬਲ ਗਈ
ਹਾਏ ਹਾਏ ਵੇ ਡਾਢੇ ਜ਼ਾਲਮੋਂ
ਹੱਥੀਂ ਤੁਸੀਂ ਕੀ ਕਰ ਲਿਆ।

ਲਹੂ ਅੰਮ੍ਰਿਤਸਰ ਜੋ ਡੁਲ੍ਹਿਆ
ਰੰਗ ਉਹਦਾ ਸੱਜਣੋ ਲਾਲ ਸੀ
ਲਹੂ ਦਿੱਲੀ ਵਿਚ ਜੋ ਡੁਲ੍ਹਿਆ
ਓਦੋਂ ਵੀ ਧਰਤ ਲਾਲ ਸੀ।

ਅੰਮ੍ਰਿਤਸਰ ਦਾ ਧਰਮ 'ਸਿੱਖ' ਸੀ
ਦਿੱਲੀ ਦਾ ਕਹਿੰਦੇ 'ਹਿੰਦੂ' ਸੀ
ਦੋਹਾਂ ਨੂੰ ਰਲ ਕੇ ਦੋਸਤੋ
ਸਿਆਸਤ ਕੀਤਾ ਹਲਾਲ ਸੀ।

ਤੁਅੱਸਬ ਸਾਜ਼ਿਸ਼ ਕੀਤੀ ਮੌਤ ਨਾਲ
ਕਿੰਨੇ ਹੀ ਘਰ ਲੁੱਟ ਲਏ
ਘਰ ਘਰ 'ਚੋਂ ਵੈਣ ਉੱਠ ਰਹੇ
ਪਿਆਰਾਂ ਦੇ ਰਿਸ਼ਤੇ ਟੁੱਟ ਗਏ।

ਵੇਦਾਂ ਦੇ ਅੱਖੀਂ ਅੱਥਰੂ
ਗ੍ਰੰਥਾਂ ਦੇ ਅੱਖੀਂ ਅੱਥਰੂ
ਇਹਨਾਂ ਦੇ ਸੁੱਚੇ ਮੋਤੀ ਅੱਜ
ਸੁਣੇ ਰੋਂਦੇ ਜ਼ਾਰੋ ਜ਼ਾਰ ਸੀ।

## ਸੱਦੋ ਅੱਜ ਬੁਲ੍ਹਾ ਸਈਓ

ਅੰਬਾਂ ਤੇ ਬੂਰ ਪਿਆ
ਕੋਇਲ ਗੀਤ ਨਾ ਗਾਏ
ਬੱਦਲ ਹੈ ਗੜ੍ਹਕ ਕੇ ਗੱਜਿਆ
ਮੋਰ ਪੈਲ ਨਾ ਪਾਏ
ਚਿੜੀਆਂ ਦੇ ਰਾਗ ਕਿਉਂ
ਅੱਜ ਹੋਏ ਪਰਾਏ ?

ਤੀਆਂ ਦੇ ਮੇਲੇ ਵਿਸਰੇ
ਗਿੱਧੇ ਦੇ ਬੋਲ ਨੇ ਬਿਖਰੇ
ਕੋਈ ਨਾ ਪੀਂਘਾਂ ਝੂਟੇ
ਕੋਈ ਨਾ ਸੱਦ ਲਗਾਵੇ
ਡੱਗਾ ਨਾ ਢੋਲ ਤੇ ਵੱਜਦਾ
ਕੋਈ ਨਾ ਭੰਗੜਾ ਪਾਵੇ।

ਸੱਥਾਂ ਨੇ ਖਾਲੀ ਹੋਈਆਂ
ਰੌਣਕਾਂ ਕਿੱਥੇ ਤੁਰ ਗਈਆਂ



ਤਾਇਆ ਨਾ ਗੱਪ ਸੁਣਾਵੇ
ਗਭਰੂ ਅੱਜ ਹੀਰ ਨਾ ਗਾਵੇ
ਬਾਪੂ ਵੀ ਘਰ ਵਿਚ ਰਹਿੰਦਾ
ਸਾਰਾ ਦਿਨ ਰਹੇ ਤ੍ਰਹਿੰਦਾ।

ਅਸਮਾਨੀਂ ਜਦ ਤਾਰੇ ਚੜ੍ਹਦੇ
ਲੋਕੀਂ ਜਾ ਅੰਦਰੀਂ ਵੜਦੇ
ਰਾਹੀ ਨਾ ਰਾਹੇ ਪੈਂਦੇ
ਭੁੱਲਣ ਤੋਂ ਡਰਦੇ ਰਹਿੰਦੇ
ਅਜੇ ਤਾਂ ਕੋਈ ਵੀ ਦਾਦਾ
ਦਿਨ ਵਿਚ ਬਾਤ ਨਾ ਪਾਵੇ।

ਸਾਜ਼ਾਂ ਨੂੰ ਸੁਰ ਭੁੱਲ ਗਏ
ਗੀਤਾਂ ਦੇ ਬੋਲ ਰੁਲ ਗਏ
ਸਾਈਂ ਜੋ ਡੇਰੇ ਬਹਿੰਦਾ
ਮੂੰਹੋਂ ਉਹ ਕੁਝ ਨਾ ਕਹਿੰਦਾ
ਸੱਦੋ ਅੱਜ ਬੁਲ੍ਹਾ ਸਈਓ
ਸੱਚੋ ਸੱਚ ਆਖ ਸੁਣਾਵੇ।

## ਸੱਚ ਦੀ ਮੈਨਾ

ਅਕਲ ਨੂੰ ਲਾ ਦਿਉ ਤਾਲਾ ਸਾਰੇ
ਸੱਚ ਨੂੰ ਕਰ ਦਿਉ ਬੰਦ
ਹੋਇਆ ਕੀ ਤੁਹਾਨੂੰ ਲੋਕੋ
ਸੋਚਾਂ ਨੂੰ ਲੱਗ ਗਿਆ ਜ਼ੰਗ।

ਪੈਰ ਨਾ ਹੁੰਦੇ ਸੋਚਾਂ ਦੇ
ਹੁੰਦੇ ਕੇਵਲ ਖੰਭ
ਖੰਭ ਵੀ ਉਹਨਾਂ ਕੁਤਰ ਦਿੱਤੇ
ਕੀਤੇ ਪੰਛੀ ਬੰਦ।

ਸੋਚ ਉਡਾਰੀ ਰੁਕ ਨਹੀਂ ਸਕਦੀ
ਵਾਂਗ ਨਦੀ ਦੇ ਰਹਿੰਦੀ ਵਗਦੀ
ਕੰਢਿਆਂ ਨਾਲ ਜਦ ਟਕਰਾਂਦੀ
ਵਜਦੀ ਜਲ-ਤਰੰਗ।

ਪਿੰਜਰੇ ਪਈ ਸੱਚ ਦੀ ਮੈਨਾ
ਗਾਵੇ ਗੀਤ ਮੁਹੱਬਤ ਵਾਲਾ
ਆਸ਼ਕ ਅੱਖਾਂ ਫੇਰ ਗਏ
ਨਾ ਪੁੱਛਣ ਉਹਦੀ ਉਮੰਗ।

ਕਿੰਜ ਗੀਤ ਲਿਖਾਂ ਅੱਜ ਮੈਂ
ਕੋਈ ਵੀ ਸ਼ਬਦ ਕੋਲ ਨਾ ਮੇਰੇ
ਅਰਥ ਦੱਸਣ ਦੇ ਸਾਰੇ ਬੂਹੇ
ਹੋ ਗਏ ਸੱਜਣੋ ਬੰਦ।



## ਮੇਰੀ ਨਜ਼ਮ ਦਾ ਮੱਥਾ ਗਰਮ ਹੈ

ਮੇਰੀ ਨਜ਼ਮ ਦਾ ਮੱਥਾ ਗਰਮ ਹੈ
ਮੇਰੇ ਨਗਮੇ ਦੇ ਹੋਠ ਕੰਬ ਰਹੇ
ਹੰਝੂ ਬਣ ਕੇ ਲਫ਼ਜ਼ ਅੱਜ
ਮੇਰੀ ਕਲਮ ਦੇ ਨੈਣੋਂ ਵੰਞ ਰਹੇ।

ਕੀ ਲਿਖਾਂ ਅੱਜ ਸਮਝ ਨਾ ਆਵੇ
ਸੱਜਣ ਕਿਤਨੇ ਰੂਪ ਵਟਾਵੇ
ਮੇਰੇ ਸੂਹੇ ਜਜ਼ਬੇ ਨੇ ਅੱਜ
ਮੇਰੇ ਕੋਲੋਂ ਸੰਗ ਰਹੇ।

ਕੈਸੇ ਕਾਲੇ ਬੱਦਲ ਛਾਏ
ਹਰ ਪਾਸੇ ਨੇ ਗ਼ਮ ਦੇ ਸਾਏ
ਮਨ ਦੇ ਮੋਰ ਪੈਲਾਂ ਪਾਉਣੋ
ਕਿਉਂ ਅੱਜ ਸੰਗ ਰਹੇ।

ਰੂਹ ਦੀ ਖਿੜਕੀ ਬੰਦ ਹੋ ਗਈ
ਨ੍ਹੇਰਿਆਂ ਵਿਚ ਮੁਹੱਬਤ ਖੋ ਗਈ
ਝਨਾਂ ਤੇ ਥਲ ਰਕੀਬ ਨੇ ਸਾਡੇ
ਕਾਲ ਬਣ ਸੋਹਣੀਆਂ ਜਿੰਦਾਂ ਮੰਗ ਰਹੇ।

ਇਸ਼ਕ ਤਾਂ ਸਭ ਨੂੰ ਖੈਰ ਹੈ ਕਹਿੰਦਾ
ਇਸ਼ਕ ਨਾ ਕਿਸੇ ਨੂੰ ਗੈਰ ਹੈ ਕਹਿੰਦਾ
ਮਾਸ਼ੂਕ ਦੇ ਹੋਠ ਬਣ ਕਾਲੇ ਨਾਗ
ਪਏ ਮਹਿਬੂਬ ਦੇ ਹੋਠਾਂ ਨੂੰ ਡੰਗ ਰਹੇ।

## ਹਰਫ਼ਾਂ ਦੀ ਪੀੜ

ਕਿਥੇ ਸਾਡੇ ਮੀਤ ਗਏ
ਕਿਥੇ ਹੱਸਦੇ ਗੀਤ ਗਏ
ਸਮੇਂ ਦਾ ਮੱਥਾ ਪੀੜੋ ਪੀੜ
ਦਿਲ ਸਾਡਾ ਅੱਜ ਲੀਰੋ ਲੀਰ।

ਸਾਹਾਂ 'ਚ ਨਾਗ ਨੇ ਵਸਦੇ
ਹਰ ਪਲ ਸਾਨੂੰ ਰਹਿੰਦੇ ਡਸਦੇ
ਸੋਚਾਂ ਨੂੰ ਪਏ ਬਿੱਛੂ ਡੰਗਦੇ
ਸੁਪਨੇ ਆਵਣ ਕਾਲੇ ਰੰਗ ਦੇ।

ਖਾਧਾ ਕੈਸਾ ਅਸਾਂ ਇਹ ਧੋਖਾ
ਕਿੰਜ ਕਰੀਏ ਅੱਜ ਲੇਖਾ ਜੋਖਾ
ਦਿਲ ਵਾਲੇ ਹੀ ਸਮਝ ਨੇ ਸਕਦੇ
ਗ਼ਮ ਦੇ ਨਸ਼ਤਰ ਤਿੱਖੇ ਵਜਦੇ।

ਹਰਫ਼ਾਂ ਤੋਂ ਗੱਲ ਤੁਰਦੀ ਨਹੀਂ
ਲਫਜ਼ਾਂ ਤਾਈਂ ਪੁਜਦੀ ਨਹੀਂ
ਕੌਣ ਇਹਨਾਂ ਦੀ ਪੀੜ ਸਹੇ
ਬੋਲ ਰਹੇ ਸਾਥੋਂ ਅਣਕਹੇ।



## ਸੱਜਣ ਸਾਡਾ ਜੇ ਬਾਵਫਾ ਹੋ ਜਾਂਦਾ

ਕਾਸ਼! ਸਾਥੋਂ ਸਮਝਾ ਹੋ ਜਾਂਦਾ ਤਦ ਵਾਅਦਾ ਵਫਾ ਹੋ ਜਾਂਦਾ
ਹੀਰ ਮੌਤ ਕੋਲੋਂ ਅਸੀਂ ਬਚਾ ਲੈਂਦੇ ਕਾਸ਼! ਕੈਦੋ ਸਮਝਾ ਹੋ ਜਾਂਦਾ।

ਸਿੱਖੇ ਹੁੰਦੇ ਅਸੀਂ ਵਲ ਛਲ ਕਰਦੇ ਨਾਲ ਰਕੀਬ ਦੇ ਗੱਲ
ਲਗਦੇ ਨਾ ਸਾਨੂੰ ਡੂੰਘੇ ਸਲ ਸੱਜਣ ਸਾਡਾ ਜਦ ਬਾਵਫਾ ਹੋ ਜਾਂਦਾ।

ਪੈਂਦੇ ਨਾ ਅਸੀਂ ਵਿਚ ਦਲੀਲ ਸਮਝ ਜਾਂਦੇ ਉਹਦੀ ਸਬੀਲ
ਹੁੰਦੇ ਨਾ ਅੱਜ ਅਸੀਂ ਜ਼ਲੀਲ ਇਸ਼ਕ ਸਾਡਾ ਜਦ ਬੇਵਫਾ ਹੋ ਜਾਂਦਾ।

ਨਕਾਬ ਪਹਿਨ ਉਹ ਆਉਂਦੇ ਰਹੇ ਚਿਹਰਾ ਨਾ ਉਹ ਵਿਖਾਉਂਦੇ ਰਹੇ
ਭਰਮਾਂ ਦੀ ਮਹਿਫਲ ਲਾਉਂਦੇ ਰਹੇ ਕਾਸ਼! ਪਰਦਾ ਸਾਥੋਂ ਹਟਾ ਹੋ ਜਾਂਦਾ।

ਦਿਲ ਦਾ ਲਹੂ ਉਹ ਪੀਂਦੇ ਰਹੇ ਫਿਰ ਵੀ ਅਸੀਂ ਹਾਂ ਜੀਂਦੇ ਰਹੇ
ਰੋਜ਼ ਜ਼ਖ਼ਮ ਆਪਣੇ ਸੀਂਦੇ ਰਹੇ ਕਾਸ਼! ਸਾਥੋਂ ਸਮਝਾ ਹੋ ਜਾਂਦਾ।

## ਮੁਹੱਬਤ ਦਾ ਜਾਮ

ਹਰ ਇਲਜ਼ਾਮ ਉਸ ਸਾਡੇ ਨਾਮ ਕਰ ਦਿੱਤਾ
ਰਕੀਬ ਉਸ ਨੇ ਸਾਡਾ ਨਾਮ ਧਰ ਦਿੱਤਾ।

ਪਿਆਰ ਅਜੇ ਵੀ ਤੈਨੂੰ ਅਸੀਂ ਕਰਦੇ ਬੜਾ
ਨਾਮ ਲਵੇ ਕੋਈ ਕਿਉਂ ਅੱਖ ਭਰ ਆਵੇ ਭਲਾ।

ਆਪਣੇ ਹੀ ਘਰ ਅਸੀਂ ਅੱਜ ਹੋਰ ਹੋ ਗਏ
ਕੱਲ੍ਹ ਰਾਖੇ ਸਾਂ ਯਾਰਾ ਅੱਜ ਅਸੀਂ ਚੋਰ ਹੋ ਗਏ।

ਬੀਜੀ ਜ਼ਖ਼ਮਾਂ ਦੀ ਫਸਲ ਉਸ ਏਡੀ ਸੰਘਣੀਂ
ਕੀਤੇ ਜਿਸਮ 'ਚ ਛੇਕ ਦਿਲ ਕੀਤਾ ਛਲਣੀ।

ਦਿਲ ਵਿਚ ਨਫ਼ਰਤਾਂ ਦੀ ਸੂਈ ਕਿੰਜ ਪੁੜ ਗਈ
ਰੁੱਤ ਪਿਆਰਾਂ ਵਾਲੀ ਖਵਰੇ ਕਿੱਥੇ ਤੁਰ ਗਈ।

ਅਸੀਂ ਅੱਜ ਫਿਰ ਮੁਹੱਬਤਾਂ ਦਾ ਜਾਮ ਭਰ ਦਿਤਾ
ਤੂੰ ਸੱਜਣਾ ਚਾਹੇ ਸਾਨੂੰ ਬਦਨਾਮ ਕਰ ਦਿਤਾ।



## ਕਾਤਲ ਖ਼ਾਮੋਸ਼ੀ

ਸੋਚਾਂ ਨੂੰ ਹੈ ਕੜਵਲ ਪੈ ਗਈ
ਹਰਫ਼ ਸਾਰੇ ਨੇ ਗੂੰਗੇ ਹੋ ਗਏ
ਹੋਠ ਮੇਰੇ ਨੇ ਪੀੜੋ ਪੀੜ
ਕੌਣ ਇਹਨਾਂ ਦੀ ਪੀੜ ਸਹੇ।

ਦਿਲ 'ਚ ਹਨੇਰਾ ਵੱਸ ਗਿਆ ਹੈ
ਚਾਨਣ ਕਿਧਰੇ ਨੱਸ ਗਿਆ ਹੈ
ਖ਼ਾਮੋਸ਼ੀ ਅੱਜ ਪਈ ਕਤਲ ਕਰੇ
ਕੋਈ ਨਾ ਮੈਨੂੰ ਸ਼ੋਰ ਸੁਣੇ।

ਕਿਧਰੇ ਨਾ ਅੱਜ ਬੱਦਲ ਗੱਜਿਆ
ਕਿਧਰੇ ਨਾ ਅੱਜ ਸਾਵਣ ਵੱਸਿਆ
ਮੌਸਮ ਵਿਚ ਹੁੰਮਸ ਹੈ ਭਰਿਆ
ਕਿੰਜ ਕੋਈ ਅੱਜ ਸਾਹ ਲਵੇ।

ਵਕਤ ਪਿਆ ਅੱਜ ਕਾਨੀ ਘੜੇ
ਜ਼ਖ਼ਮਾਂ 'ਚੋਂ ਸਿਆਹੀ ਭਰੇ
ਰੂਹ ਦੇ ਖਿਲਰੇ ਖੰਭਾਂ ਉਤੇ
ਪੀੜਾਂ ਦਾ ਉਹ ਗੀਤ ਲਿਖੇ।

## ਮਸਤ ਕਲੰਦਰ

ਸੱਚ ਦੇ ਮੂੰਹ ਤੇ ਤਾਲਾ ਲਾ ਕੇ
ਲੁਕ ਜਾਓ ਲੋਕੋ ਅੰਦਰ ਤੁਸੀਂ
ਸਿਆਸਤ ਬਣੀ ਮਦਾਰੀ ਅੱਜ
ਬਣ ਜਾਓ ਅੱਜ ਬੰਦਰ ਤੁਸੀਂ।

ਹੱਥ 'ਚ ਜ਼ੁਲਮ ਦਾ ਸੋਟਾ ਲੈ ਕੇ
ਗਲ 'ਚ ਧਰਮ ਦਾ ਰੱਸਾ ਪਾ ਕੇ
ਸ਼ਹਿਰੋ ਸ਼ਹਿਰ ਨਚਾਉਂਦੀ ਫਿਰਦੀ
ਵੇਖੋ ਮਸਤ ਕਲੰਦਰ ਤੁਸੀਂ।

ਮੰਦਿਰਾਂ ਨੂੰ ਅੱਗ ਲਾਈ ਇਸ
ਮਸੀਤਾਂ ਨੂੰ ਜਲਾਇਆ ਇਸ
ਮਾਨ ਸਰੋਵਰ ਲਹੂ ਨਾਲ ਭਰ ਗਏ
ਵੇਖੋ ਗੁਰਦਵਾਰੇ ਖੰਡਰ ਤੁਸੀਂ।

ਲੋਕਾਂ ਦੇ ਦਿਲ ਟੁਕੜੇ ਟੁਕੜੇ
ਸੋਚਾਂ ਵਿਚ ਵਲ ਪੈ ਗਏ
ਜ਼ਖ਼ਮੀ ਕੀਤੇ ਸਾਰੇ ਇਸ ਨੇ
ਵੇਖੋ ਹੱਥੀਂ ਖ਼ੰਜਰ ਤੁਸੀਂ।

ਆਪਣੀ ਖੋੜ 'ਚ ਲੁਕਿਆ ਪੰਛੀ
ਉੱਚੀ ਸਾਹ ਉਹ ਲੈ ਨਹੀਂ ਸਕਦਾ
ਸਹਿਮ ਦੇ ਪਿੰਜਰੇ ਸਾਹ ਵਰੋਲੇ
ਵੇਖੋ ਪਰਜਾ ਤੰਤਰ ਤੁਸੀਂ!



## ਗੁਲਾਲ ਰੰਗ ਖੇਡੀਏ

ਲਾਲ ਰੰਗ ਲਹੂ ਦਾ
ਲਾਲ ਗੁਲਾਲ ਹੋਲੀ ਦਾ
ਇਸ ਧਰਤੀ ਤੇ
ਲੋਕੀਂ ਪਏ ਖੇਡਦੇ
ਲਹੂ ਵਾਲੇ ਹੋਠਾਂ ਤੇ
ਨਫਰਤ
ਅੱਗ
ਕੁੜਿਤਣ
ਜ਼ਹਿਰ ਤੇ
ਕਹਿਰ ਭਰੇ ਬੋਲ
ਲਾਲ ਰੰਗ ਲਹੂ ਦਾ!
ਗੁਲਾਲ ਵਾਲੇ ਹੋਠਾਂ ਦੇ
ਮੁਹੱਬਤ
ਅਮਨ
ਮਿਠਾਸ
ਅੰਮ੍ਰਿਤ
ਜੀਵਨ ਤੇ
ਮਿਲਾਪ ਦਾ ਸੁਨੇਹਾ ਦੇਂਦੇ ਬੋਲ
ਲਾਲ ਰੰਗ ਗੁਲਾਬ ਦਾ
ਕਿਉਂ ਨਾ ਗੁਲਾਲ ਰੰਗ ਖੇਡੀਏ!

## ਦੁਲਹਨ

ਕੋਰੇ ਕਾਗ਼ਜ਼ 'ਤੇ
ਬਿਖਰੇ ਇਹ ਲਫ਼ਜ਼
ਇਸ ਨਜ਼ਮ ਦੇ
ਕੁਝ ਖ਼ੁਸ਼
ਕੁਝ ਉਦਾਸ ਕਿਉਂ ਨੇ ?
ਇਸ ਨਜ਼ਮ ਅੱਜ
ਸ਼ਗਨਾਂ ਵਰਗੇ ਅਰਥਾਂ ਦਾ
ਲਿਬਾਸ ਪਾਇਆ ਏ
ਇਸਦੇ ਮਾਸੂਮ ਹੋਠਾਂ ਤੇ
ਦੁਆ ਵਰਗਾ ਸ਼ਬਦ
ਆਇਆ ਏ।
ਇਸਨੇ ਮੁੱਠਾਂ ਵਿਚ
ਜਜ਼ਬਾਤਾਂ–ਅਰਮਾਨਾਂ–
ਸ਼ੁਭ ਇਛਾਵਾਂ ਜਿਹੇ
ਚਿੱਟੇ ਚਾਵਲ ਫੜੇ ਨੇ;



ਬਾਬਲ ਘਰੋਂ ਵਿਦਾ ਹੁੰਦੀ
ਲਾਡਲੀ ਧੀ ਵਾਂਗ
ਇਹ ਨਜ਼ਮ ਦੁਲਹਨ ਬਣੀ
ਮੇਰੇ ਦਿਲ ਦੀਆਂ
ਦਹਿਲੀਜ਼ਾਂ 'ਚ ਖੜੀ
ਇਸ ਧਰਤੀ ਦੀਆਂ
ਚੌਹਾਂ ਗੁੱਠਾਂ 'ਚ
ਅਮਨ–ਖ਼ੁਸ਼ਹਾਲੀ–ਸੁੱਖਾਂ
ਵਰਗੀਆਂ ਹਸਰਤਾਂ ਤੇ
ਮਾਅਨਿਆਂ ਵਾਲੇ
ਲਫ਼ਜ਼ਾਂ ਦੇ ਚਾਵਲ
ਖਿਲਾਰ ਰਹੀ ਏ
(ਕਿ) ਧਰਤੀ ਦੀ
ਚੌਹੀਂ ਗੁੱਠੀਂ
ਸੁਤੰਤਰਤਾ ਤੇ ਅਮਨ
ਦਾ ਧਾਨ ਉੱਗੇ!
ਹਰ ਕੋਈ ਰੱਜ ਖਾਵੇ
ਸਭੋ ਕੋਈ ਜੀਵੇ ਥੀਵੇ।

## ਦੁਆ

ਆਓ ਅੱਖਰਾਂ ਦੇ
ਚਾਵਲ ਮਣਸੀਏ
ਕਾ.ਗਜ਼ਾਂ ਦੇ ਸਾਗਰ 'ਚ
(ਕਿ) ਸਾਂਝ ਦੇ ਮਛੇਰੇ*
ਸੁੱਖੀ ਸਾਂਦੀ
ਇਸ ਧਰਤੀ ਤੇ
ਪਰਤ ਆਉਣ
ਮੁਹੱਬਤ ਦੀਆਂ ਮੱਛੀਆਂ
ਪਕੜ ਕੇ!

* ਚੀਨ ਦੇਸ ਦੀ ਇਕ ਰਵਾਇਤ ਤੇ ਅਧਾਰਿਤ ਕਿ ਜਦ ਮਛੇਰੇ ਸਮੁੰਦਰ ਵਿਚ ਮੱਛੀਆਂ ਫੜਨ ਜਾਂਦੇ ਹਨ ਤਾਂ ਉਹਨਾਂ ਦੇ ਸੁੱਖੀ ਸਾਂਦੀ ਪਰਤ ਆਉਣ ਲਈ ਸਮੁੰਦਰ ਵਿਚ ਚਾਵਲ ਸੁੱਟੇ ਜਾਂਦੇ ਹਨ।



## ਮੇਖਾਂ

ਮੁਹੱਬਤ ਨਹੀਂ ਮਿਲਦੀ-
ਤਦ
ਇੰਜ ਲਗਦਾ ਏ
ਜਿਵੇਂ ਜਿਸਮ
ਰੂਹ ਦੀ ਸੂਲੀ ਤੇ
ਲਟਕਿਆ ਹੋਵੇ ਤੇ
ਵਕਤ ਪਿਛਾਂਹ ਨੂੰ
ਤੁਰ ਪਵੇ
ਸਭ ਤੋਂ ਪਹਿਲਾਂ
ਮੇਰੇ ਮੱਥੇ 'ਚ
ਫਿਰ ਹੱਥਾਂ-ਪੈਰਾਂ—
ਜਿਸਮ ਦੇ ਹਰ ਹਿੱਸੇ 'ਚ
ਵਕਤ ਦਾ ਹਥੌੜਾ
ਲੰਘਦੇ ਪਲਾਂ ਦੇ
ਦੁੱਖਾਂ ਦੀਆਂ ਮੇਖਾਂ ਪਿਆ
ਠੋਕੇ ਤੇ
ਮੇਰਾ ਆਪਾ
ਈਸਾ ਦੇ ਰੂ-ਬ-ਰੂ ਹੋਵੇ ਤਦ
ਵਕਤ ਦੀ ਪੌੜੀ ਤੋਂ
ਹੇਠਾਂ ਉਤਰਦੀ
ਈਸਾ ਨੂੰ ਪਈ ਪੁੱਛਾਂ :
ਮੁਹੱਬਤ ਤੇ ਇਲਜ਼ਾਮ ਦੇ
ਅਰਥ
ਇਕੋ ਕਿੰਜ ਬਣ ਜਾਂਦੇ ਹਨ
ਕਦੀ ਕਦੀ!

# ਮਾਰੂਥਲ ਵਿਚ ਤੁਰਦੇ ਪੈਰ





# ਮਾਰੂਥਲ ਵਿਚ ਤੁਰਦੇ ਪੈਰ

ਮੇਰੇ ਮਨ ਦੇ ਪੈਰਾਂ ਨੇ ਪੀੜ ਮਹਿਸੂਸ ਕੀਤੀ ਹੈ ਮਾਰੂਥਲ ਵਿਚ ਤੁਰਨ ਦੀ, ਸੱਸੀ ਵਾਂਗ ਜਾਣਦੀ ਸੀ ਉਹ, ਮਰ ਜਾਵਾਂਗੀ– ਪਰ ਬਾਵਰੀ ਹੋਈ ਪੁਨੂੰ ਦੀ ਭਾਲ ਵਿਚ ਤੁਰਦੀ ਰਹੀ, ਸੂਰਜ ਲਿਸ਼ਕਦਾ ਰਿਹਾ, ਧੁੱਪਾਂ ਵਰਸਾਂਦਾ ਰਿਹਾ, ਰੇਤ ਤਪਦੀ ਰਹੀ.. ਪਰ ਸੱਸੀ ਦੇ ਪੈਰ ਨਹੀਂ ਸਨ ਹਾਰੇ, ਸਗੋਂ ਉਹਨਾਂ ਦੇ ਸਿਰੜ–ਲਟਕ–ਚਾਅ–ਸ਼ਕਤੀ ਨੇ ਆਖ਼ਰ ਸੂਰਜ ਨੂੰ ਵੀ ਸ਼ਰਮਾ ਦਿੱਤਾ। (ਸੂਰਜ ਭੱਜ ਵੜਿਆ ਵਿਚ ਬਦਲੀਂ, ਡਰਦਾ ਲਿਸ਼ਕ ਨਾ ਮਾਰੇ–ਹਾਸ਼ਮ)।

ਮੈਂ ਅਜ ਵੀ ਸੱਸੀ ਨੂੰ ਮਾਰੂਥਲ ਵਿਚ ਤੁਰਦਿਆਂ ਵੇਖ ਰਹੀ ਹਾਂ। ਸੂਰਜ ਫਿਰ ਅਸਮਾਨ 'ਤੇ ਲਿਸ਼ਕਣ ਲਗਦਾ ਹੈ–ਧੁੱਪਾਂ, ਗਰਮੀ ਵਰਸਾਣ ਲਗਦਾ ਹੈ, ਪਰ ਸੱਸੀ ਦੇ ਪੈਰ ਤੁਰਦੇ ਪਏ ਹਨ। ਮੈਨੂੰ ਲਗਦਾ ਏ, ਖਵਰੇ ਉਹ ਕਦ ਮੇਰੇ ਪੈਰਾਂ ਨਾਲ ਵਟ ਗਏ ਹਨ... ਕਿੰਨੇ ਹੀ ਹੋਰ ਪੈਰਾਂ ਨਾਲ ਵਟ ਗਏ ਹਨ–ਇਕ ਪੈਰਾਂ ਦੇ ਜੋੜੇ ਤੋਂ ਕਿੰਨੇ ਹੀ ਪੈਰਾਂ ਦੇ ਜੋੜੇ ਬਣ ਗਏ ਹਨ ਤੇ ਉਹ ਜ਼ਿੰਦਗੀ ਦੇ ਗਰਮ–ਤਪਦੇ–ਸੜਦੇ ਮਾਰੂਥਲ ਵਿਚ ਤੁਰ ਰਹੇ ਹਨ। ਉਹ ਤੁਰ ਰਹੇ ਹਨ, ਇਕ ਸ਼ਿੱਦਤ ਨਾਲ, ਇਕ ਮਿਹਨਤ ਨਾਲ। ਹਾਰਨਾ ਜਿਹਨਾਂ ਦੇ ਲੇਖੇ ਨਹੀਂ, ਜਿੱਤ ਦਾ ਜਿਹਨਾਂ ਨੂੰ ਪਤਾ ਨਹੀਂ ਹੋਵੇਗੀ ਕਿ ਨਹੀਂ, ਪਰ ਉਹ ਤੁਰ ਰਹੇ ਹਨ।

ਪੈਰਾਂ ਦਿਆਂ ਛਾਲਿਆਂ ਨੂੰ ਜਿਹੜੇ ਇਸ਼ਕ ਕਰਨ ਲਗਦੇ ਹਨ, ਉਹ ਸਾਰੇ ਚਿੱਕੜ, ਸਾਰੀਆਂ ਦਲਦਲਾਂ, ਸਾਰੇ ਮਾਰੂਥਲ ਲੰਘਦੇ ਜਾਂਦੇ ਹਨ। ਮੁਸ਼ਕਿਲਾਂ, ਸਮੱਸਿਆਵਾਂ ਦੀ ਰੇਤ ਪੈਰਾਂ ਥੱਲੇ ਤਪਦੀ ਹੈ, ਸਵਾਲਾਂ, ਮਜਬੂਰੀਆਂ ਦੀ ਦਲਦਲ ਵਿਚ ਉਹਨਾਂ ਦੇ ਪੈਰ ਖੁਭਦੇ ਹਨ, ਪਰ ਉਹਨਾਂ ਰੁਕਣਾ ਨਹੀਂ ਸਿਖਿਆ, ਮੁਕਾਮ ਨਹੀਂ ਕਰਨਾ ਦਲਦਲਾਂ ਵਿਚ। ਮਨ ਦੀ ਗਰਮੀ, ਰੂਹ ਦੀ ਅੱਗ ਜਦ ਅੰਦਰ ਬਲ ਪੈਂਦੀ ਹੈ ਤਾਂ ਪੈਰਾਂ ਥੱਲੇ ਤਪਦੀ ਰੇਤ ਨੂੰ ਲੰਘਦਾ ਜਾਂਦਾ ਹੈ ਪੈਰਾਂ ਦਾ ਹਰ ਜੋੜਾ।

ਸੱਸੀ ਅਜੇ ਵੀ ਜ਼ਿੰਦਾ ਹੈ, ਕਿਤੇ ਰੋਟੀ ਦੀ ਭਾਲ ਵਿਚ ਤਪਦੇ ਮਾਰੂਥਲ ਵਿਚ ਤੁਰ ਰਹੀ ਹੈ, ਕਿਤੇ ਘਰ ਦਾ ਪਤਾ ਲੱਭ ਰਹੀ ਹੈ, ਕਿਤੇ ਹੱਕਾਂ ਲਈ ਜੂਝ ਰਹੀ ਹੈ, ਕਿਤੇ ਮਨ ਦੀਆਂ ਪੀੜਾਂ ਪੈਰਾਂ ਥੱਲੇ ਵਿਛਾ ਕੇ ਉਹਨਾਂ ਤੇ ਤੁਰ ਰਹੀ ਹੈ। ਘਰਾਂ ਦੇ, ਦਫ਼ਤਰਾਂ ਦੇ, ਸਮਾਜ ਦੇ ਕਿੰਨੇ ਹੀ ਮਾਰੂਥਲ ਹਨ, ਉਹਦੇ ਪੈਰਾਂ ਥੱਲੇ ਤੇ ਖਵਰੇ



ਕਿੰਨੇ ਹੋਰ ਵੀ। ਪਰ ਉਸ ਤੁਰਨਾ ਹੈ, ਸਾਰੀਆਂ ਪੀੜਾਂ ਸਹਿ ਕੇ ਛਾਲਿਆਂ ਨੂੰ ਚੁੰਮ ਕੇ। ਪੁਨੂੰ ਨੂੰ ਵੀ ਜਿਉਂਦੇ ਜੀਅ ਮਿਲਣਾ ਚਾਹਿਆ ਉਸ, ਪਰ ਪੁਨੂੰ ਕਦੇ ਪਰਤੇਗਾ ਨਹੀਂ। ਉਹ ਇਹ ਗੱਲ ਜਾਣਦੀ ਨਹੀਂ... ਫਿਰ ਵੀ ਉਸ ਹਾਰਨਾ ਨਹੀਂ ਸਿਖਿਆ... ਕੇਵਲ ਤੁਰਨਾ ਸਿਖਿਆ ਹੈ... ਚਾਹੇ ਪੈਰਾਂ ਥੱਲੇ ਕਿੰਨੇ ਹੀ ਮਾਰੂਥਲ ਤਪਣ ਪਏ।

**—ਅਮਰ ਜਿਉਤੀ**

## ਆਪਣਾ ਹੱਕ ਲਈਏ

ਚਿੜੀਆਂ ਘਰ ਦੇ
ਪਿੰਜਰੇ 'ਚ ਕੈਦ
ਹਾਥੀਆਂ ਦੇ ਰਾਤਬ 'ਚੋਂ
ਦੋ ਕਿਲੋ ਗਾਜਰਾਂ
ਚਾਰ ਕੁ ਕੇਲੇ
ਬਚਾ ਕੇ ਤੁਸੀਂ ਕੀ ਕਰੋਗੇ?
ਦੋ ਡੰਗ ਦੀ ਸਬਜ਼ੀ ਪਕਾਓਗੇ
ਇਕ ਡੰਗ ਬੱਚਿਆਂ ਨੂੰ ਪਰਚਾਓਗੇ।
ਪਿੰਜਰੇ 'ਚ ਡੱਕੇ ਸ਼ੇਰ ਦੇ
ਹਿੱਸੇ 'ਚੋਂ
ਇਕ ਕਿਲੋ ਮੀਟ ਘਰ ਲਿਜਾ ਕੇ
ਕੀ ਕਰੋਗੇ?
ਇਕ ਦਿਨ ਦਾ ਜਸ਼ਨ ਕੇਵਲ?
ਚਿੜੀਆ ਘਰ ਦੇ ਤਮਾਮ ਜਾਨਵਰਾਂ
ਬਾਂਦਰਾਂ-ਹਿਰਨਾਂ-ਚਿੜੀਆਂ
ਤੋਤਿਆਂ ਤੇ ਬਤਖ਼ਾਂ ਦੇ
ਹਿੱਸਿਆਂ 'ਚੋਂ
ਕਿੰਨਾ ਕੁ ਬਚਾਓਗੇ?
ਸੀਖਾਂ ਪਿਛੇ ਡੱਕੇ ਹੋਏ ਕੈਦੀਆਂ ਦੇ
ਭੋਜਨ 'ਚੋਂ
ਕੁਝ ਬਚਾਓਗੇ?
ਫਿਰ ਉਹਨਾਂ ਨੂੰ ਰੇਤਲੀ ਰੋਟੀ ਤੇ
ਸੜਿਆ ਸਲੂਣਾ ਖਵਾ ਕੇ



ਦਸ ਕੁ ਦਿਨਾਂ ਦਾ ਰਾਸ਼ਨ ਘਰ ਲਿਜਾਓਗੇ।
ਆਪਣੀਆਂ ਕੁਰਸੀਆਂ ਨੂੰ
ਨਮਸਕਾਰਨ ਦੀ ਥਾਂ
ਇਹਨਾਂ ਦੀ ਨਾਜਾਇਜ਼ ਨੀਲਾਮੀ ਕਰਕੇ
ਕੀ ਕਰੋਗੇ?
...ਅਫ਼ਸਰ ਖ਼ੁਸ਼ ਕਰੋਗੇ
...ਘਰ ਭਰੋਗੇ
...ਆਪਣੇ ਤੇ ਅਫ਼ਸਰਾਂ ਦੇ
ਤੇ ਇਕ ਜੂਨ ਲਈ
ਕੁਝ ਬਚਾਓਗੇ
ਜ਼ਮੀਰ ਨੂੰ ਲੇਖੇ ਲਾ ਕੇ
ਜਾਨ ਨੂੰ ਵਰਚਾਓਗੇ।
ਬਸ ਏਨੀ ਹੀ ਤਾਕਤ ਹੈ ਤੁਹਾਡੀ?
ਕਦੀ ਜੰਗਲਾਂ 'ਚ ਫਿਰਕੇ ਵੇਖਿਆ ਜੇ
ਕਦੀ ਸ਼ੇਰਾਂ ਦਾ ਸਾਹਮਣਾ ਕੀਤਾ ਜੇ?
'ਕਲੱਬੀ ਸ਼ੇਰਾਂ' ਦਾ ਨਹੀਂ
ਉਹ ਤਾਂ ਤੁਹਾਡੇ ਕੋਲ ਰੋਜ਼ ਹੀ
ਡੰਡੌਤ ਕਰਦੇ ਆਉਂਦੇ ਹਨ
ਤੁਹਾਡੀ ਕੁਰਸੀ ਨੂੰ ਸਲਾਮ ਕਰਨ।
ਕਦੀ ਭਾਲੂਆਂ ਦੀਆਂ ਅੱਖਾਂ 'ਚ
ਝਾਕਿਆ ਜੇ
ਰਾਹ ਗਲੀ ਜੇ ਮਿਲ ਪੈਣ
ਪਛਾਣ ਸਕੋਗੇ ਉਹਨਾਂ ਨੂੰ
ਜਾਂ ਅੱਖਾਂ ਚੁਰਾ ਕੇ ਲੰਘ ਜਾਓਗੇ?
'ਕਲੱਬੀ ਸ਼ੇਰ' ਤੇ 'ਮਕਾਰ ਭਾਲੂ'

ਰੋਜ਼ ਹੀ ਮਿਲਦੇ ਹੋ ਤੁਸੀਂ ਉਹਨਾਂ ਨੂੰ
ਪਰ ਉਹਨਾਂ ਨਾਲ ਨਜ਼ਰ ਮਿਲਾਉਣ ਦੀ
ਤੁਹਾਡੇ 'ਚ ਹਿੰਮਤ ਕਿਥੇ ?
ਉਹਨਾਂ ਦੇ ਸੋਨੇ ਦਿਆਂ ਪੰਜਿਆਂ ਨੂੰ ਵੇਖਕੇ
ਤੁਹਾਡੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ
ਇਹਨਾਂ ਦੀ ਰੌਸ਼ਨੀ ਖਵਰੇ
ਕਿਥੇ ਹੋ ਜਾਂਦੀ ਹੈ ਗਾਇਬ
ਜਾਂ ਤੁਹਾਡੀਆਂ ਅੱਖਾਂ ਦੀਆਂ ਪੁਤਲੀਆਂ
ਇੱਕ ਥਾਂ ਤੇ ਸਥਿਰ ਹੋ ਗਈਆਂ ਨੇ
ਪਿੰਜਰਿਆਂ ਦੀਆਂ ਸੀਖਾਂ ਤੇ ?
ਚੋਰੀ ਵਿਚ ਤੁਹਾਡਾ ਮਜ਼ਾ ਹੈ
ਹੱਕ ਮੰਗ ਕੇ ਜਿਊਣ ਦੀ ਜਾਚ
ਹੀ ਵਿਸਰ ਗਈ ਹੈ।
ਕਾਸ਼! ਇਹ ਜਾਚ ਪਰਤ ਆਵੇ।
ਕਾਸ਼! ਸਾਰੇ ਸੁਜਾਖੇ ਹੋ ਜਾਈਏ।
ਅੰਨਾ ਧ੍ਰਿਤਰਾਸ਼ਟਰ
ਸੌ ਸੁਜਾਖੇ ਪੁਤਰਾਂ ਦਾ
ਬਾਪ ਬਣ ਸਕਦਾ ਸੀ
ਅਸੀਂ ਸੁਜਾਖੇ ਕਿਉਂ ਅੰਨ੍ਹੇ ਪੁਤਰਾਂ
ਦੇ ਬਾਪ ਬਣੀਏ।
ਕੌਮ ਸਿਰਜੀਏ
ਜੁਗ ਬਦਲੀਏ
ਸੀਖਾਂ ਨੂੰ ਭੰਨ ਦਈਏ
ਸਭ ਨੂੰ ਹੱਕ ਦੇਈਏ
ਆਪਣਾ ਹੱਕ ਲਈਏ।



## ਅਭੀਨੰਦਨ ਗ੍ਰੰਥ

ਉਸਦੇ ਚਿਹਰੇ 'ਤੇ ਓਨੀਆਂ ਹੀ ਲਕੀਰਾਂ ਸਨ
ਜਿੰਨੇ ਵਰ੍ਹੇ ਉਸਨੇ ਹੰਢਾਏ ਸਨ
ਹਰ ਲਕੀਰ ਮੈਨੂੰ ਜਾਪੀ
ਇਕ ਸਾਲ ਦੇ ਦਿਨਾਂ ਜਿੰਨੇ
ਹਰਫ਼ਾਂ ਨਾਲ ਲਿਖੀ ਹੋਈ—
ਇੰਜ ਉਸਦਾ ਚਿਹਰਾ
ਇਕ ਪੂਰੀ ਕਿਤਾਬ ਸੀ
ਇਕ ਅਭੀਨੰਦਨ ਗ੍ਰੰਥ
ਜੋ ਉਸਦੀ ਉਮਰ ਨੇ
ਉਸ ਨੂੰ ਦਿਤਾ ਸੀ।
ਮੱਥੇ ਦੀਆਂ ਸਿੱਧੀਆਂ ਲਕੀਰਾਂ ਨੂੰ
ਪੜ੍ਹਿਆਂ ਲਗਦਾ ਸੀ
ਉਹ ਭਾਗਾਂ ਵਾਲੀ ਹੈ
ਪਰ ਉਹਨਾਂ ਵਿਚ ਪਈਆਂ ਹੋਈਆਂ
ਕਰਾਸ ਲਕੀਰਾਂ
ਜਿਵੇਂ ਉਸਦੀ ਕਿਸਮਤ ਨੂੰ
ਕੱਟ ਰਹੀਆਂ ਹੋਣ
ਅੱਖਾਂ ਵਿਚ ਅਜੇ ਵੀ
ਜੋਤਨਾ ਸੀ ਡਲ੍ਹਕਾਂ ਮਾਰਦੀ
ਅੱਖਾਂ ਦੇ ਹੇਠਾਂ ਟੋਇਆਂ ਵਿਚ

ਜਿਵੇਂ ਉਸਦੀ ਕਿਸਮਤ ਡਿਗ ਪਈ ਸੀ।
ਮੂੰਹ ਦਾ ਇਕ ਢਾਂਚਾ ਜਿਹਾ
ਹੱਡੀਆਂ ਨਿਕਲੀਆਂ
ਪਰ ਢੀਠ ਉਸ ਨਾਲ ਚੰਬੜੇ ਮਾਸ ਉਪਰ ਵੀ
ਅੱਖਰ ਲਿਖੇ ਹੋਏ ਸਨ।
ਇਹਨਾਂ ਅੱਖਰਾਂ ਨੂੰ ਕਿਵੇਂ ਪੜ੍ਹਾਂ,
ਸੋਚਦੀ ਪਈ ਸਾਂ
ਤੇ ਵੇਖਿਆ—
ਉਹਦੇ ਹੱਥ ਵੀ ਲਕੀਰਾਂ ਵਾਲੇ ਸਨ—
ਉਹਨਾਂ ਬੁੱਢੇ ਅਤੇ ਕਮਜ਼ੋਰ ਹੱਥਾਂ ਵਿਚ
ਦਾਤਰੀ ਸੀ—
ਤਪੜੀ ਦਾ ਟੋਟਾ ਸੀ—
ਉਹ ਪੈਰੋਂ ਨੰਗੀ ਸੀ—
ਪੈਰ ਵੀ ਕਾਲੇ ਤੇ ਝੁਰੜੀਆਂ ਵਾਲੇ ਸਨ।
ਇਕ ਪਤਲਾ ਪਾਟਿਆ
ਉਹਦੀ ਉਮਰ ਦਾ ਹਾਣੀ
ਉਸ ਪਹਿਰਨ ਪਹਿਨਿਆ ਸੀ
ਮੈਨੂੰ ਲਗਾ, ਮੈਂ ਸਾਰਾ—
ਅਭੀਨੰਦਨ ਗ੍ਰੰਥ ਪੜ੍ਹ ਲਿਆ ਸੀ
ਮੇਰਾ ਸਿਰ ਆਦਰ ਨਾਲ
ਝੁਕ ਗਿਆ।



## ਘਰ ਦਾ ਪਤਾ ਲੱਭੀਏ

ਵਿਦਰੋਹੀ ਮਨ
ਕਿਧਰੇ ਬਗਾਵਤ ਨਾ ਕਰ ਬੈਠੇ
ਆਪਣੀਆਂ ਸੋਚਾਂ ਦੀ ਸਲੀਬ
ਮੋਢੇ 'ਤੇ ਚੁਕ ਕੇ
ਮਸੀਹਾ ਬਣ ਜਾਵੇ
ਸੂਲੀ ਚੜ੍ਹ ਜਾਵੇ।
ਸਿਖ਼ਰ ਦੁਪਹਿਰੇ
ਤੜਫ਼ਦੀਆਂ ਇਹ ਪੀੜ-ਪੀੜ
-ਮੂੰਹ ਵਾਲੀਆਂ ਸੋਚਾਂ
ਇਸ ਉਮਰਾ ਦੇ
ਆਖੇ ਲਗ ਕੇ
ਵੱਡੇ ਵੱਡੇ ਫੌਲਾਦੀ ਗੇਟਾਂ ਨੂੰ
ਤੋੜ ਕੇ
ਭੀੜ ਇਹਨਾਂ ਦੀ,
ਲੰਘ ਜਾਵੇ ਕਿਧਰੇ ਅਗੇਰੇ।
ਇਹ ਵਿਲਕਦੀਆਂ ਰੂਹਾਂ
ਇਹ ਬੇਨਾਮ ਸੋਚਾਂ
ਇਹਨਾਂ ਖੌਰੂ ਪਾਉਂਦੇ ਪਲਾਂ ਕੋਲੋਂ
ਰੋਟੀ ਮੰਗਦੀਆਂ ਸਿਸਕੀਆਂ,

ਇਹ ਭੁੱਖ ਦਾ ਕਾਰੰਗ
ਕਿਧਰੇ ਜਾਗ ਨਾ ਪਵੇ ਤੇ
ਇਹਦਾ ਵਿਦਰੋਹੀ ਮਨ
ਰੋਟੀ ਲਈ ਪੁਛ ਬੈਠੇ
ਪੇਪੜੀ ਜੰਮੇ ਬੁਲ੍ਹਾਂ ਵਿਚੋਂ
ਨਿਕਲਦੇ ਹੌਕੇ,
ਨੀਲੇ ਹੋਏ ਹੋਠਾਂ ਵਿਚੋਂ
ਕੁਰਲਾਉਂਦੀਆਂ ਹਾਵਾਂ,
ਇਹਨਾਂ ਸਾਰਿਆਂ ਦੇ
ਹੱਥ ਉਗ ਆਉਣ
ਬਾਹਵਾਂ ਉੱਠ ਪੈਣ
ਇਹਨਾਂ ਸੋਚਾਂ ਦੀ ਪੀੜ
ਭੀੜ ਬਣਕੇ
ਮੱਥੇ ਵਿਚ ਜਵਾਨ ਹੋ ਜਾਵੇ ਤੇ
ਇਹ ਭੀੜ
ਬਗਾਵਤ ਕਰ ਬੈਠੇ
ਆਪਣੇ ਆਪਣੇ ਮੋਢਿਆਂ ਤੇ
ਸਲੀਬਾਂ ਚੁਕੀ
ਤੁਰ ਪਵੇ
ਆਪਣੇ ਇਕ ਘਰ ਦਾ
ਪਤਾ ਲੱਭਣ।



## ਕਬਰਸਤਾਨ

ਅਸੀਂ ਸੋਚਦੇ ਹਾਂ
ਅਸੀਂ ਬੜਾ ਕੰਮ ਕਰਦੇ ਹਾਂ
ਸਵੇਰੇ ਨੌਂ ਤੋਂ ਪੰਜ ਵਜੇ ਸ਼ਾਮ ਤਕ
ਦਫ਼ਤਰ ਵਿਚ ਬੈਠ ਕੇ
ਫਾਈਲਾਂ ਨਾਲ ਮੱਥਾ ਮਾਰਨਾ
ਵਿਚਾਰ ਅਧੀਨ ਪੱਤਰ ਵਾਚਣਾ
ਨੋਟ ਲਿਖ ਕੇ ਅਗਲੀ ਕਾਰਵਾਈ ਲਈ
ਅਫ਼ਸਰ ਨੂੰ ਭੇਜਣਾ
ਸਾਰੇ ਦਿਨ ਵਿਚ
ਦਸ ਬਾਰਾਂ ਫਾਈਲਾਂ ਵੇਖਣੀਆਂ
ਪੰਜ ਛੇ ਵਿਚਾਰ ਅਧੀਨ ਪੱਤਰ ਵਾਚਣਾ
ਪੱਖੇ ਥੱਲੇ ਬੈਠਿਆਂ ਵੀ
ਸ਼ਾਮ ਨੂੰ ਮੁੜ੍ਹਕੋ ਮੁੜ੍ਹਕੀ ਹੋ ਘਰ ਪਰਤਣਾ।
ਘਰ ਪਰਤਦਿਆਂ ਸਰਕਾਰੀ ਕਾਰ 'ਚ ਬੈਠੀ
ਵੇਖਦੀ ਹਾਂ ਪਰ੍ਹੇ ਖੇਤਾਂ ਵਿਚ
ਕਣਕ ਕੱਢ ਰਿਹਾ ਮਜ਼ਦੂਰ
ਮਿੱਟੀ ਘੱਟੇ ਤੇ ਕੰਡ ਨਾਲ ਅੱਟਿਆ
ਜਿਸਮ ਤੇ ਨਾਂ ਨੂੰ ਹੀ ਕੱਪੜੇ।

ਸੜਦੀ ਲੂ ਵਿਚ
ਜਿਸ ਬੇਗਿਣਤ ਸਿੱਟਿਆਂ ਨੂੰ ਗਾਹਿਆ
ਕੁਲ ਦੁਨੀਆਂ ਦੇ ਲੋਕਾਂ ਦੀ ਗਿਣਤੀ ਤੋਂ ਵੱਧ
ਜਿਸ ਦਾਣਿਆਂ ਨੂੰ ਆਜ਼ਾਦ ਕੀਤਾ
ਪਰ ਇਸ ਬੋਲ੍ਹ 'ਚੋਂ
ਮੁੱਠੀ ਭਰ ਦਾਣੇ ਘਰ ਲੈ ਜਾਣ ਦਾ
ਇਸਨੂੰ ਹੱਕ ਕਿਉਂ ਨਹੀਂ
—ਸਾਰਾ ਦਿਨ ਪੱਖੇ ਥੱਲੇ ਬਹਿ ਕੇ
ਫਾਈਲਾਂ ਵੇਖਣੀਆਂ
ਵਿਚਾਰ ਅਧੀਨ ਪੱਤਰ ਵਾਚਣਾ
ਦਫ਼ਤਰ ਦਾ ਸਾਰਾ ਹੀ ਅਮਲਾ
ਇਹਨਾਂ ਫਾਈਲਾਂ ਨੂੰ
ਜੂੰ ਤੋਰ ਅੱਗੇ ਤੋਰਦਾ ਹੈ
ਇਹਨਾਂ ਤੇ ਵੇਲੇ ਦਿਆਂ ਲੀਡਰਾਂ ਦੀਆਂ
ਸਿਫ਼ਾਰਸ਼ਾਂ ਮੁਤਾਬਿਕ
ਐਕਸ਼ਨ ਹੁੰਦਾ ਹੈ ਤੇ
ਮਜ਼ਦੂਰ ਦੀ ਕਹਾਣੀ
ਹਮੇਸ਼ਾ ਲਈ
ਫਾਈਲਾਂ ਦੇ ਕਬਰਸਤਾਨ ਵਿਚ
ਦਫ਼ਨ ਹੋ ਜਾਂਦੀ ਹੈ।



## ਸਾਜ਼ਿਸ਼

ਇਕ ਸੋਚ ਮੱਥੇ ਵਿਚ
ਅੜ ਕੇ ਖਲੋ ਜਾਂਦੀ
ਮੈਨੂੰ ਉਂਗਲੀ ਲਾ ਕੇ
ਖੰਡਰਾਂ ਵਿਚ ਲੈ ਜਾਂਦੀ
ਜਿਥੇ ਰਾਤ ਨੂੰ ਚਮਗਿੱਦੜ ਉੱਡਦੇ
ਦਿਨ ਵੇਲੇ ਉਲੂ ਬੋਲਦੇ
ਹਰ ਵਕਤ ਇਕ ਭਿਆਨਕ ਹਾਸਾ
ਖਿਲਾਅ ਵਿਚ ਗੂੰਜਦਾ।
ਇਹ ਅਚੇਤ ਮਨ ਦੀ
ਕੋਈ ਸਾਜ਼ਿਸ਼ ਹੈ
ਪਰ ਚਾਰ ਚੁਫੇਰੇ
ਜੁ ਸਾਜ਼ਿਸ਼ਾਂ ਵਿਛੀਆਂ ਹਨ
ਉਹਨਾਂ ਵਿਚ ਘਿਰੀ ਹੋਈ ਸੋਚ
ਲੜਖੜਾਉਂਦੀ
ਮੱਥੇ ਵਿਚ ਮੁੜ ਆਉਂਦੀ
ਮੱਥੇ ਦੇ ਵਿਚਕਾਹੇ ਫਿਰ
ਤਣ ਕੇ ਖਲੋ ਜਾਂਦੀ।

## ਚਾਨਣ ਦਾ ਹੱਕ

ਬੇਕਾਰ, ਬੇਬਸ, ਅਸ਼ਾਂਤ
ਨਾ ਘਰ ਦੇ
ਨਾ ਬਾਹਰ ਦੇ
ਨਾ ਸਕੂਲ 'ਚ ਢੋਈ
ਨਾ ਕਾਲਜ ਲਈ ਫੀਸਾਂ
ਨਾ ਦਫ਼ਤਰ 'ਚ ਨੌਕਰੀ
ਜਦ ਸਾਰੇ ਹੀ ਬੂਹੇ ਬੰਦ ਹਨ
ਝੁੰਜਲਾਹਟ ਤੇ ਉਲਝਣ
ਸਮੱਸਿਆਵਾਂ ਤੇ ਸੋਚਾਂ।
ਸਵੇਰਸਾਰ ਦੇ ਸੂਰਜ ਨੂੰ ਤਾਂ ਉਡੀਕ ਹੁੰਦੀ ਏ
ਕੜਕਦੀ ਧੁੱਪ ਦੀ
ਜਿਥੇ ਬੱਦਲ ਹੀ ਛਾ ਜਾਣ,
ਉਦਾਸ-ਹਨੇਰੇ ਵਿਚ ਘਿਰੇ ਜਵਾਨ ਸੂਰਜ
ਚਾਨਣ ਲਈ ਤੜਫਣ ਲਗ ਪੈਣ
ਹਨੇਰੇ ਦੀ ਚੁੱਪ ਨੂੰ ਤੋੜਨ ਲਈ,
ਆਵਾਜ਼ਾਂ ਉਠਦੀਆਂ
ਸ਼ੋਰ ਵਧਦਾ
ਇਹ ਤਾਂ ਕੇਵਲ
ਚਾਨਣ ਦੀਆਂ ਨਿੱਕੀਆਂ ਨਿੱਕੀਆਂ ਲੀਕਾਂ
ਫਿਰ ਧਮਾਕੇ ਹੁੰਦੇ
ਬੋਲੇ ਕੰਨਾਂ ਨੂੰ ਸੁਨਾਣ ਲਈ
ਹਨੇਰਿਆਂ ਨੂੰ ਰੁਸ਼ਨਾਣ ਲਈ
ਸੂਰਜ ਆਪਣਾ ਜੱਦੀ ਹੱਕ ਪਏ ਮੰਗਣ
ਚਾਨਣ ਦਾ ਹੱਕ।*

* ਗੁਲਜ਼ਾਰ ਦੀ ਫਿਲਮ 'ਮੇਰੇ ਅਪਨੇ' ਵੇਖ ਕੇ ਲਿਖੀ



## ਵਰਜਿਤ ਫਲ

ਜਿਥੇ ਅਰਮਾਨਾਂ ਨੂੰ
ਹਥੌੜਿਆਂ ਨਾਲ ਤੋੜ ਦਿਤਾ ਜਾਵੇ
ਆਸਾਂ ਸੱਧਰਾਂ
ਉਮੰਗਾਂ ਦੀ ਫਸਲ ਨੂੰ
ਦਾਤਰੀਆਂ ਨਾਲ ਵੱਢ ਦਿਤਾ ਜਾਵੇ
ਪਰ ਜਦ
ਮਿਹਨਤਕਸ਼
ਦਾਤਰੀ ਹਥੌੜਾ ਹੱਥ 'ਚ ਲੈ
ਮਿਹਨਤ ਦਾ ਗੀਤ ਗਾਣ
ਆਪਣਾ ਹੱਕ ਮੰਗਣ
ਤਦ ਇਹ ਨਿਸ਼ਾਨ
ਵਰਜਿਤ ਕਿਉਂ ਹਨ?

## ਆਸ਼ਾ

ਝੁਗੀ ਵਿਚ ਬਲਦਾ
ਨਿੱਕਾ ਜਿਹਾ ਦੀਵਾ
ਮਧਮ ਰੌਸ਼ਨੀ
ਕਮਰੇ 'ਚ ਫੈਲਦੀ
ਕਦੀ ਇਹ ਵੀ ਸੂਰਜ-ਰੰਗੀ ਹੋ ਜਾਵੇਗੀ
ਰਾਮੂ ਦੀ ਮਾਂ
ਰਾਮੂ ਦੇ ਬਾਲ-ਮੂੰਹ ਵਲ ਵੇਖਦੀ
ਰੀਝਦੀ ਤੇ ਸੋਚਦੀ।



## ਮੇਰੇ ਖ਼ਿਆਲ

ਸਰਮਾਏਦਾਰੀ :
ਤੂਤ ਦੀ ਛਟੀ
ਪਿੰਡੇ ਤੇ ਵਜਦੀ
ਬਹੁਤ ਹੈ ਕਟਦੀ
ਲੋੜ ਪਵੇ
ਝੁਕ ਜਾਂਦੀ
ਰੁਪਿਆਂ ਦੀ ਮਰਹਮ
ਪਿੰਡੇ ਤੇ ਲਾਂਦੀ
ਬੋਲਾਂ ਵਿਚ ਰੇਸ਼ਮ ਭਰਕੇ
ਜਣੇ ਖਣੇ ਨੂੰ ਭਰਮਾਂਦੀ।
ਕਮਿਊਨਿਜ਼ਮ :
ਸਰੂ ਦਾ ਰੁਖ
ਲੰਮ ਸਲੰਮਾ
ਨਾ ਇਹ ਝੁਕਦਾ
ਨਾ ਜਜ਼ਬਾਤੀ

ਤਕੜਾ ਜੇਰਾ
ਪੱਥਰ ਵਰਗਾ
ਜੋ ਨਾ ਸਮਝੇ
ਮਨ ਦੀ ਪੀੜਾ
ਤਨ ਰੱਜ ਜਾਵੇ
ਮਨ ਦੀ ਬੁਲਬੁਲ
ਹਰ ਪਲ ਤੜਫੇ
ਤੇ ਕੁਰਲਾਵੇ।

ਡੈਮੋਕਰੇਸੀ :

ਸਿੰਬਲ ਰੁਖ
ਪੱਤ ਹਰੇ ਭਰੇ
ਫੁੱਲ ਫਿਕੇ
ਫਲ ਬਕਬਕੇ
ਪੰਛੀ ਆਂਦੇ
ਮਜਲਸਾਂ ਲਾਂਦੇ
ਬੜਾ ਭਰਮਾਂਦੇ
ਕੁਝ ਕਰ ਨਾ ਪਾਂਦੇ
ਤੇ ਉਡ ਜਾਂਦੇ।



## ਇਸ਼ਕ

ਪਿਆਰ ਦੇ ਕੂਲੇ ਜਿਹੇ ਬੁਲ੍ਹਾਂ ਉਤੇ
ਜੇ ਫਰਜ਼ ਦਾ ਲਫਜ਼ ਟੰਗ ਦੇਈਏ
ਤਾਂ ਗੱਲ ਇਸ਼ਕ ਤਕ ਨਹੀਂ ਪਹੁੰਚਦੀ
ਇਸ਼ਕੋਂ ਉਰੇ
ਮੁਹੱਬਤੋਂ ਉਰੇ
ਪਿਆਰ ਤੋਂ ਵੀ ਉਰੇ
ਕਿਸੇ ਮੁਕਾਮ ਤੇ
ਅੜ ਖਲੋਂਦੀ ਹੈ।
ਹਾੜ੍ਹਾ ਹੈ ਮਹਿਰਮੋ
ਇਸ਼ਕ ਦੀ ਗੱਲ
ਏਥੇ ਹੀ ਰਹਿਣ ਦਿਉ
ਮਨ ਵਿਚ ਹੀ ਵੱਸਣ ਦਿਉ
ਪ੍ਰੀਤਮ ਦਾ ਚਾਅ
ਫਰਜ਼ ਦੀ ਸੂਲੀ ਬਣਾ ਕੇ ਨਾ
ਲਟਕਾ ਦਿਉ ਰਾਹ ਵਿਚ;
ਕੋਈ ਵੀ ਮਨਸੂਰ ਇਸ ਸੂਲੀ ਨੂੰ
ਪਸੰਦ ਨਹੀਂ ਕਰੇਗਾ
ਕੋਈ ਵੀ ਮਸੀਹਾ ਇਸ ਸੂਲੀ ਨੂੰ
ਮੋਢਿਆਂ ਤੇ ਨਹੀਂ ਚੁਕੇਗਾ
ਇਸ਼ਕ ਦੀ ਦਾਸਤਾਂ ਹੀ ਹੋਰ ਹੈ
ਜੇ ਸੁਣ ਨਹੀਂ ਸਕਦੇ
ਤਾਂ ਵਾਸਤਾ ਹੈ ਦਿਲ ਦਾ
ਇਸ ਗ਼ਰੀਬ ਨੂੰ, ਸ਼ਿਬਲੀ, ਵਾਂਗ
ਫੁੱਲ ਨਾ ਮਾਰੋ
ਪੱਥਰਾਂ ਦੀ ਮਾਰ ਹੀ
ਸਹਿਣ ਦਿਉ ਦੋਸਤੋ।

## ਸੂਹੇ ਪੱਟ ਵਿਚ ਲਪੇਟੀ ਕੰਨਿਆਂ

ਰੋਜ਼ ਮੈਂ ਆਪਣੀ ਲਾਸ਼ ਦਾ
ਆਪੇ ਹੀ ਮਾਤਮ ਕਰਦੀ ਰਹੀ
ਕਈ ਵਾਰ ਪਲ ਪਲ ਟੁਟਦੀ ਰਹੀ
ਕਈ ਵਾਰ ਪਲ ਪਲ ਮਰਦੀ ਰਹੀ।
ਰੋਜ਼ ਹੀ ਮੇਰੀ ਰੂਹ ਪਿਆਸੀ
ਤੜਫਦੀ ਲੁੱਛਦੀ ਰਹੀ
ਪੀੜਾਂ ਮੁਕਾਣੇ ਆਉਂਦੀਆਂ
ਅੱਗ ਸਿਵਿਆਂ 'ਚ ਬਲਦੀ ਰਹੀ।
ਜਿਸਮ ਦੇ ਹਰ ਕਣ 'ਚ
ਬਗਾਵਤ ਉਠਦੀ ਰਹੀ
ਪਰ ਮਨ ਦੇ ਡੂੰਘੇ ਪਾਣੀਆਂ 'ਚ
ਡੁਬ ਜਾਂਦੀ ਰਹੀ।
ਰੂਹ ਦੀ ਕੰਨਿਆ ਜਿਊਂਦੀ ਹੀ ਮਾਰਕੇ
ਲਾਲ ਬਿੰਦੀ ਲਾਉਂਦੀ ਰਹੀ
ਸੂਹੇ ਪੱਟ ਵਿਚ ਲਪੇਟ
ਘੜੇ ਵਿਚ ਪਾਉਂਦੀ ਰਹੀ
ਘੜੇ ਦੇ ਮੂੰਹ ਤੇ ਬੰਨ੍ਹ ਲਾਲ ਕਪੜਾ
ਕਿਨਾਰੀ ਗੋਟੇ ਨਾਲ ਸਜਾਉਂਦੀ ਰਹੀ
ਭਰੇ ਦਿਲ ਨਾਲ ਵਗਦੇ ਪਾਣੀਆਂ 'ਚ
ਆਪਣੇ ਹੱਥੀਂ ਪਰਵਾਹੁੰਦੀ ਰਹੀ
ਇੰਜ ਰਾਜਪੂਤੀ ਸ਼ਾਨ ਨਿਭਾਉਂਦੀ ਰਹੀ...?
ਮੈਨੂੰ ਬੁਜ਼ਦਿਲ ਆਖ ਤੂੰ ਦੋਸਤਾ
ਜੋ ਜਿਊਣ ਦੇ ਬਹਾਨੇ
ਜਿਊਣ ਦਾ ਮਾਤਮ ਕਰਦੀ ਰਹੀ।



## ਬਿਰਹਾ

ਮੁਹੱਬਤ!
ਕਿੰਨੀ ਵਸੀਹ
ਕੀ ਇਹਦੀ ਤਸ਼ਰੀਹ
ਜਦੋਂ ਮੈਂ ਸੋਚਦੀ ਹਾਂ
ਮੇਰੇ ਮੱਥੇ 'ਚੋਂ
ਇੱਕ ਤ੍ਰਾਟ ਉਭਰਦੀ ਹੈ
ਜੁ ਪੀੜ ਪੀੜ ਬਣਕੇ
ਸਾਰੇ ਵਜੂਦ 'ਤੇ
ਛਾ ਜਾਂਦੀ ਹੈ।
ਮਨ ਦੇ ਸ਼ਗੂਫਿਆਂ ਤੇ
ਹਨੇਰਿਆਂ ਦਾ ਸਹਿਮ
ਫੈਲਦਾ ਹੈ
ਇਹ ਅੱਧ-ਖਿੜੇ ਫੁੱਲ
ਕੁਮਲਾ ਜਾਂਦੇ ਨੇ

ਮੈਂ ਆਪਣੀ ਹੋਂਦ ਵਿਚ
ਪਰਤ ਆਉਂਦੀ ਹਾਂ।
ਫਿਰ ਵੇਖਦੀ ਹਾਂ
ਥਲਾਂ ਵਿਚ ਬਿਰਹਣ
ਕਿਵੇਂ ਤੜਫ ਰਹੀ ਏ
ਪੈਰਾਂ ਦਿਆਂ ਛਾਲਿਆਂ ਨੂੰ
ਚੁੰਮ ਰਹੀ ਏ
ਮਤਾਂ ਉਹਦੇ ਹੋਠਾਂ ਤੇ
ਉਹਦੇ ਪੁਨੂੰ ਦੀ ਪੈੜ ਦਾ
ਕੋਈ ਰੇਤ ਕਣ ਆ ਜਾਵੇ—
ਪਰ ਇਸ ਅਤਿ ਅਸੰਭਵ
ਖ਼ਿਆਲ ਦੇ ਅਰਥ
ਕਦੀ ਸੰਭਵ ਵਿਚ ਨਹੀਂ
ਬਦਲ ਸਕਦੇ
ਕਿਉਂਕਿ ਕਦੀ ਕੋਈ ਪੁਨੂੰ
ਸੱਸੀ ਦੇ ਜਿਊਂਦਿਆਂ ਨਹੀਂ
ਪਰਤ ਸਕਦਾ।



## ਸੀਤਾ ਦੀ ਕਿਸਮਤ

ਪਿਆਰ ਇਕ ਲਛਮਣ ਰੇਖਾ ਹੈ
ਜਿਸਨੂੰ ਪਾਰ ਕਰਨਾ
ਸਮੇਂ ਦੀ ਸੀਤਾ ਲਈ ਹੈ ਅਸੰਭਵ।
ਇਸ ਪਾਰ ਰਾਮ ਦਾ ਪਿਆਰ
ਉਸ ਪਾਰ ਰਾਵਣ ਦਾ ਛਲ।
ਰਾਮ ਦੇ ਇਸ਼ਕ ਨੂੰ ਉਡੀਕਦਾ
ਕਈ ਸਾਲਾਂ ਦਾ ਸਿਦਕ।
ਰਾਵਣ ਤੋਂ ਬਚਾਂਵਦਾ ਆਪਾ
ਸੰਗ, ਸੰਕੋਚ ਤੇ ਸ਼ਰਮ।
ਉਡੀਕ ਦੀਆਂ ਘੜੀਆਂ ਲੰਮੀਆਂ
ਮੁੱਕੀਆਂ-ਚੁੱਕੀਆਂ-ਅੱਖੀਂ ਸੀ ਪੱਕੀਆਂ।
ਦੀਵਾ ਜਦ ਬਲਿਆ ਸੀਤਾ ਦੇ ਮਹਲ
ਰਾਮ ਨੇ ਦਿਤਾ ਬਨਵਾਸ ਚਾ ਜੰਗਲ।
ਇਹ ਰਾਮ ਦ ਭਰਮ
ਜਾਂ ਸੀਤਾ ਦੀ ਕਿਸਮਤ।

## ਸੁੱਚੇ ਅਰਥ

ਡਿਕਸ਼ਨਰੀ ਦੇ ਅਰਥਾਂ ਨੂੰ ਆਖਕੇ ਅਲਵਿਦਾ
ਸੱਜਣਾ ਮੈਂ ਤੈਨੂੰ ਪਿਆਰ ਕੀਤਾ ਏ
ਇਸਦੇ ਐਲਫਾਬੈੱਟ ਵਿਚ ਆਏ
'ਪਿਆਰ' ਸ਼ਬਦ ਦੇ ਅਰਥ
ਮੈਨੂੰ ਗੋਲੀ ਪਰੂਫਾਂ ਵਾਂਗ ਲੱਗੇ
ਜਿਹਨਾਂ ਨੂੰ ਗਲਤੀਆਂ ਲਾਉਣ ਤੋਂ ਪਹਿਲਾਂ ਹੀ
ਛਾਪ ਦਿਤਾ ਗਿਆ ਸੀ।
ਸਾਡੇ ਪਿਆਰ ਦੇ ਅਹਿਸਾਸ ਵਰਗੇ ਸੰਪੂਰਨ
ਅਰਥਾਂ ਨੂੰ ਲੱਭਣ ਲਈ
ਜ਼ਿੰਦਗੀ ਦੇ ਕਿੰਨੇ ਸਾਲ
ਕਿੰਨੇ ਲੰਮੇ ਪੈਂਡੇ ਤੁਰੀ
ਹਰ ਡੰਡੀ ਹਰ ਮੋੜ ਤੇ
ਤੇਰੇ ਸੰਗ ਤੁਰਦਿਆਂ
ਇਕ ਸੁੱਚਾ ਜਿਹਾ ਅਹਿਸਾਸ ਨਾਲ ਤੁਰਿਆ
ਵਫਾ ਦੇ ਬੋਲ ਹਾਣੀ ਰਹੇ
ਤੇਰਾ ਪਿਆਰ ਮਿਲਿਆ
ਤੇਰੇ ਪਿਘਲੇ ਹੋਏ ਚਿਹਰੇ ਨੂੰ ਤੱਕਦੀ ਰਹੀ
ਮਨ ਦੇ ਚਾਨਣ ਵਿਚ



ਤੇਰੀਆਂ ਖ਼ੂਬਸੂਰਤ ਅੱਖਾਂ ਵਿਚ ਵਸਦਾ ਪਿਆਰ
ਗੁਲਾਬ ਹੋਠਾਂ ਤੇ ਲਰਜ਼ਦਾ ਪਿਆਰ
ਸਾਰਾ ਹੀ ਮੇਰਾ ਹੋ ਜਾਂਦਾ
ਪਰ ਜਾਪਦਾ ਰੂਹ 'ਚੋਂ ਪਿਆਰ ਦਾ ਚਸ਼ਮਾ ਅਜੇ ਨਿਕਲੇਗਾ...
ਸੋਚਾਂ—ਖ਼ਿਆਲਾਂ—ਦਲੀਲਾਂ ਦੀ ਪਗਡੰਡੀ 'ਤੇ
ਤੁਰਦੀ ਰਹੀ
ਇਸ ਚਸ਼ਮੇ ਦੀ ਭਾਲ ਵਿਚ...
ਮੇਰੀ ਜ਼ਿੰਦਗੀ ਦੇ ਵਾਪਰੇ ਹਰ ਪਲ ਦੇ ਅਹਿਸਾਸ ਦੀ
ਸ਼ਿੱਦਤ ਨੂੰ
ਜਦ ਤੂੰ ਮਹਿਸੂਸ ਕਰਨ ਲਗਾ
ਤੇਰੀਆਂ ਅੱਖਾਂ ਵਿਚ ਰੂਹ ਜਾਗਦੀ ਮੈਂ ਵੇਖੀ
ਹੋਠਾਂ ਵਿਚ ਤੇਰੀ ਜ਼ਿੰਦਗੀ ਦੇ ਦੁੱਖ-ਸੁੱਖ ਦੇ ਬੋਲ ਨਿਕਲੇ
ਮੈਂ ਸੁਣੇ
ਮੇਰੇ ਦੁੱਖ-ਸੁੱਖ ਤੇਰੇ ਦੁੱਖ-ਸੁੱਖ
ਸਾਡੀ ਜ਼ਿੰਦਗੀ ਦੇ ਹੋ ਗਏ।
ਪਿਆਰ ਦੇ ਏਹੋ ਜੇਹੇ ਅਰਥਾਂ ਨੂੰ
ਦੁੱਖਾਂ-ਸੁੱਖਾਂ ਦੇ ਜੰਗਲਾਂ 'ਚੋਂ ਲੱਭਿਆ
ਰੂਹ ਦੀ ਮਸ਼ਾਲ ਵਿਚੋਂ ਪੜ੍ਹਿਆ ਤੇ
ਇਹਨਾਂ ਅਰਥਾਂ ਨੂੰ
ਮਨ ਦੀ ਡਿਕਸ਼ਨਰੀ 'ਚ ਸਾਂਭਿਆ...

## ਅਮਰ ਵਰਤਮਾਨ

ਦੁਰਵਾਸਾ ਰਿਸ਼ੀ ਆਖਿਆ
ਐ ਪਿਆਰ ਦੇ ਰਾਜਕੁਮਾਰ ਦੁਸ਼ਿਅੰਤ!
ਤੇਰੀ ਭਾਲ ਹੈ ਸੰਪੂਰਨ ਤੇ
ਫਿਰ ਸਰਾਪਿਆ
ਐ ਪ੍ਰੀਤ-ਕੰਨਿਆ ਸ਼ਕੁੰਤਲਾ!
ਤੂੰ ਪ੍ਰੇਮ-ਵਿਸ਼ ਪੀ ਕੇ
ਮਰ ਜਾਵੀਂ
ਤੇਰੀ ਭਾਲ ਹੈ
ਜਾਰੀ...ਜਾਰੀ...



## ਔਰਤ

ਮੈਂ ਔਰਤ
ਵਾਂਗ ਇਕ ਗੋਲੀ
ਗ਼ਮਾਂ ਦੁੱਖਾਂ ਅਹਿਸਾਨਾਂ ਦਿਆਂ
ਪਾਣੀਆਂ ਵਿਚ ਡੁਬੀ ਹੋਈ
ਤਾਂ ਜੋ
ਪੱਕੀ ਹੋ ਜਾਵਾਂ ਤੇ
ਫਿਰ
ਕਿਸੇ ਲੋੜੇ ਬੇਲੋੜੇ ਘਰ ਦੀ
ਛੱਤ ਬਣ ਜਾਵਾਂ।

## ਸਫ਼ਰ

ਤੇਰੇ ਨਾਂ ਦਾ ਹੋਠਾਂ ਤੇ ਆਉਣਾ
ਗੁਨਾਹ ਹੈ ਇਸ ਸਮੇਂ
ਤੈਨੂੰ ਯਾਦ ਕਰਕੇ ਦੋਸਤ!
ਰੂਹ ਤਾਈਂ ਕੰਬ ਜਾਂਦੀ ਹਾਂ
ਪਰ ਚੰਗਾ ਕਿ ਇਸ ਕੰਬਣੀ ਵਿਚ
ਇਕ ਤੜਪ
ਇਕ ਤਮੰਨਾ
ਇਕ ਤਾਂਘ ਤਾਂ ਹੈ।
ਕਿ ਪ੍ਰੇਮੀ ਲਫ਼ਜ਼ ਤੋਂ
ਪਤੀ ਲਫ਼ਜ਼ ਦਾ
ਸਫ਼ਰ ਤਹਿ ਕਰਕੇ
ਜੇ ਤੇਰੇ ਪੈਰ ਥੱਕ ਜਾਂਦੇ
ਇਸ ਥਕਾਵਟ ਦੇ ਹੋਠਾਂ 'ਚੋਂ
ਉਬਲਦੇ ਲਾਵੇ ਵਰਗੇ ਲਫ਼ਜ਼ਾਂ ਨੂੰ
ਸੁਣਨ 'ਤੋਂ ਪਹਿਲਾਂ ਹੀ ਸ਼ਾਇਦ
ਮੈਂ ਮਰ ਜਾਂਦੀ।
ਕਿ ਹੁਣ ਇਕ ਜੀਵਨ ਹੈ
ਜੋ ਗੂੰਗਾ ਹੈ
ਜੋ ਬੋਲਾ ਹੈ
ਜੋ ਅੰਨ੍ਹਾ ਹੈ
ਇੰਜ ਅਪਾਹਜ ਬਣਕੇ
ਮੈਂ ਜੀਂਦੀ ਪਈ ਹਾਂ।
ਕੀ ਤੂੰ ਮੈਨੂੰ
ਇਸ ਰੂਪ ਵਿਚ ਵੇਖ ਸਕਦਾ?
ਚੰਗਾ ਹੋਇਆ ਕਿ ਤੂੰ ਇਹ ਸਫ਼ਰ
ਤਹਿ ਨਾ ਕਰਿ ਸਕਿਆ।



## ਦੁਲਹਨ

ਰੋਟੀ ਦਾ ਮਾਲਕ
ਤਨ ਦਾ ਮਾਲਕ
ਉਹਦੀ ਸਮਾਜ 'ਚ ਹੋਂਦ
ਮਰਦ ਜੁ ਹੋਇਆ
ਉਹਦੇ ਵਡੱਪਣ ਦਾ ਸਹਿਮ...
ਸਹਿਮ ਜੋ ਦਵਾਲੇ ਘੁੰਮਦਾ ਹੈ
ਇਹਦੇ ਧਾਗੇ 'ਚ
ਅਹੂਤੀਆਂ ਦੀ ਮਾਲਾ ਪਰੋ ਕੇ
ਸੁਣ ਔਰਤ!
ਗਲ 'ਚ ਪਾ ਲੈ।
ਕੁਝ ਪ੍ਰਸ਼ਨ ਚਿੰਨ੍ਹ
ਹਰ ਵੇਲੇ ਸੋਹਣੇ ਚਿਹਰੇ ਨੂੰ
ਨਹੁੰਦਰਾਂ ਮਾਰਦੇ ਨੇ
ਇਹਨਾਂ ਪ੍ਰਸ਼ਨ ਚਿੰਨ੍ਹਾਂ ਨੂੰ
ਨੱਥ ਤੇ ਟਿੱਕੇ 'ਚ ਪਰੋ ਕੇ
ਨੱਕ ਵਿਚ ਪਾ ਲੈ
ਮੱਥੇ ਨੂੰ ਸਜਾ ਲੈ।
ਆਪਣੇ ਕੰਬਦੇ-ਲਰਜ਼ਦੇ-ਥਿਰਕਦੇ ਬੁਲ੍ਹਾਂ 'ਤੇ
ਮੁਸਕਰਾਹਟਾਂ ਦੀ ਬਨਾਉਟੀ ਲਿਪਸਟਿਕ ਲਾ ਲੈ।
ਇਕ ਪ੍ਰਸ਼ਨ ਹੈ ਕੰਬਦਾ ਜਿਹਾ :
'ਇਸ ਮਸਨੂਹੀ ਰੰਗ ਵਿਚ

ਮਨ ਦਾ ਰੰਗ ਤਾਂ ਨਹੀਂ ਰਲ ਸਕਦਾ?'
ਇਸਦਾ ਜਵਾਬ ਨਹੀਂ ਦੇਂਦਾ
ਮਰਦ-ਪਰ ਆਖਦੈ,
ਜ਼ਿੰਦਗੀ ਦੇ ਹਾਦਸਿਆਂ 'ਚੋਂ
ਉਠੀ ਧੂੜ ਦੇ ਪਾਊਡਰ ਨੂੰ ਮੂੰਹ 'ਤੇ ਲਾ ਲੈ।
ਹੁਣ ਇਕ 'ਸਜੀਲੀ ਦੁਲਹਨ' ਦੀ ਤਸਵੀਰ ਵੇਖੋ :
ਅਹੁਤੀਆਂ ਦੀ ਮਾਲਾ ਗਰਦਨ ਦਵਾਲੇ
ਪ੍ਰਸ਼ਨ ਚਿੰਨ੍ਹਾਂ ਨੂੰ ਮੱਥੇ ਤੇ ਸਜਾਇਆ
ਨੱਕ 'ਚ ਲਟਕਾਇਆ
ਬਨਾਉਟੀ ਮੁਸਕਰਾਹਟਾਂ ਦੀ ਲਿਪਸਟਿਕ
ਹਾਦਸਿਆਂ ਦੀ ਧੂੜ ਦਾ ਪਾਊਡਰ
ਕਦੀ ਵੀ ਜੁ ਸਵਾਲ ਬਣਨ ਲਈ ਸੋਚ ਨਹੀਂ ਸਕਦੀ
ਕੇਵਲ ਜਵਾਬ ਦੀ ਹੀ ਸਾੜ੍ਹੀ ਪਤਲੇ ਜਿਸਮ 'ਤੇ
ਪਹਿਨ ਸਕਦੀ ਏ,
ਜਿਹਦੀਆਂ ਸੇਹਲੀਆਂ 'ਚ ਕਦੀ ਕੋਈ ਤ੍ਰਾਟ ਨਹੀਂ
ਉਠਣੀ ਚਾਹੀਦੀ
ਜਿਹਦੇ ਜਿਸਮ 'ਚੋਂ ਕਦੀ ਕੋਈ ਪੀੜ ਨਹੀਂ
ਗੁਜ਼ਰਨੀ ਚਾਹੀਦੀ
ਜਿਹੜੀ ਕੇਵਲ ਜਵਾਬ ਹੀ ਚਾਹੀਦੀ ਏ
ਹਰ ਗੱਲ ਦਾ
ਹਰ ਸਮੇਂ ਦਾ
ਮਰਦ ਦੀ ਹਰ ਲੋੜ ਦਾ
ਪੂਰਾ ਸੂਰਾ ਜਵਾਬ।



## ਸੂਰਜ

ਵੇ ਲੋਕਾ ਮੈਨੂੰ ਸ਼ਮ੍ਹਾਂ ਨਾ ਸਮਝੀਂ
ਮੈਂ ਸੂਰਜ ਦੀ ਹਾਣੀ
ਇਹਦੀਆਂ ਬਲਦੀਆਂ ਕਿਰਨਾਂ ਵੇਖ
ਮੈਂ ਆਪਣੀ ਅੱਗ ਪਛਾਣੀ।

ਇਕ ਅੱਗ ਮੇਰੀ ਹੁਸਨ ਜਵਾਨੀ
ਸੇਕ ਜਿਹਦਾ ਏ ਡਾਢਾ
ਇਕ ਅੱਗ ਮੇਰੇ ਦਿਲ ਦਾ ਚਾਨਣ
ਲੂੰ ਲੂੰ ਕੀਤਾ ਰੌਸ਼ਨ।

ਅੱਜ ਜੀਵਾਂ ਇਸ ਅੱਗ ਸਹਾਰੇ
ਅੱਜ ਜੀਵਨ ਮੈਂ ਲੋੜਾਂ
ਸਦੀਆਂ ਦੀ ਭਟਕਣ ਤੋਂ ਪਿਛੋਂ
ਅੱਜ ਨਾ ਜਾਪਣ ਥੋੜਾਂ।

ਆਓ ਸਖੀਓ ਰਲ ਮਿਲਕੇ
ਇਸ ਅੱਗ ਨੂੰ ਅੰਗ ਅੰਗ ਰਮੀਏ
ਵਿਚ ਅੱਗ ਦੇ ਸੁਟ ਜ਼ੰਜੀਰਾਂ
ਕੁੰਦਨ ਦੇ ਵਤ ਢਲੀਏ।

ਅੱਜ ਅਸਾਨੂੰ ਮਿਲਿਆ ਚਾਨਣ
ਅੱਜ ਸੂਰਜ ਨੂੰ ਵਰਿਆ
ਅੱਜ ਨਾ ਅਸੀਂ ਚੰਨ ਵਾਂਗਰ ਮੰਗੀਏ
ਅੱਜ ਅਸੀਂ ਸਗਵਾਂ ਸੂਰਜ।

# ਕਵੀ ਦੀ ਸ਼ਰਧਾਂਜਲੀ
**(ਅੰਤਰ-ਰਾਸ਼ਟਰੀ ਮਹਿਲਾ ਦਹਾਕੇ ਨੂੰ ਸਮਰਪਤ)**

ਇਕ ਕਵੀ ਦੋਸਤ ਨੇ ਕਵਿਤਾ ਸੁਣਾਈ,
'ਅੰਤਰ-ਰਾਸ਼ਟਰੀ ਮਹਿਲਾ ਵਰਸ਼ ਨੂੰ ਸਮਰਪਤ'
ਉਹਦੇ ਗਵਾਂਢੀ ਦੀ ਪਤਨੀ
ਬੜੀ ਸੁੰਦਰ ਹੈ
ਬੜੀ ਸ਼ੋਖ ਤੇ ਚੰਚਲ
ਉਹ ਰੋਜ਼ ਸ਼ਾਮੀਂ ਦਫ਼ਤਰ ਦੇ ਬੰਦ ਹੋਣ ਵਕਤ
ਅੱਖਾਂ 'ਚ ਉਡੀਕਾਂ ਭਰਕੇ ਮੁਹਾਠਾਂ 'ਚ ਖੜੀ
ਪਤੀ ਨੂੰ ਉਡੀਕੇ
ਉਹਦਾ ਪਤੀ ਪਰ ਸ਼ਾਮੀਂ ਕਦੀ ਨਾ ਘਰ ਪਰਤੇ
ਅੱਧੀ ਰਾਤੀਂ ਪੀ ਕੇ ਆਵੇ
ਤਨਖ਼ਾਹ ਸਾਰੀ ਅਯਾਸ਼ੀ ਵਿਚ ਲੁਟਾਵੇ
ਕਵੀ ਨੂੰ ਵਿਚਾਰੀ ਗਵਾਂਢੀ ਦੀ ਪਤਨੀ ਤੇ
ਤਰਸ ਡਾਢਾ ਆਵੇ?
ਔਰਤਾਂ ਦੇ ਦੁੱਖਾਂ ਦੇ ਅਨੇਕਾਂ-
ਸਵਾਲ ਸਨ ਕਵਿਤਾ ਵਿਚ
ਕਿਸੇ ਕੁੜੀ ਦੇ ਹੁਸਨ ਦੀ ਚਰਚਾ
ਹੁਸਨ ਤੇ ਲੱਗੇ ਨਿਰਦੋਸ਼ ਇਲਜ਼ਾਮ,
ਅਮੀਰ ਦੀ ਸੋਹਣੀ ਨੌਕਰਾਣੀ
ਕਿਵੇਂ ਹੁੰਦੀ ਹੈ ਜ਼ਲੀਲ,
ਮਜਬੂਰ ਸਟੈਨੋ ਸੈਕਟਰੀ ਦੀ



ਵਿਕਦੀ ਅਸਮਤ ਸਾਹਬ ਅਗੇ...
ਮੈਂ ਭੁੱਲ ਗਈ ਤੇ ਪੁਛਿਆ
'ਤੂੰ ਸਾਰੇ ਔਰਤਾਂ ਦੇ ਸਵਾਲ ਹੀ ਕਿਉਂ ਲਏ ਹਨ ਤੇ
ਇਹਨਾਂ ਦਾ ਹੱਲ?'
'ਇਹ ਅੰਤਰ-ਰਾਸ਼ਟਰੀ ਮਹਿਲਾ ਵਰਸ਼ ਹੈ
ਹੱਲ ਤਾਂ ਇਸ ਵਰ੍ਹੇ ਕੁਝ ਹੋਵੇਗਾ ਹੀ
ਨਹੀਂ ਤਾਂ 'ਦਹਾਕਾ' ਮਨਾਦਿਆਂ ਲਭਾਂਗੇ ਜਵਾਬ।'
ਖ਼ੈਰ ਸੁਣੋ—
ਇਹ ਕਵਿਤਾ ਭੇਜੇਗਾ ਉਹ
ਕਿਸੇ ਸਰਕਾਰੀ ਪਰਚੇ ਨੂੰ
ਸਰਕਾਰੋਂ ਵਾਹ ਵਾਹ ਵੱਖਰੀ
ਰਕਮ ਹੋਵੇਗੀ ਵਸੂਲ ਸੇਵਾਫਲ ਦੀ
ਇਸ ਕਵਿਤਾ ਦੇ ਅਖ਼ੀਰ ਤੇ
ਉਹ ਦਫ਼ਤਰ ਦਾ ਪਤਾ ਲਿਖੇਗਾ
ਕਵਿਤਾ ਛਪੇ ਤੇ 'ਸੇਵਾਫਲ ਦੀ ਰਕਮ'
ਮਿਲੇ ਸਿੱਧੀ ਉਸਨੂੰ
ਪਤਨੀ ਨੂੰ ਪਤਾ ਨਾ ਲਗੇ ਇਸ ਬਾਰੇ।
ਕੁਝ ਖਰਚ ਉਹਦੇ ਆਪਣੇ,
ਪਤਨੀ ਤੋਂ ਵੱਖਰੇ ਹਨ
ਉਸਨੂੰ ਦੱਸੇ ਨਹੀਂ ਜਾ ਸਕਦੇ।
ਦੋਸਤੋ!
ਇਹ ਸ਼ਰਧਾਂਜਲੀ ਸੀ ਇਕ ਕਵੀ ਦੀ
ਅੰਤਰ-ਰਾਸ਼ਟਰੀ ਮਹਿਲਾ ਵਰਸ਼ ਨੂੰ।

—ਜੂਨ 1975

## ਜ਼ੰਜੀਰ

ਰਿਸ਼ਤਿਆਂ ਦੀ ਇਕ ਜ਼ੰਜੀਰ
ਅਕਾਸ਼ ਤੋਂ ਪਤਾਲ ਤਕ
ਬੀ.ਸੀ. ਤੋਂ ਅਜ ਤੱਕ
ਲਟਕੀ ਹੋਈ ਹੈ।
ਮਨੋਵਿਗਿਆਨੀ :
ਸਾਡੇ ਦਾਦਿਆਂ ਤੋਂ ਨਕੜਦਾਦਿਆਂ ਤਕ
ਉਹਨਾਂ ਦੇ ਨਕੜਦਾਦਿਆਂ ਤਕ
ਉਹਨਾਂ ਦੇ ਵੀ ਪੂਰਵਜਾਂ ਤਕ
ਸਾਨੂੰ ਜਕੜ ਦੇਂਦੇ ਹਨ
ਇਸ ਨੂੰ ਹੈਰੇਡਿਟੀ ਆਖਦੇ ਹਨ।
ਸਮਾਜ ਵਿਗਿਆਨੀ :
ਸਮਾਜ ਵਿਚ ਵਿਕਾਸ ਕਰਦਾ ਮਨੁੱਖ
ਸਭਿਅਤਾ ਦੇ ਨਕਸ਼ ਚਿਤਰਦਾ
ਵਕਤਾਂ ਦੇ ਸਾਂਭੇ ਇਹ ਨਕਸ਼



ਬੜੇ ਕੋਮਲ
ਪਰ ਹੋਣੀਆਂ ਲਈ ਬੜੇ ਕੱਟੜ
ਰੌਸ਼ਨੀ ਦੀ ਕੁਖੋਂ ਜਨਮਦਾ ਹਰ ਜੀਵ
ਵਕਤ ਦੇ ਅਣਘੜ ਨਕਸ਼ਾਂ ਨੂੰ
ਆਪਣੇ ਵਿਚ ਪਾਉਣੋ ਇਨਕਾਰ ਕਰਦਾ ਹੈ
ਸਮਾਜ ਉਸਨੂੰ
ਅਸਭਿ ਆਖਦਾ ਹੈ।
ਇਹ ਇਕ ਅਸਭਿ ਮਨੁੱਖ
ਜਿਹਦੇ ਨਕਸ਼ ਮੈਂ ਵੇਖਦੀ ਹਾਂ
ਬੜੇ ਕੋਮਲ ਹਨ
ਜਿਹਦਾ ਵਜੂਦ ਬੜਾ ਤਕੜਾ ਹੈ
ਜ਼ੰਜੀਰ ਨੂੰ ਵਿਚਕਾਰੋਂ ਫੜਕੇ
ਇਕੋ ਝਟਕੇ ਨਾਲ
ਖਿਚਦਾ ਪੁਟਦਾ ਤੇ ਸੁਟਦਾ ਹੈ
ਫਿਰ ਜ਼ੰਜੀਰ ਦੇ
ਟੋਟੇ ਟੋਟੇ ਕਰਦਾ ਹੈ।

## ਕੁੜੀਆਂ ਤੇ ਧਰੇਕਾਂ

ਖੁਲ੍ਹੇ ਖੁਲ੍ਹੇ ਹਾਸੇ
ਖੁਲ੍ਹੇ ਖੁਲ੍ਹੇ ਵਿਹੜੇ
ਲੰਮੀਆਂ ਲੰਮੀਆਂ ਧਰੇਕਾਂ ਦੀ
ਛਾਂ ਅਸਾਂ ਮਾਨਣੀ।
ਭਾਬੀਆਂ ਨੂੰ ਛੇੜਨਾ
ਵੀਰਾਂ ਪਿਛੇ ਲੁਕਣਾ
ਮਾਂ ਦੀ ਹਿਕ ਲਗ
ਜਾਨ ਬਚਾਵਣੀ।
ਚਰਖੇ ਕੱਤਣੇ
ਛੋਪੇ ਪਾਉਣੇ
ਲੰਮੇ ਲੰਮੇ ਗੀਤ ਗਾ ਗਾ
ਰਾਤ ਬਿਤਾਵਣੀ।
ਖਿੜ ਖਿੜ ਹੱਸਣਾ
ਗਿੱਧਿਆਂ 'ਚ ਨੱਚਣਾ
ਬੋਲੀਆਂ ਪਾ ਪਾ
ਧੂੜ ਉਡਾਵਣੀ।
ਚੰਨ ਦੀ ਚਾਨਣੀ 'ਚ



ਛੂਣ ਛਾਈ ਖੇਡਣਾ
ਅਲ੍ਹੜ ਜਵਾਨੀਆਂ
ਜਵਾਨੀ ਲੁਕਾਵਣੀ।
ਸਹੇਲੀਆਂ ਨਾਲ ਟੱਪਣਾ
ਕੰਮ ਤੋਂ ਬਚਣਾ
ਮਾਪਿਆਂ ਦੇ ਸਿਰ 'ਤੇ
ਪਰਵਾਹ ਵੀ ਨਾ ਆਵਣੀ।
ਰੁਸ ਰੁਸ ਬਹਿਣਾ
ਮਨਾਇਆਂ ਨਾ ਮੰਨਣਾ
ਭੈਣਾਂ ਤੇ ਵੀਰਾਂ ਨਾਲ
ਧੂਮ ਮਚਾਵਣੀ।
ਮਨ ਆਈ ਕਰਨਾ
ਮੋੜਿਆਂ ਨਾ ਮੁੜਨਾ
ਖਿੜ ਖਿੜ ਹਾਸਿਆਂ ਦੀ
ਛਹਿਬਰ ਲਾਵਣੀ।
ਉਹ ਵਿਹੜਾ, ਉਹ ਛਾਵਾਂ
ਮੈਂ ਅੱਜ ਪਈ ਭਾਲਦੀ
ਕੁੜੀਆਂ ਤੇ ਧਰੇਕਾਂ ਦੀ
ਸਮਝ ਮੈਨੂੰ ਆਂਵਦੀ।

## ਹਯਾਤੀ

ਇਕ ਬਾਲੜੀ ਹਯਾਤੀ ਸੀ
ਜਿਥੇ ਕਿਲਕਾਰੀਆਂ ਸੰਗ ਖੇਡਦੇ
ਗੰਗੇ ਗੂੰਗੇ ਹਾਸੇ ਸਨ
ਸਵੈ ਦੀ ਪਛਾਣ ਨਹੀਂ ਸੀ
ਹਰ ਕੋਈ ਆਪਣਾ ਸੀ
ਹਰ ਕਿਸੇ ਨੂੰ ਬੁਲਾਇਆ ਜਾਂਦਾ ਸੀ
ਝਟ ਕਰਕੇ
ਇਕ ਮਾਸੂਮੀਅਤ ਤੇ
ਬਸ ਮੁਸਕਰਾਹਟਾਂ ਸਨ।
ਇਕ ਹਯਾਤੀ ਫੇਰ ਆਈ
ਜਦ ਦਿਨ ਵੱਡੇ ਵੱਡੇ ਸਨ
ਰਾਤਾਂ ਨਿੱਕੀਆਂ ਨਿੱਕੀਆਂ ਸਨ
ਅੱਲ੍ਹੜ ਤੇ ਅਵੇਸਲੀਆਂ
ਸੁੱਤਿਆਂ ਜਾਗਦਿਆਂ
ਚਾਵਾਂ ਸੰਗ ਖੇਡਦੀਆਂ ਹਸਰਤਾਂ
ਅਰਮਾਨ ਸਨ ਸੰਗਦੇ ਸੰਗਦੇ
ਮਾਸੂਮੀਅਤ ਦੇ ਚਿਹਰੇ 'ਤੇ



ਲਾਲੀ ਭਾਅ ਮਾਰਦੀ ਸੀ
ਅੱਖਾਂ ਵਿਚ ਅਛੋਪਲੇ ਜਿਹੇ
ਚਾਅ ਆ ਬੈਠਦੇ ਸਨ
ਰਿੜ੍ਹਦੇ ਹੋਏ ਬਾਲ ਵਾਂਗ
ਜੁ ਮਾਂ ਨੂੰ ਵੇਖਦਿਆਂ
ਉਹਦੀ ਗੋਦੀ ਵਿਚ ਆਣ ਬੈਠੇ।
ਇਹਨਾਂ ਚਾਵਾਂ ਦੇ ਸੀਨੇ ਵਿਚ
ਦੀਵੇ ਬਾਲਕੇ
ਰਾਹ ਰੋਜ਼ ਵੇਖਦੀ ਸਾਂ
ਦੀਵਿਆਂ ਸੰਗ ਤੁਰਨ ਲੱਗੀ
ਹਯਾਤੀ ਫੇਰ
ਤੁਰਦੀ ਹੋਈ ਉਮਰਾ ਨੇ
ਬੁਲ੍ਹ ਦੋਵੇਂ ਘੁਟ ਲਏ
ਮੁੱਠੀਆਂ ਨੇ ਮੀਚ ਲਈਆਂ
ਪਲਕਾਂ ਨੇ ਨੀਵੀਂ ਪਾ ਕੇ
ਹਕੀਕਤ ਨੂੰ ਪਛਾਣਿਆ
ਕਿਲਕਾਰੀਆਂ ਮਾਰਦੇ ਬਾਲ ਵਰਗੀ
ਗੂੰਗੀ ਜਿਹੀ ਉਮਰਾ ਹੁਣ ਕਿਥੇ ਹੈ?
ਰੋਜ਼ ਮੈਂ ਹਾਂ ਪੁਛਦੀ।

## ਨੇੜੇ ਦਾ ਓਹਲਾ

ਉਸ ਨੇ ਸਵੇਰੇ ਸ਼ੀਸ਼ੇ ਵਿਚ
ਆਪਣਾ ਚਿਹਰਾ ਵੇਖਿਆ
ਚਿਹਰੇ ਦੇ ਵਿਚਕਾਰ ਇਕ
ਤ੍ਰੇੜ ਪਈ ਹੋਈ ਸੀ
ਮੱਥੇ ਤੋਂ ਠੋਡੀ ਤਕ।
ਉਹ ਘਬਰਾਇਆ
ਹੈਰਾਨ ਜਿਹਾ
ਆਦਮ ਕੱਦ ਸ਼ੀਸ਼ੇ ਅਗੇ ਜਾ ਖਲੋਤਾ
ਉਸ ਦੀਆਂ ਪ੍ਰੇਸ਼ਾਨ ਅੱਖਾਂ ਤੱਕਿਆ
ਮਥੇ ਦੇ ਉਸ ਹਿੱਸੇ ਤੋਂ—
ਜਿਥੇ ਵਿਚਕਾਰ ਇਕ ਨਾੜ ਉਭਰੀ ਸੀ
ਜੋ ਉਸ ਦੀ 'ਉਸਨੂੰ' ਬੜੀ ਪਿਆਰੀ ਸੀ
ਉਸ ਪਿਆਰ ਦੀ ਨਿਸ਼ਾਨੀ ਤੋਂ
ਪੈਰਾਂ ਤਕ ਇਕ ਲੰਮੀ ਤ੍ਰੇੜ ਸੀ



ਜਿਵੇਂ ਭੁਚਾਲ ਆਉਣ ਨਾਲ
ਕੋਈ ਸ਼ੀਸ਼-ਮਹਿਲ ਤ੍ਰੇੜਿਆ ਜਾਵੇ।
ਉਹ ਹੈਰਾਨ ਪ੍ਰੇਸ਼ਾਨ ਸੋਚ ਰਿਹਾ ਸੀ
ਸ਼ੀਸ਼-ਮਹਿਲ ਤਾਂ ਤ੍ਰੇੜਿਆ ਜਾ ਸਕਦੈ
ਭੂਚਾਲ ਦੇ ਝਟਕੇ ਨਾਲ...
ਪਰ ਉਹਦੇ ਜਿਸਮ ਨੂੰ ਵੀ ਤਾਂ ਉਹਦੀ 'ਉਹ'
ਸ਼ੀਸ਼-ਮਹਿਲ ਆਖਿਆ ਕਰਦੀ ਸੀ
ਰਾਤ ਅਸੂਲਾਂ ਉਲਾਂਭਿਆਂ ਦੇ
ਝਟਕਿਆਂ ਨਾਲ,
ਉਹਦੇ ਸ਼ੀਸ਼-ਮਹਿਲ ਨੁਮਾ ਜਿਸਮ ਵਿਚ
ਤ੍ਰੇੜ ਆ ਗਈ ਸੀ,
ਔਰਤ ਨੇ ਤ੍ਰੇੜ ਨਹੀਂ ਸੀ ਤੱਕੀ
ਮਰਦ ਨੇ ਪੀੜ ਨਹੀਂ ਸੀ ਵੇਖੀ
ਉਹ ਰਾਤ ਚੁਪਚਾਪ ਚਲੀ ਗਈ ਸੀ
ਅੱਖਾਂ ਵਿਚ ਅੱਥਰੂ ਭਰੀ
ਉਹ ਰੋਕ ਕਿਉਂ ਨਾ ਸਕਿਆ
ਹੁਣ ਸੋਚ ਰਿਹਾ ਸੀ।

## ਅਨਾਰਕਲੀ ਦਾ ਮਾਹੀ

ਮੈਂ ਜਦੋਂ ਵੀ ਸੋਚਦੀ ਹਾਂ
ਮੈਨੂੰ ਜਾਪਦਾ ਹੈ ਜਿਵੇਂ
ਜਹਾਂਗੀਰ ਤੇ ਸਲੀਮ ਦੋ ਹੋਣ
ਇਕ-ਮੋਟਾ, ਹੈਂਕੜਬਾਜ਼ ਬਾਦਸ਼ਾਹ
ਹੀਰਿਆਂ ਜੜੇ ਤਖ਼ਤ ਤੇ ਬੈਠਾ
ਝਿਲਮਿਲਾਉਂਦਾ ਤਾਜ
ਮੋਤੀਆਂ ਦੇ ਗਹਿਣੇ
ਜ਼ਰੀ ਦੇ ਬਸਤਰ
ਸ਼ਹਿਨਸ਼ਾਹੀ ਜਲਾਲ
ਇਕ ਮਾਣ ਇਕ ਆਕੜ
ਸਮੁਚਾ ਪ੍ਰਭਾਵ ਤੇ
ਜਹਾਨ ਨੂਰ ਨੂੰ ਜਿਸ ਕੈਦ ਕੀਤਾ।
ਦੂਜਾ-ਪਤਲਾ, ਸੁਹਲ, ਸਰੂ ਜਿਹਾ



ਰੰਗੀਲਾ, ਛਬੀਲਾ, ਸੁਨੱਖਾ
ਹਲੀਮ ਜਿਹਾ ਸਲੀਮ,
ਅੱਖਾਂ ਵਿਚ ਲਟਕ
ਪਿਆਰ ਦਾ ਨੂਰ
ਇਕ ਮਸਤੀ
ਇਕ ਵਜਦ
ਪਿਆਰੇ ਨੂੰ ਮਿਲਣ ਦਾ ਚਾਅ
ਅੰਗ ਅੰਗ, ਚੋਂ ਝਾਤੀਆਂ ਮਾਰਦਾ
ਪਿਆਰ ਦਾ ਹੀ ਗੀਤ ਬਸ ਜਾਣਦਾ,
ਬੇਬਸ ਜਿਹਾ
ਫਿਰ ਪਿਆਰ ਦਾ ਹੀ ਗੀਤ
ਉਹ ਗਾਂਵਦਾ
ਕੱਲ੍ਹ ਵੀ ਗਾਂਵਦਾ,
ਅੱਜ ਵੀ ਗਾਂਵਦਾ,
ਅਨਾਰਕਲੀ ਦਾ ਉਹ ਮਾਹੀ।

## ਹੋਮੋਸੈਕਸ

ਹੋਮੋਸੈਕਸ
ਇਕ ਪਿਆਰ ਛਲਾਵਾ
ਇਕ ਤ੍ਰਿਸ਼ਨਾ
ਜਿਸਮਾਂ ਦੀ ਰਗੜ ਤੋਂ ਪੈਦਾ ਹੋਵੇ
ਜਿਸਮਾਂ ਦੀ ਅੱਗ ਵਿਚ ਹੀ ਮੁਕ ਜਾਵੇ।
ਅੰਨ੍ਹੇ ਖੂਹ ਦੀ ਕਥਾ
ਇਹੋ ਹੀ ਤੇ ਹੈ
ਜੋ ਇਸ ਵਿਚ ਉੱਤਰ ਜਾਵੇ
ਵਾਪਸ ਨਾ ਆਵੇ
ਮਨ ਠੇਡੇ ਖਾਵੇ
ਮੁੜ ਖੂਹ ਵਲ ਜਾਵੇ।
ਜਿਵੇਂ ਕੋਠੇ ਤੇ ਬੈਠੀ
ਕੋਈ ਸੱਜ ਸੰਵਰ ਕੇ
ਨਾ ਕਿਸੇ ਪ੍ਰੀਤਮ ਆਉਣਾ
ਨਾ ਕੋਈ ਚਾਅ ਹੈ ਉਹਦਾ
ਇਕ ਹਵਸ ਹੈ ਆਉਂਦੀ
ਪੱਥਰ ਨੂੰ ਰਗੜ ਕੇ
ਕੁਝ ਅੱਗ ਹੈ ਬਲਦੀ ਤੇ
ਬੁਝ ਜਾਂਦੀ।



## ਅਲਵਿਦਾ

ਅਲਵਿਦਾ!
ਇਕ ਨਿੱਕਾ ਜਿਹਾ ਸ਼ਬਦ ਹੈ
ਪਰ ਇਸਦੀ ਹੂਕ ਬੜੀ ਤਿੱਖੀ ਹੈ
ਤੁਸੀਂ ਵੇਖਿਆ ਹੋਵੇਗਾ ਉਹ ਦ੍ਰਿਸ਼
ਜਦ ਬਾਪ ਆਪਣੀ ਬੇਟੀ ਨੂੰ
ਅਲਵਿਦਾ ਆਖਦਾ ਹੈ
ਜਦ ਧੀ ਆਪਣੀ ਮਾਂ ਨੂੰ
ਭੈਣਾਂ ਤੇ ਵੀਰਾਂ ਨੂੰ
ਅਲਵਿਦਾ ਆਖਦੀ ਹੈ ਤੇ
ਨਿਮਾਣੀ ਜਿਹੀ
ਬਿਗਾਨੇ ਦੇਸ ਤੁਰ ਜਾਂਦੀ ਏ।
ਤੁਹਾਨੂੰ ਯਾਦ ਹੋਣਗੇ ਉਹ ਪਲ
ਜਦ ਤੁਸੀਂ ਆਪਣੇ ਦੋਸਤ ਤੋਂ
ਵਿਛੜੇ ਸੀ
ਯਾਰ ਦਾ ਪਿਆਰ
ਤੁਹਾਨੂੰ ਸਵੇਰ ਦੀ ਰੁਸ਼ਨਾਈ ਵਰਗਾ
ਲਗਦਾ ਸੀ,
ਉਹਦਾ ਨਿੱਘ ਉਹਦਾ ਸਾਥ

ਉਹਦੇ ਬੋਲਾਂ 'ਚੋਂ
ਆਪਣਾ ਅਕਸ ਵੇਖਦੇ ਸੀ
ਫਿਰ ਆਪਣੇ ਹੀ ਅਕਸ ਨੂੰ
ਭਰੀਆਂ ਅੱਖਾਂ ਨਾਲ
ਅਲਵਿਦਾ ਆਖਿਆ ਸੀ
ਕਈ ਦਿਨ ਤੁਹਾਨੂੰ ਆਪਣਾ ਆਪ
ਟੁੱਟਿਆ ਟੁੱਟਿਆ ਲੱਗਿਆ ਸੀ
ਕੁਝ ਗਵਾਚਾ ਗਵਾਚਾ
ਜਿਵੇਂ ਕਿਧਰੇ ਕੋਈ ਜ਼ਰੂਰੀ
ਚੀਜ਼ ਰਹਿ ਗਈ ਹੋਵੇ
ਜਿਸਨੂੰ ਚੁਕਣ ਦੀ ਤੁਹਾਡੇ ਹੱਥਾਂ ਨੂੰ
ਆਦਤ ਸੀ—
ਫਿਰ ਲੱਗਿਆ
ਦਿਲ ਦੇ ਕਿਸੇ ਖੂੰਜੇ 'ਚ
ਖਾਲੀਪਨ ਸੀ
ਉਹ ਕਿਉਂ ਸੀ ?
ਕਈ ਚਿਰ ਤੁਸੀਂ
ਪ੍ਰਸ਼ਨ ਚਿੰਨ੍ਹ ਬਣੇ ਰਹੇ ਸੀ,
ਫਿਰ ਅਲਵਿਦਾ ਦੇ ਅਰਥਾਂ ਦੀ
ਤੁਹਾਨੂੰ ਸਮਝ ਆ ਗਈ ਸੀ।



## ਅਰਥਾਂ ਦੇ ਨਾਗ

ਸ਼ਬਦਾਂ ਦੇ ਅਰਥ ਕਿੰਜ ਗਵਾਚ ਗਏ
ਹਾਦਸਿਆਂ ਦੇ ਹਜੂਮ 'ਚੋਂ ਲੰਘਦੇ
ਇਹ ਟੋਟੇ ਟੋਟੇ ਹੋ ਗਏ
ਇਸ ਕੱਚ ਦੀਆਂ ਕਿਰਚਾਂ ਚੁਣਦਿਆਂ
ਪੋਟੇ ਲਹੂ ਲੁਹਾਨ ਹੋ ਗਏ।
ਜ਼ਿੰਦਗੀ ਵਿਚ ਜਦ ਵੀ
ਲਫ਼ਜ਼ਾਂ ਦੇ ਅਰਥ ਲੱਭਣ ਤੁਰੀ
ਪੈਰਾਂ 'ਚ ਛਾਲੇ ਪੈ ਗਏ ਤੁਰਦਿਆਂ
ਸੋਚਾਂ ਨੂੰ ਕੜਵਲ ਪੈ ਗਏ।
ਹਰ ਵਾਰ ਇੰਜ ਲੱਭਦੀ ਲੱਭਦੀ
ਥੱਕਦੀ ਰਹੀ—ਤੁਰਦੀ ਰਹੀ—ਥੱਕਦੀ ਰਹੀ
ਫਿਰ ਹੋਸ਼ ਨਾ ਰਹੀ—
ਫਿਰ ਤੁਰੀ
ਤਾਂ ਅਰਥ ਨਾਗ ਵਾਂਗ ਲੜ ਗਏ

ਪਿੰਡੇ ਤੇ—ਮਨ ਤੇ।
ਕਦੀ ਜਦ ਕੋਈ ਅਰਥ, ਸ਼ਬਦ ਵਾਂਗ ਹੀ
ਰੌਸ਼ਨ ਲਗਿਆ,
ਉਸ ਰੌਸ਼ਨ ਅਰਥ ਦਾ ਮਣਕਾ
ਜਿਸਮ ਦੀ ਜ਼ਹਿਰ ਚੂਸਣ ਲਗਿਆ,
ਸਾਰੀਆਂ ਜ਼ਹਿਰਾਂ ਜੋ ਜਿਸਮ 'ਚ
ਵਲਿਅਸ ਰਹੀਆਂ ਸਨ
ਸਾਰੀਆਂ ਪੀੜਾਂ ਜੋ ਮਨ ਨੂੰ
ਪੱਛ ਰਹੀਆਂ ਸਨ
ਭੁੱਲ ਕੇ—ਅਰਥਾਂ ਦੇ ਜੰਗਲ ਵਿਚੋਂ
ਖ਼ੁਸ਼ਬੋ ਲੱਭਣ ਤੁਰ ਪਈ,
ਖ਼ੁਸ਼ਬੋ ਦੇ ਭੁਲੇਖੇ ਜਦ ਹੱਥ ਮਾਰਿਆ ਹਵਾ ਵਿਚ
ਫਿਰ ਅਰਥ ਨਾਗ ਵਾਂਗ ਲੜ ਗਏ
ਹਾਦਸਿਆਂ ਦੇ ਹਜੂਮ ਵਿਚ
ਉਹ ਚੂਰ ਚੂਰ ਹੋ ਗਏ।



## ਕਥਾ

ਇਕ ਰਾਜਿਆਂ ਮਹਾਰਾਜਿਆਂ ਦੀ ਕਥਾ ਸੀ :
ਆਪਣਾ ਦਿਲ ਬਹਿਲਾਉਣ ਲਈ ਉਹ
ਕੁਝ ਦਾਸੀਆਂ
ਕੁਝ ਚਹੇਤੀਆਂ
ਕੁਝ ਰਾਣੀਆਂ ਤੇ
ਕੁੱਲ ਨੂੰ ਵਧਾਉਣ ਲਈ
ਮਹਾਰਾਣੀਆਂ ਰਖਦੇ ਸਨ।
ਇਹ ਉਹਨਾਂ ਦਾ ਕਰਮ
ਸ਼ਰੇਆਮ ਸੀ
ਚਾਹੇ ਆਮ ਲੋਕਾਂ 'ਚ ਬਦਨਾਮ ਸੀ
ਪਰ ਸ਼ਾਹੀ ਦਸਤੂਰ ਤੋਂ ਡਰਦੀ
ਹਰ ਇਕ ਜ਼ੁਬਾਨ ਗੁਲਾਮ ਸੀ।
ਇਕ ਮਾਂ ਦੀ
ਇਕ ਬਾਪ ਦੀ
ਬੇਟੀ ਸੀ ਉਹ
ਹੰਝੂਆਂ ਵਿਚ ਲਪੇਟੀ ਸੀ ਉਹ
ਰਾਜ ਮਹਿਲਾਂ ਦੀ ਸ਼ਾਨ ਸੀ।
ਇਕ ਯੁਗ ਹੈ ਹੁਣ ਜਾਂਦਾ ਪਿਆ
ਮਸ਼ੀਨਾਂ ਦਾ ਯੁਗ
ਕਿਤਾਬਾਂ ਦਾ ਯੁਗ
ਕਲਾ ਦਾ ਯੁਗ
ਹਿਸਾਬਾਂ ਦਾ ਯੁਗ
ਇਸ ਯੁਗ ਦੇ ਹਰ ਦਫ਼ਤਰ ਵਿਚ

ਕੁਝ 'ਬਾਸ' ਹਨ
ਜੋ ਵੀਹਵੀਂ ਸਦੀ ਦੀ ਆਸ ਹਨ
ਰਾਜਿਆਂ ਦੇ ਕਰਮ ਨੂੰ ਨਿੰਦਦੇ ਪਏ।
ਪਰ ਉਹਨਾਂ ਦੀਆਂ ਕਲਮਾਂ ਵਿਚ
ਬੁਰਸ਼ਾਂ ਵਿਚ
ਰੰਗ ਗ਼ਲਤ ਜਿਹੇ ਭਰੇ ਪਏ ਤੇ
ਚਿਟੇ ਸ਼ਫਾਫ਼ ਚਿਹਰਿਆਂ ਨੂੰ
ਕਲਿਆਂਦੇ ਪਏ
ਦਫ਼ਤਰ ਦੇ ਬੰਦ ਬੂਹਿਆਂ ਪਿਛੇ
'ਕੱਲਾ ਬਾਸ ਹੈ ਬੈਠਾ ਹੁੰਦਾ,
ਇਕ ਜਿਸਮ ਹੈ ਟੁਟਦਾ ਪਿਆ
ਹਰ ਰੋਜ਼ ਹੀ
ਦਿਨ ਵਿਚ ਕਈ ਵਾਰ ਵੀ
ਕੁਝ ਧੋਖੇ ਵਿਚ
ਕੁਝ ਭੋਲੇਪਨ 'ਚ
ਕੁਝ ਨੌਕਰੀ ਲਈ
ਰੋਟੀ ਦੀ ਖ਼ਾਤਰ
ਕਈ ਜਿਸਮ ਨੇ ਟੁਟਦੇ ਪਏ
ਇਹ ਜਿਸਮ ਕੌਣ ਹਨ?
ਇਸ ਯੁਗ ਦੇ ਰਾਜਿਆਂ ਦੀਆਂ
ਮਹਾਰਾਜਿਆਂ ਦੀਆਂ
ਦਾਸੀਆਂ
ਚਹੇਤੀਆਂ ਤੇ
ਰਾਣੀਆਂ ਦੇ ਜਿਸਮ
ਮਹਾਰਾਣੀਆਂ ਕਦ ਆਜ਼ਾਦ ਹਨ?
ਦੋਸਤੋ! ਕਥਾ ਅਜੇ ਜਾਰੀ ਹੈ।



## ਰੋਹ

ਇਕ ਕਾਲੇ ਨਾਗ ਨੇ
ਮੇਰੇ ਘਰ 'ਚ ਬਣਾ ਲਈ ਵਰਮੀ
ਉਹ ਰੋਜ਼ ਰੁੱਡ 'ਚੋਂ ਨਿਕਲਦਾ
ਮੇਰੇ ਵਲ ਤੱਕ
ਝੂਮਦਾ ਤੇ ਜੀਭ ਕੱਢ ਕੇ ਹਸਦਾ।
ਕਿਸੇ ਆਖਿਆ ਮੈਨੂੰ,
ਤੂੰ ਕੱਚੀ ਲੱਸੀ ਦਾ ਛਿਟਾ ਦੇ
ਚਾਰ ਚੁਫੇਰੇ, ਹਰ ਕਮਰੇ 'ਚ
ਤੂੰ ਦੁੱਧ ਨਾਲ ਪੂਜਾ ਕਰ
ਇਸ ਗੁੱਗੇ ਦੀ
ਇਹਦੇ ਬਦਲੇ ਇਹ ਤੈਨੂੰ
ਸਾਰੇ ਸੁੱਖ ਦੇਵੇਗਾ,
ਤਨ ਦੇ
ਧਨ ਦੇ

ਸ਼ੋਹਰਤ ਦੇ
ਇਹਦੇ ਡੰਗਾਂ ਦੇ
ਤੇਰੇ ਜਿਸਮ ਤੇ
ਨੀਲ ਵੀ ਨਹੀਂ ਦਿਸਣਗੇ।
ਪਰ ਮੇਰਾ ਲਾਲ ਖ਼ੂਨ ਖੌਲਦਾ
ਨਹੀਂ ਇਹ ਨੀਲਾ ਨਹੀਂ ਹੋ ਸਕਦਾ
ਤਨ ਦੇ ਨੀਲਾਂ ਨੂੰ ਕੋਈ ਕਿੰਜ ਜਰੇ
ਮਨ ਦੇ ਮਾਰੂਥਲ 'ਚ ਭਟਕਦੇ
ਪੈਰਾਂ ਦੇ ਛਾਲਿਆਂ ਦਾ
ਜ਼ਹਿਰ ਵੀ ਨਾ ਪੀ ਸਕੇ
ਮੇਰੇ ਹੱਥਾਂ ਵਿਚ ਰੋਹ ਜਾਗਿਆ
ਉਹਨਾਂ ਇਕੋ ਪਲ 'ਚ
ਵਰਮੀ ਢਾਹ ਦਿਤੀ
ਕਾਲਾ ਨਾਗ ਢੱਠਾ ਘਰ ਵੇਖ ਆਪਣਾ
ਪਤਾਲੀਂ ਹੀ ਧਸ ਗਿਆ।



## ਚਮਚੇ ਤੇ ਕੜਛੀਆਂ

ਕੁਝ ਚਮਚੇ
ਕੁਝ ਕੜਛੀਆਂ
ਅਜ ਖੜਕੀਆਂ।
ਵੱਡਾ ਸਾਹਬ ਦਫ਼ਤਰ ਵਿਚੋਂ
ਬਦਲ ਰਿਹਾ ਸੀ
ਇਸ ਸਾਹਬ ਦੇ ਸਮੇਂ ਦੌਰਾਨ
ਬਹੁਤੇ ਜੀਅ ਉਦਾਸ ਸਨ
ਕੁਝ ਅੱਥਰੇ ਜਿਹੇ ਕਦੀ ਕਦੀ
ਗੱਜਦੇ ਸਨ ਵੱਜਦੇ ਸਨ
ਪਰ ਬੇਬਸੀ ਦਾ ਕਾਨੂੰਨ
ਬੁੱਲ੍ਹ ਸੀਅ ਦੇਂਦਾ ਸੀ
ਕੇਵਲ ਚਮਚੇ ਤੇ ਕੜਛੀਆਂ
ਸਦਾ ਖੜਕਦੇ ਸਨ
ਖੜਕਦੀਆਂ ਸਨ।
ਇਸ ਸਾਹਬ ਨੂੰ ਆਦਤ ਸੀ
ਹਰ ਚਮਚੇ ਨਾਲ ਖਾਣ ਦੀ

ਹਰ ਕੜਛੀ ਨਾਲ
ਆਪਣੇ ਘਰ ਦੀ ਸਬਜ਼ੀ ਪਕਾਣ ਦੀ
ਅੱਜ ਜਦ
ਬਹੁਤਿਆਂ ਹੋਠਾਂ 'ਤੇ
'ਮੁਬਾਰਕ' ਸ਼ਬਦ ਆ ਰਿਹਾ ਸੀ
ਬਹੁਤੀਆਂ ਅੱਖਾਂ 'ਚ
ਸਕੂਨ ਛਾ ਰਿਹਾ ਸੀ
ਫਿਰ ਚਮਚੇ ਤੇ ਕੜਛੀਆਂ
ਕਿਉਂ ਖੜਕੀਆਂ?
ਸੁਣਿਆ ਹੈ ਜਿਹੜਾ
ਨਵਾਂ ਸਾਹਬ ਆ ਰਿਹੈ
ਉਹ ਚਮਚਿਆਂ ਦੇ ਖੜਾਕ ਨੂੰ
ਪਸੰਦ ਨਹੀਂ ਕਰਦਾ
ਘਰ ਸਬਜ਼ੀ ਪਕਾਣ ਲਈ
ਬੇਗਾਨੀ ਕੜਛੀ ਦੀ ਵਰਤੋਂ ਨਹੀਂ ਕਰਦਾ
ਇਸੇ ਲਈ ਆਖ਼ਰੀ ਵਾਰ ਅੱਜ
ਖੜਕੇ ਤੇ ਖੜਕੀਆਂ
ਚਮਚੇ ਤੇ ਕੜਛੀਆਂ।



## ਰਾਖ

(1971 ਹਿੰਦੁਸਤਾਨ-ਪਾਕਿਸਤਾਨ ਜੰਗ ਵਿਚ 'ਸ਼ਹੀਦ' ਹੋ ਜਾਣ ਵਾਲੇ ਸੂਰਬੀਰਾਂ ਦੀਆਂ ਉਡੀਕਦੀਆਂ—ਪਲ ਪਲ ਉਹਨਾਂ ਦੀ ਲੰਮੀ ਉਮਰ ਦੀ ਦੁਆ ਕਰਦੀਆਂ ਪਤਨੀਆਂ ਨੂੰ ਸਮਰਪਤ, ਜਿਹਨਾਂ ਨੂੰ ਉਹਨਾਂ ਦੇ ਸ਼ਹੀਦ ਪਤੀਆਂ ਦੀਆਂ ਅਸਥੀਆਂ 1972 ਵਿਚ ਵਾਪਸ ਕਰਕੇ ਭਾਰਤ ਸਰਕਾਰ ਵੱਲੋਂ ਸਨਮਾਨਿਆ ਗਿਆ)

ਇਹ ਅਸਥੀਆਂ ਮੇਰੇ ਮਹਿਬੂਬ ਦੀਆਂ ਨੇ
ਇਹ ਰਾਖ ਮੇਰੇ ਪਿਆਰ ਦੀ ਏ
ਤੂੰ ਦਗਾਬਾਜ਼ ਤੇ ਨਹੀਂ ਹੋ ਸਕਦਾ
ਤੂੰ ਆਖਦਾ ਸੈਂ
ਚੰਨੀਏ! ਮੈਂ ਆਇਆ ਕਿ ਆਇਆ
ਸਾਲ ਦੇ ਦਿਨ ਕੇਵਲ ਤਿੰਨ ਸੌ ਪੈਂਹਠ
ਗਿਣੀ ਨਾ ਤੇ ਬੀਤ ਜਾਣਗੇ।
ਮੈਂ ਸੱਚ ਮੰਨਿਆ
ਮੈਂ ਗਿਣਤੀ ਵੀ ਭੁੱਲ ਗਈ
ਮੈਂ ਬੁੱਲ੍ਹਾਂ ਨੂੰ ਕੱਟ ਲਿਆ
ਮੈਂ ਹੰਝੂਆਂ ਨੂੰ ਠੱਲ੍ਹ ਲਿਆ
ਮੈਂ ਕਾਂਗਾਂ 'ਚੋਂ ਬਚ ਗਈ
ਮੈਂ ਨੇਰ੍ਹਿਆਂ 'ਚੋਂ ਉੱਠ ਪਈ
ਇਕ ਚਾਨਣ ਦੀ ਖ਼ਾਤਰ
ਜੋ ਮੇਰੇ ਦਿਲ ਵਿਚ
ਹਮੇਸ਼ਾ ਜਗਦਾ ਸੀ
ਜਿਵੇਂ ਦੀਪਕ 'ਚ ਲੋਅ!
ਹਨੇਰੀਆਂ ਜੁ ਝੁੱਲੀਆਂ
ਤੂਫ਼ਾਨ ਜੁ ਆ ਗਏ
ਤੁਸੀਂ ਬਣ ਕੇ ਸੂਰਮੇ

ਮੈਦਾਨਾਂ 'ਚ ਆ ਗਏ
'ਦੁਸ਼ਮਣਾਂ' ਤੇ ਛਾ ਗਏ
ਕਈ ਉਹਨਾਂ ਦੇ ਚਲੇ ਗਏ
ਫਿਰ ... ... ਫਿਰ ਅੜਿਆ
ਤੂੰ ਵੀ ਚਲਾ ਗਿਉਂ
ਇਕ ਉਲਾਂਭਾ ਮੇਰੇ—
ਹੋਠਾਂ 'ਤੇ ਵਿਗਸਿਆ,
ਤੂੰ ਆਖਦਾ ਸੈਂ ਜ਼ਾਲਮਾਂ
ਮੈਂ ਅਗਲੇ ਸਾਲ ਆਵਾਂਗਾ
... ਜਿਸ ਦਿਨ ਤੂੰ ਗਿਆ ਸੈਂ
ਬਿਲਕੁਲ ਉਸੇ ਦਿਨ ਮੈਨੂੰ
ਤੇਰੀਆਂ ਅਸਥੀਆਂ ਤੇਰੀ ਰਾਖ
ਮਿਲਦੀ ਪਈ ਏ,
ਇਹਨਾਂ ਵਿਚ ਤੇਰੇ ਜਿਸਮ ਦੀ
ਮਹਿਕ ਤੇ ਨਹੀਂ
ਇਹ ਕੌਣ ? ਇਹ ਕਿਸਦੀਆਂ ?
ਮੈਂ ਖ਼ਿਆਲਾਂ 'ਚ ਉਲਝ ਗਈ ਫਿਰ
ਚੁੱਪਚਾਪ ਇਹਨਾਂ ਨੂੰ ਫੜ ਲਿਆ
ਜੇ ਤੇਰੀਆਂ ਨਹੀਂ
ਸ਼ਾਇਦ 'ਓਧਰਲੇ' ਹੀ ਕਿਸੇ ਬਹਾਦਰ ਦੀਆਂ ਹੋਣ
ਉਹ ਵੀ ਲਾਰਾ ਲਾ ਕੇ
ਸੱਜਣੀ ਨੂੰ ਆਇਆ ਹੀ ਹੋਵੇਗਾ
ਮੈਂ ਮੱਥ ਨੂੰ ਛੋਹ ਕੇ
ਇਹਨਾਂ ਨੂੰ ਰੱਖ ਲਿਆ।



## ਜਵਾਬ

(ਫ਼ੌਜੀ ਜਵਾਨਾਂ ਤੇ ਉਹਨਾਂ ਦੇ ਪਿਆਰਿਆਂ ਨੂੰ ਸਮਰਪਤ)

ਉਸ ਬਾਪ ਨੂੰ ਖੁਸ਼ਕਿਸਮਤ ਕਹਾਂ
ਜਿਹਦੇ ਬੇਟੇ ਨੇ ਹੱਸ ਕੇ ਗੋਲੀ ਖਾਧੀ
ਦੇਸ ਦੀ ਖ਼ਾਤਰ
ਕਿ ਪੇਟ ਦੀ ਖ਼ਾਤਰ
ਉਸ ਮਾਂ ਨੂੰ ਵੀਰਾਂਗਣਾ ਕਹਾਂ
ਜਿਹਦੀ ਕੁਖ ਜਲ ਗਈ
ਦੇਸ ਦੀ ਖ਼ਾਤਰ
ਕਿ ਫਰਜ਼ ਦੀ ਖ਼ਾਤਰ ... ... ?
ਉਸ ਅੰਞਾਣੀ ਨੂੰ ਕੀ ਕਹਾਂ
ਜਿਹੜੀ ਪੁਛਦੀ ਮੈਥੋਂ
ਮੇਰਾ ਵੀਰਾ ਕਿੱਥੇ ?
ਮੇਰੀ ਰੱਖੜੀ ਨਾ ਟੁੱਟੇ ... ... !
ਉਹਨਾਂ ਨਿੰਦਰਾਏ ਨੈਣਾਂ ਦਾ ਕੀ ਜਵਾਬ
ਜਿਹਨਾਂ ਅੱਖਾਂ ਵਿਛਾਈਆਂ
ਜਿਹਨਾਂ ਔਸੀਆਂ ਪਾਈਆਂ
ਉਹਦੇ ਔਣ ਦੀ ਖ਼ਾਤਰ।
ਸਾਥੋਂ ਬਣਿਆਂ ਜੁ ਸਰਿਆ
ਇਕ ਸਿਲਾਈ ਮਸ਼ੀਨ
ਤੇ ਹਜ਼ਾਰ ਰੁਪਿਆ
ਉਸ ਸ਼ਹੀਦ ਦੀ ਖ਼ਾਤਰ।

1972

(1971 ਦੀ ਹਿੰਦੁਸਤਾਨ—ਪਾਕਿਸਤਾਨ ਜੰਗ ਖ਼ਤਮ ਹੋਣ ਤੇ ਇਸ ਜੰਗ ਵਿਚ ਸ਼ਹੀਦ ਹੋਏ ਸਿਪਾਹੀਆਂ ਦੇ ਰਿਸ਼ਤੇਦਾਰਾਂ ਨੂੰ ਭਾਰਤ ਸਰਕਾਰ ਵਲੋਂ ਸਿਲਾਈ ਮਸ਼ੀਨਾਂ ਸਹਾਇਤਾ ਵਜੋਂ ਦਿੱਤੀਆਂ ਗਈਆਂ ਤਾਂ ਜੋ 'ਸ਼ਹੀਦੀ ਦੀ ਕੁਝ ਲਾਜ' ਤਾਂ ਸਾਡੀ ਸਰਕਾਰ ਰਖ ਸਕੇ।)

# ਮਿੱਟੀ ਦੀ ਮਹਿਕ

ਜਿੱਥੇ ਮੇਰਾ ਘਰ ਹੋਵੇਗਾ
ਉਹ ਮੇਰਾ ਦੇਸ ਨਹੀਂ ਹੋਵੇਗਾ
ਇਹ ਕਦੀ ਸੋਚਿਆ ਨਹੀਂ ਸੀ ਮੈਂ।
ਆਪਣੇ ਇਸ ਘਰ 'ਚ
ਜ਼ਿੰਦਗੀ ਦੇ ਸਭ ਸੁੱਖ ਮੁਹੱਈਆ ਨੇ
ਸੁੱਖ ਜੁ ਸਾਡੀਆਂ ਇਛਾਵਾਂ ਸੋਚਦੀਆਂ ਹਨ :
ਤੁਰੀਏ ਤਾਂ ਪੈਰ ਜ਼ਿੰਮੀ ਨੂੰ ਨਾ ਛੋਹਣ
ਚਾਰੇ ਪਾਸੇ ਖ਼ੂਬਸੂਰਤੀ ਦੀ ਧੁੱਪ ਚੜ੍ਹੀ ਹੋਵੇ
ਹਰ ਜੀਅ ਦਾ ਆਪਣਾ ਵਾਤਾਨੁਕੂਲ ਕਮਰਾ
ਕਮਰੇ ਵਿਚ ਸੱਜੀ ਈਜਾਦ ਹੋਈ ਹਰ ਨਵੀਂ ਮਸ਼ੀਨ
ਜੁ ਮਨੁੱਖ ਨੂੰ ਸੁੱਖ ਦੇ ਸਕੇ,
ਅਰਾਮ ਲਈ ਨਰਮ ਬਿਸਤਰ ਤੇ
ਇਛਾਵਾਂ ਦਾ ਤਾਂ ਕੋਈ ਪਾਰਾਵਾਰ ਨਹੀਂ...
ਸੋਚਾਂ ਜਦ ਇਹ ਸਾਡਾ ਘਰ ਹੈ
'ਆਪਣਾ' ਜਿਸਨੂੰ ਕਹਿ ਸਕਦੇ ਹਾਂ;
ਜਿਸ ਲਈ ਮਹੀਨੇਵਾਰ ਕਿਰਾਇਆ ਨਹੀਂ ਦੇਣਾ ਪੈਂਦਾ



ਘਰ ਵਿਚ ਪਰਤਦਿਆਂ ਮਕਾਨ ਮਾਲਕ ਦੀਆਂ
ਟੇਢੀਆਂ ਨਜ਼ਰਾਂ ਤੋਂ ਨਹੀਂ ਬਚਣਾ ਪੈਂਦਾ
ਆਪਣੇ ਘਰ ਵਿਚ ਮਰਜ਼ੀ ਨਾਲ ਤੁਰ ਸਕਦੇ ਹਾਂ
ਆਜ਼ਾਦੀ ਵਿਚ ਸਾਹ ਲੈ ਸਕਦੇ ਹਾਂ
ਪਰ ਸਾਹ ਲੈਂਦਿਆਂ ਜਿਹੜੀ ਹਵਾ
ਸਾਡੇ ਅੰਦਰ ਜਾਂਦੀ ਏ
ਉਹ ਮੇਰੇ ਦੇਸ ਦੀ ਤੇ ਨਹੀਂ
ਹਿੰਦੁਸਤਾਨ ਤੋਂ ਪਰਤਦਿਆਂ
ਆਪਣੇ ਪਿਆਰੇ ਘਰ ਵਿਚ ਆ ਕੇ ਸੋਚਣਾ
"ਜੋ ਸੁਖ ਛੱਜੂ ਦੇ ਚੁਬਾਰੇ ..."
ਇਸ ਸਚਾਈ ਦੇ ਅਰਥ
ਕੰਬਦੇ ਨਜ਼ਰ ਆਉਂਦੇ ਹਨਤੇ
ਬਦਲਦੇ
ਮਨ ਤੇ ਕਿਸੇ ਦਰਦ ਦੀਆਂ
ਛਮਕਾਂ ਮਾਰਦੇ
ਫਿਰ ਨਰਮ ਬਿਸਤਰ ਤੇ ਨੀਂਦ ਆ ਜਾਂਦੀ ਏ
ਸੁਪਨੇ ਰੇਗਿਸਤਾਨਾਂ ਵਿਚ ਭਟਕਣ ਲਗਦੇ ਨੇ
ਸੱਸੀ ਦੇ ਲਹੂ ਲੁਹਾਨ ਪੈਰਾਂ ਵਰਗੇ ਪੈਰ ਲੈ ਕੇ।

# ਅਮਰ ਜਿਉਤੀ ਦਾ ਕਾਵਿ ਸਫ਼ਰ : ਕੁਝ ਵਿਚਾਰ

ਅਮਰ ਜਿਉਤੀ ਦੀ ਕਵਿਤਾ ਵਿਚ ਮਹਿਬੂਬ ਜਾਂ ਮਰਦ ਸਮਾਜ ਤੋਂ ਡਰਦਾ ਹੈ, ਉਹ ਵੱਡੇ ਵੱਡੇ ਦਾਅਵੇ ਤਾਂ ਕਰ ਬੈਠਦਾ ਹੈ ਪਰ ਦੋ ਚਾਰ ਕਦਮ ਟੁਰ ਦੇ ਹੰਭ ਜਾਂਦਾ ਹੈ ਤੇ ਸਭ ਕੁਝ ਪਰਦੇ ਉਹਲੇ ਕਰਨਾ ਚਾਹੁੰਦਾ ਹੈ, ਅਜਿਹੇ ਮਰਦ ਨੂੰ ਉਹ 'ਟੂਰਿਸਟ' ਕਵਿਤਾ ਵਿਚ ਬਿਆਨ ਕਰਦੀ ਹੈ ਜਾਂ 'ਧੁੱਪ ਤੇ ਸੇਕ' ਵਿਚ ਲਿਖਦੀ ਹੈ— ਅਮਰ ਜਿਉਤੀ ਦੀ ਕਵਿਤਾ ਵਿਚ ਸਾਦਗੀ ਹੈ, ਕੱਚੇ ਦੁਧ ਕੀ ਖ਼ੁਸ਼ਬੋ ਹੈ ਤੇ ਦਿਲਚਸਪ ਅਲੰਕਾਰ ਝਾਕਦੇ ਹਨ।

**— ਬਲਵੰਤ ਗਾਰਗੀ**

* * * * *

ਉਹਨਾਂ ਤਮਾਮ ਜਜ਼ਬਿਆਂ ਨੂੰ ਲਫ਼ਜ਼ਾਂ ਦੇ ਰੰਗਾਂ ਵਿਚ ਚਿਤਰਨਾ ਜਿਹੜੇ ਹੁਣ ਤਕ ਆਪਣੀ ਐਬਸਟਰੈਕਟ ਹੋਂਦ ਵਿਚ ਤੁਹਾਨੂੰ ਘਾਇਲ ਜਾਂ ਪਾਮਾਲ ਤਾਂ ਕਰਦੇ ਰਹੇ ਹਨ, ਪਰ ਜਿਹਨਾਂ ਦੇ ਨੈਣ ਨਕਸ਼ ਨਜ਼ਰ ਨਹੀਂ ਸਨ ਆਉਂਦੇ। ਪਹਿਲੀ ਵਾਰ ਕਿਸੇ ਨੇ ਸ਼ਬਦਾਂ ਰਾਹੀਂ ਡਰ ਨੂੰ, ਸਟ੍ਰੈੱਸ ਨੂੰ, ਰੋਹ ਨੂੰ ਸਾਹਮਣੇ ਖੜਿਆਂ ਕਰ ਦਿਤਾ ਹੈ। ਇਸ ਤੋਂ ਬਿਨਾਂ ਉਸਨੂੰ ਅੱਜ ਦੀ ਤਕਨੀਕੀ ਦੁਨੀਆਂ ਦੀ ਸਮਝ ਤੇ ਉਹਦਾ ਬਿਆਨ ਕਰਨਾ ਆਉਂਦਾ ਹੈ। ਏਸੇ ਕਰਕੇ ਅਮਰ ਜਿਉਤੀ ਦੀਆਂ ਨਜ਼ਮਾਂ ਰਾਹੀਂ ਤੁਹਾਨੂੰ ਸਮੁੰਦਰਾਂ ਵਿਚ ਹੋ ਰਹੇ ਐਟਾਮਿਕ ਟੈਸਟਾਂ ਤੋਂ ਲੈ ਕੇ ਬੋਸਨੀਆ ਦੇ ਕਤਲੇ-ਆਮ ਤਕ ਨਾਲ, ਸਿਰਫ਼ ਪਛਾਣ ਹੀ ਨਹੀਂ ਹੋਵੇਗੀ, ਸਗੋਂ ਉਹ ਤੁਹਾਨੂੰ ਇਹਨਾਂ ਹਾਦਸਿਆਂ ਦਾ ਹਿੱਸਾ ਵੀ ਬਣਾ ਦੇਣਗੀਆਂ।

**— ਅਜੀਤ ਕੌਰ**
ਦਿੱਲੀ

* * * * *

ਅਮਰ ਜਿਉਤੀ ਦੀ ਪ੍ਰੌਢ-ਚੇਤਨਾ ਉਸਨੂੰ ਅਜੋਕੇ-ਸੰਸਾਰ ਦੀਆਂ ਠੋਸ ਸਮੱਸਿਆਵਾਂ ਦੇ ਰੂ-ਬ-ਰੂ ਵੀ ਕਰਦੀ ਹੈ। ਪੰਜਾਬ ਦੀ ਤ੍ਰਾਸਦੀ ਬਾਰੇ ਉਸਦੀਆਂ ਦੋ ਬਹੁਤ ਪ੍ਰਭਾਵਸ਼ਾਲੀ ਨਜ਼ਮਾਂ ਹਨ— 'ਕੋਈ ਸੂਰਜ ਚੋਰੀ ਲੈ ਗਿਆ' ਅਤੇ 'ਸੱਦੋ ਅੱਜ ਬੁਲ੍ਹਾ ਸਈਓ' ਸ਼ਾਇਰਾ ਨੂੰ ਦੁੱਖ ਹੈ ਕਿ ਧਰਮ ਦੇ ਕੁਰਾਹੇ ਪੈਣ ਕਾਰਨ ਉਸਦੀ ਪਿਆਰੀ ਧਰਤੀ ਨੂੰ ਤੁਅੱਸਬ ਦਾ ਨਾਗ ਲੜ ਗਿਆ ਹੈ। ਜੇ ਅੰਮ੍ਰਿਤਾ ਪ੍ਰੀਤਮ ਨੇ ਦੇਸ਼ ਦੀ ਵੰਡ ਦੇ ਦੁਖਾਂਤ ਸਮੇਂ 'ਵਾਰਿਸ ਸ਼ਾਹ' ਨੂੰ ਆਵਾਜ਼ ਮਾਰੀ ਸੀ ਤਾਂ ਅਮਰ ਜਿਉਤੀ 'ਬੁਲ੍ਹੇ ਸ਼ਾਹ' ਨੂੰ ਸੱਦਣ ਲਈ ਆਖਦੀ ਹੈ। ਅਮਰ ਜਿਉਤੀ ਭਾਵੇਂ ਖੁਲ੍ਹੀ ਕਵਿਤਾ ਲਿਖੇ ਜਾਂ ਛੰਦਬਧ, ਉਸਦੀ ਰਚਨਾ ਵਿਚ ਸੰਗੀਤਾਮਕਤਾ ਤੇ ਲੈਅ ਬਣੀ ਰਹਿੰਦੀ ਹੈ। ਆਪਣੀ ਕਵਿਤਾ ਦੇ ਪਿੰਡੇ ਨੂੰ ਸੂਖਮ ਬਣਾਈ ਰੱਖਣ ਲਈ ਉਹ ਪ੍ਰਾਕਿਰਤਕ ਬਿੰਬਾਵਲੀ-ਸਾਵਣ ਦੀ ਰੁੱਤ, ਬੱਦਲ, ਮੋਰ, ਕੋਇਲ, ਖੇੜੇ ਦੇ ਪ੍ਰਤੀਕ ਗਿੱਧੇ, ਤੀਆਂ, ਪੀਘਾਂ, ਪਿਆਰ ਕਹਾਣੀਆਂ



ਅਤੇ ਮਿਥਿਕ ਹਵਾਲਿਆਂ ਦੀ ਵਰਤੋਂ ਕਰਦੀ ਹੈ। ਪਰ ਉਸਦੇ ਬਿਆਨ ਵਿਚ ਰਵਾਇਤੀਪੁਣਾ ਕਿਤੇ ਨਹੀਂ, ਉਹਦਾ ਅੰਦਾਜ਼ ਅਸਲੋਂ ਮੌਲਿਕ ਹੈ। ਔਰਤ ਦੀ ਤ੍ਰਾਸਦੀ ਨੂੰ ਬਿਆਨਣ ਸਮੇਂ ਉਹ ਮਹਿਜ਼ ਰੁਦਨ ਦੀ ਸੁਰ ਹੀ ਨਹੀਂ ਅਲਾਪਦੀ, ਸਗੋਂ ਇਕ ਪ੍ਰਬੁੱਧ ਵਿਅਕਤੀ ਵਜੋਂ ਉਹ ਸਵੈ-ਭਰੋਸੇ ਨਾਲ ਗੱਲ ਕਰਦੀ ਹੈ। ਸ਼ਾਇਰਾ ਕੇਵਲ ਔਰਤ ਦੀ ਸਮੱਸਿਆ ਤਕ ਹੀ ਸੀਮਤ ਨਹੀਂ ਰਹਿੰਦੀ ਉਹ ਸਮੁੱਚੀ ਜ਼ਿੰਦਗੀ ਨੂੰ ਕਲਾਵੇ ਵਿਚ ਲੈਂਦੀ ਹੈ। ਸ਼ਾਇਰਾ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ, ਔਰਤ ਨੂੰ ਉਸਦੀ ਸ਼ਖ਼ਸੀਅਤ ਪ੍ਰਦਾਨ ਕਰਨ, ਸਮਕਾਲੀ ਸੰਸਾਰ ਨੂੰ ਧਰਮ ਨਸਲ ਤੇ ਜ਼ਬਾਨ ਦੀਆਂ ਦੀਵਾਰਾਂ ਤੇ ਗੁਲਾਮੀ ਦੇ ਬੰਧਨਾਂ ਤੋਂ ਮੁਕਤ ਕਰਨ ਅਤੇ ਵਣਿਜ-ਪ੍ਰਵਰਿਤੀ ਦੇ ਪਾਸਾਰ ਦੀ ਥਾਂ ਚਾਨਣ ਬਿਖੇਰਨ ਦੀ ਲੋਚਾ ਕਰਦੀ ਹੈ। ਇੰਜ ਉਹ ਵਿਸ਼ਾਲ ਮਾਨਵਵਾਦੀ ਦ੍ਰਿਸ਼ਟੀ ਵਾਲੀ ਲੇਖਕਾ ਵਜੋਂ ਉਭਰਦੀ ਹੈ।

**— ਡਾ. ਰਘਬੀਰ ਸਿੰਘ**
(ਸਿਰਜਣਾ) ਚੰਡੀਗੜ੍ਹ

* * * * *

ਇਕ ਸ਼ਾਇਰਾ ਵਜੋਂ ਸਮਕਾਲੀ ਪੰਜਾਬੀ ਕਵਿਤਾ ਵਿਚ ਅਮਰ ਜਿਉਤੀ ਸੱਜਰੇ ਅਤੇ ਸੰਤੁਲਿਤ ਕਾਵਿ-ਅਨੁਭਵ ਵਾਲੀ ਸ਼ਾਇਰੀ ਸਿਰਜਦੀ ਹੈ। ਇਸ ਕਵਿਤਾ ਨੂੰ ਪਰਵਾਸੀ ਅਤੇ ਨਾਰੀ-ਕਾਵਿ ਦੇ ਘੇਰੇ ਤਕ ਸੀਮਤ ਨਹੀਂ ਕੀਤਾ ਜਾ ਸਕਦਾ। ਉਸਦੀ ਕਵਿਤਾ ਸਮਕਾਲੀ ਪੰਜਾਬੀ ਕਾਵਿ ਸਿਰਜਣਾ ਦੇ ਨਵੇਂ ਅਤੇ ਨਵੇਕਲੇ ਸਰੋਕਾਰਾਂ ਨੂੰ ਆਪਣੇ ਵਿਚ ਸਮੋਕੇ ਅਜਿਹੀਆਂ ਮਾਨਵੀ ਸਥਿਤੀਆਂ ਨੂੰ ਪੇਸ਼ ਕਰਦੀ ਹੈ, ਜਿਥੇ ਦੱਬਿਆ ਘੁੱਟਿਆ ਮਨੁੱਖ, ਮਨੁੱਖੀ ਸਵੈ ਦੀ ਖ਼ਾਮੋਸ਼ ਮੁਦਰਾ ਨੂੰ ਆਪਣੀ ਪਰੰਪਰਕ ਖੜੋਤ ਤੋਂ ਨਾਬਰ ਹੋ ਕੇ ਆਪਣੇ ਸੱਚ ਨੂੰ ਜੱਗ ਜ਼ਾਹਰ ਕਰਨਾ ਲੋਚਦਾ ਹੈ।

ਇਸੇ ਕਰਕੇ ਇਹ ਕਵਿਤਾ ਮਨੁੱਖੀ ਸੱਚ ਦੇ ਜੀਵੰਤ ਰੂਪ ਵਿਚ ਮਹਿਸੂਸ ਹੋ ਰਹੇ ਪ੍ਰਵਚਨਾਂ ਦਾ ਨਿਰਮਾਣ ਕਰਦੀ ਹੈ। ਇਹ ਕਵਿਤਾ ਉਹਨਾਂ ਸੰਕਟਾਂ, ਤਣਾਓ, ਦਮਨ ਦੀਆਂ ਵਿਧੀਆਂ ਨੂੰ ਉਜਾਗਰ ਕਰਦੀ ਹੈ ਜੋ ਮਨੁੱਖ ਅਤੇ ਉਸਦੇ ਦਵਾਲੇ ਪਸਰੀ ਕਾਇਨਾਤ ਦੇ ਅਨੇਕ ਸੰਦਰਭਾਂ ਵਿਚ ਮੌਜੂਦ ਹਨ। ਅਮਰ ਜਿਉਤੀ ਦੀ ਕਵਿਤਾ ਆਪਣੇ ਆਪ ਨੂੰ ਪਰਵਾਸੀ ਕਵਿਤਾ ਅਤੇ ਨਾਰੀਵਾਦੀ ਕਵਿਤਾ ਦੇ ਚੌਖਟੇ ਤੋਂ ਅਗਾਂਹ ਲਿਜਾਕੇ ਅਜਿਹਾ ਮੁਹਾਂਦਰਾ ਅਖ਼ਤਿਆਰ ਕਰ ਲੈਂਦੀ ਹੈ ਜਿਸ ਦੀ ਪ੍ਰਵਚਨ ਵਿਧੀ ਮਨੁੱਖ ਦੇ ਅਸੰਤੁਲਿਤ ਵਿਹਾਰ ਦੇ ਦਮਨਕਾਰੀ ਸੰਦਰਭਾਂ ਨੂੰ ਸੰਤੁਲਿਤ ਅਤੇ ਮਾਨਣਯੋਗ ਮਾਨਵੀਹੋਂਦ ਵਿਚ ਬਦਲਣ ਲਈ ਸਰਗਰਮ ਹੈ। ਨਿਰਸੰਦੇਹ ਅਮਰ ਜਿਉਤੀ ਦੀ ਕਾਵਿ ਸੰਵੇਦਨਾ ਪੰਜਾਬੀ ਕਵਿਤਾ ਨੂੰ ਨਵੇਂ ਰੰਗ ਅਤੇ ਅੰਦਾਜ਼ ਪਰਦਾਨ ਕਰਦੀ ਹੈ।

**— ਡਾ. ਦੀਪਕ ਮਨਮੋਹਨ ਸਿੰਘ**
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

* * * * *

ਅਮਰ ਜਿਉਤੀ ਦੇ ਜਦੋਂ ਅਸੀਂ ਸਮੁੱਚੇ ਕਾਵਿ ਨੂੰ ਵੇਖਦੇ ਹਾਂ ਤਾਂ ਉਸ ਵਿਚ ਵਿਕਾਸ ਦਾ ਉਹ 'ਵਰਟੀਕਲ' ਰੂਪ ਵੀ ਹੈ ਪਰ 'ਹੌਰੀਜੈਂਟਲ' ਰੂਪ ਵਧੇਰੇ ਹੈ। ਉਹ ਆਪਣੀ ਬਹੁਤ ਸਾਰੀ ਕਵਿਤਾ ਵਿਚ ਵਿਦੇਸ਼ਾਂ ਵਿਚਲੇ ਆਪਣੇ ਅਨੁਭਵਾਂ ਨੂੰ ਬਿਆਨ ਕਰਦੀ ਹੈ। ਕਿਤੇ ਉਹ ਕਵਿਤਾ ਡਾਇਸਪੋਰਾ ਅਨੁਭਵ ਵਿਚੋਂ ਲਿਖਦੀ ਹੈ, ਕਿਤੇ ਉਥੋਂ ਦੇ ਸਮਾਜ ਦੀਆਂ ਗੁੰਝਲਾਂ ਜਾਂ ਅਤਿ ਆਧੁਨਿਕ ਸਮਾਜ ਦੀ ਮਾਨਸਿਕਤਾ ਨੂੰ ਬਿਆਨ ਕਰਦੀ ਹੈ, ਕਿਧਰੇ ਉਸਦੀ ਸਿਮਰਤੀ ਵਿਚ ਪੰਜਾਬ, ਪੰਜਾਬ ਦਾ ਸੰਕਟ ਤੇ ਪੰਜਾਬ ਦੇ ਬਿੰਬ ਜਾਗਦੇ ਹਨ ਤੇ ਕਿਤੇ ਰਿਸ਼ਤੇ-ਨਾਤਿਆਂ ਦਾ ਹੋਰ ਸੰਸਾਰ। ਕਾਵਿ ਵਿਕਾਸ ਦੇ ਨਾਲ ਨਾਲ ਉਸ ਵਿਚ ਇਕ ਵਿਸਥਾਰ ਆਉਂਦਾ ਜਾਂਦਾ ਹੈ। ਅਗਲੇਰੇ ਪੜਾਵਾਂ ਦੇ ਨਾਲ-ਨਾਲ ਉਹ ਇਸ ਵਿਸਥਾਰ ਵਲ ਰੁਚਿਤ ਰਹਿੰਦੀ ਹੈ। ਇਸੇ ਲਈ ਉਹਦੀ ਕਵਿਤਾ ਵਿਚ ਕੁਝ ਵਿਚਾਰਾਂ ਦਾ ਸਹਿਜੇ ਹੀ ਦੁਹਰਾਅ ਵੀ ਆ ਜਾਂਦਾ ਹੈ। ਇਸੇ ਲਈ ਮੈਂ ਉਹਦੀ ਕਵਿਤਾ ਨੂੰ ਵਰਟੀਕਲ ਦੇ ਨਾਲ-ਨਾਲ ਹੌਰੀਜੈਂਟਲ ਰੂਪ ਵਿਚ ਵੀ ਵੇਖਿਆ ਹੈ।

ਅਮਰ ਜਿਉਤੀ ਅਜਿਹੀ ਸ਼ਾਇਰਾ ਹੈ ਜੋ ਲਗਾਤਾਰ ਕਵਿਤਾ ਨਾਲ ਜੁੜੀ ਰਹੀ ਹੈ ਤੇ ਉਸਨੇ ਹੋਰ ਵਾਰਤਕ ਅਤੇ ਖੋਜ ਦਾ ਕੰਮ ਵੀ ਨਾਲ ਨਾਲ ਕੀਤਾ ਹੈ। ਉਸਦੀ ਸਮੁੱਚੀ ਕਵਿਤਾ ਇਸ ਸੰਗ੍ਰਹਿ ਵਿਚ ਭਾਵੇਂ ਸਯੁੰਗਤ ਰੂਪ ਵਿਚ ਇਕ ਆਪਣਾ ਬਿੰਬ ਸਿਰਜਦੀ ਹੈ, ਫਿਰ ਵੀ ਜਦੋਂ ਅਸੀਂ ਉਸਦੇ ਹੋਰ ਸਾਹਿਤ ਨੂੰ ਪੜ੍ਹਦੇ ਹਾਂ ਤਾਂ ਉਸਦਾ ਇਹ ਬਿੰਬ ਹੋਰ ਵਿਸਤ੍ਰਿਤ ਹੁੰਦਾ ਹੈ।

**— ਡਾ. ਵਨੀਤਾ**
ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ
ਨਵੀਂ ਦਿੱਲੀ

* * * * *

Amar jyoti is not a sentimental poet, nor is she the victim of the phobia of male chauvinism. She is down to earth in her approach to the life of love and love of life. She is the one whose inocent dreams have been shattered on the anvil of bitter experiences. Her longings for leading a life of her liking are not the outcome of narcissism. Rather, she wants to share the Joys of life with men but on equal footing. She is deeply immersed in forklore, apart from having intrest in Indian mythology. Such an awareness of legendary and mythical personages gives a classical tower to the poetical renderings of her intimate feelings.

-**Prof. N.S. Tasneem**

* * * * *



ਅਮਰ ਜਿਉਤੀ ਜੁ ਪੰਜਾਬ (ਭਾਰਤ) ਤੋਂ ਆ ਕੇ ਏਥੇ ਵਸੀ ਹੈ ਆਪਣੀ ਨਜ਼ਮ 'ਡਾਲਰਾਂ ਦੀ ਖਾਣ' ਵਿਚ ਕਹਿੰਦੀ ਹੈ, ਇਸ ਵੇਲੇ ਖੁਦਾ ਨੇ ਜੇ ਕਿਸੇ ਮਾਂ ਦੀ ਕੁੱਖ ਰੌਸ਼ਨ ਕਰਨੀ ਹੁੰਦੀ ਜੇ ਜੀਸਸ ਇਸ ਸਮੇਂ ਧਰਤੀ ਦੀ ਕਿਸੇ ਮਾਂ ਨੇ ਜੰਮਣਾ ਹੁੰਦਾ ਤਾਂ ਇਹ ਕਿਵੇਂ ਵਾਪਰਦਾ ? ਕਿਉਂਕਿ ਹੁਣ ਤਾਂ ਡਾਲਰ ਲੈ ਕੇ ਬੱਚੇ ਪੈਦਾ ਕੀਤੇ ਜਾਂਦੇ ਹਨ, ਇਸੇ ਤਰ੍ਹਾਂ ਉਹ ਇਕ ਹੋਰ ਨਜ਼ਮ ਵਿਚ ਭਾਰਤੀ ਦੇਸ਼ ਭਗਤ 'ਭਗਤ ਸਿੰਘ' ਤੇ ਸਾਊਥ ਅਮਰੀਕਨ ਦੇਸ਼ ਭਗਤ 'ਬੈਜਾਮਿਨ' ਦੀ ਤੁਲਨਾ ਕਰਦੀ ਹੈ। ਉਹ ਭਾਰਤ-ਪਾਕਿਸਤਾਨ ਵਿਚ ਵਿਗੜੇ ਸਬੰਧਾਂ ਦੀ ਵੀ ਗੱਲ ਕਰਦੀ ਹੈ।

ਅਮਰ ਜਿਉਤੀ ਦੀ ਕਵਿਤਾ ਪੱਛਮ ਨੂੰ ਇਕ ਨਵੀਂ ਦਿਸ਼ਾ ਵਿਖਾਉਂਦੀ ਹੈ ਕਿ ਮੁਕਤੀ ਜਾਂ ਗਿਆਨ ਜੰਗਲਾਂ ਵਿਚ ਘੁੰਮਿਆਂ ਜਾਂ ਬੋਧੀ ਟਰੀ ਹੇਠਾਂ ਬੈਠਿਆਂ, ਪਰਬਤਾਂ ਤੇ ਚੜ੍ਹਿਆ ਨਹੀਂ ਮਿਲਦਾ ਸਗੋਂ ਇਸ ਲਈ ਜੀਵਨ ਸੰਘਰਸ਼ ਕਰਨਾ ਪੈਂਦਾ ਹੈ। ਇਸ ਤਰ੍ਹਾਂ ਅਸੀਂ ਪੱਛਮ ਤੋਂ ਜੁ ਭਾਰਤ ਵਿਚ ਸ਼ਾਂਤੀ ਦੀ ਖੋਜ ਵਿਚ ਜਾਂਦੇ ਹਾਂ ਉਹਨਾਂ ਨੂੰ ਪਹਿਲਾਂ ਆਪਣੇ ਅੰਦਰ ਨੂੰ ਖੋਜਣਾ ਜ਼ਰੂਰੀ ਹੋ ਜਾਂਦਾ ਹੈ।

**— ਹੰਸ ਰੋਮਬੂਟਸ**
(ਲੇਖਕ ਡੱਚ ਪੱਤਰਕਾਰ ਕਵੀ ਤੇ ਲੇਖਕ ਹੈ)
ਡੱਚ ਅਖ਼ਬਾਰ ਵਿਚੋਂ ਅਨੁਵਾਦ :
**ਹਾਰਲਾਮਜ਼ ਦਾਖਬਲਾਦ**
(ਨੀਦਰਲੈਂਡ)

* * * * *

ਅਮਰ ਜਿਉਤੀ ਦੀਆਂ ਨਜ਼ਮਾਂ ਮੈਂ ਉਸ ਕੋਲੋਂ ਸੁਣੀਆਂ ਵੀ ਹਨ ਅਤੇ ਉਹਨਾਂ ਵਿਚੋਂ ਕਈ ਮੈਂ ਡੱਚ ਜ਼ੁਬਾਨ ਵਿਚ ਅਨੁਵਾਦ ਕੀਤੀਆਂ ਹਨ। ਉਹਦੀਆਂ ਨਜ਼ਮਾਂ ਪੜ੍ਹ ਸੁਣਕੇ ਮੈਨੂੰ ਪੰਜਾਬੀ ਕਵਿਤਾ ਦੀ ਬੁਲੰਦੀ ਦਾ ਅਹਿਸਾਸ ਹੋਇਆ ਹੈ। ਉਸਨੇ ਆਪਣੀਆਂ ਨਜ਼ਮਾਂ ਵਿਚ ਭਾਰਤੀ ਮਿਥਾਂ ਨੂੰ ਨਵੇਂ ਮਾਅਨਿਆਂ ਵਿਚ ਪੇਸ਼ ਕੀਤਾ ਹੈ। ਜਿਵੇਂ 'ਸਰਾਪ' ਸੀਤਾ ਬਾਰੇ ਲਿਖੀ ਕਵਿਤਾ ਹੈ, ਇਸਤੋਂ ਬਿਨਾਂ ਚਾਨਣ ਦੀ ਕਾਤਰ, ਕੌਣ ਬੁੱਧ ਸੀ, ਅਹੱਲਿਆ, ਮੰਨਤ, ਹਵਾ ਦੀ ਬੇਟੀ ਆਦਿ। ਹਵਾ ਦੀ ਬੇਟੀ ਨਜ਼ਮ ਵਿਚ ਉਹ ਵਰਜਿਤ ਫਲ ਖਾਣ ਦੀ ਜੁਰਅਤ ਕਰਦੀ ਹੈ, ਉਹ ਇਨਸਾਨ ਦੇ ਅੰਦਰ ਦਾਨਵ ਤੇ ਦੇਵਤਾ ਨੂੰ ਇਕੱਠਿਆਂ ਵਸਦਿਆਂ ਵੇਖਦੀ ਹੈ। ਇਸ ਤਰ੍ਹਾਂ ਉਹ ਦਿਸਹੱਦਿਆਂ ਤੋਂ ਪਰੇ ਦੀਆਂ ਹਕੀਕਤਾਂ ਦਾ ਬੇਬਾਕੀ ਨਾਲ ਵਰਨਣ ਕਰਦੀ ਹੈ। ਇਹਨਾਂ ਨਜ਼ਮਾਂ ਨੂੰ ਡੱਚ ਵਿਚ ਪੇਸ਼ ਕਰਦਿਆਂ ਮੈਨੂੰ ਵਿਲੱਖਣ ਖ਼ੁਸ਼ੀ ਦਾ ਅਨੁਭਵ ਹੋਇਆ ਹੈ।

**— ਹੰਸ ਪਲੰਪ**
ਰਾਊਖੋਰਦ (ਨੀਦਰਲੈਂਡ)
ਪ੍ਰਸਿੱਧ ਡੱਚ ਕਵੀ/ਲੇਖਕ/ਅਲੋਚਕ/ਕਾਲਮਨਵੀਸ
(26 ਪੁਸਤਕਾਂ ਛਪ ਚੁੱਕੀਆਂ ਹਨ)

* * * * *

ਸਮਕਾਲੀ ਪੰਜਾਬੀ ਕਵਿਤਾ ਵਿਚ ਅਮਰ ਜਿਉਤੀ ਇਕ ਸੰਤੁਲਿਤ ਕਾਵਿ-ਵਿਵੇਕ ਦੀ ਸਿਰਜਣਾ ਕਰਨ ਵਾਲੀ ਕਵਿਤਰੀ ਹੈ। ਉਸ ਬਾਰੇ ਚੱਲਣ ਵਾਲੀ ਵਿਚਾਰ ਚਰਚਾ ਉਸਨੂੰ ਪਰਵਾਸੀ, ਨਾਰੀਵਾਦੀ ਅਤੇ ਨਵੀਂ ਚੇਤਨਾ ਦੀ ਕਵਿਤਾ ਰਚਣ ਵਾਲੀ ਸ਼ਾਇਰਾ ਦੇ ਤੌਰ ਤੇ ਉਭਾਰਨ ਦਾ ਯਤਨ ਕਰਦੀ ਹੋਈ, ਉਸਨੂੰ ਕਿਸੇ ਇਕ ਘੇਰੇ ਦੀ ਪ੍ਰਤਿਨਿਧਤਾ ਕਰਨ ਵਾਲੀ ਲੇਖਕਾ ਦੇ ਰੂਪ ਵਿਚ ਸਥਾਪਤ ਕਰਨ ਦੀ ਕਾਹਲ ਦਾ ਸ਼ਿਕਾਰ ਹੈ। ਪਰ ਅਮਰ ਜਿਉਤੀ ਇਹਨਾਂ ਘੇਰਿਆਂ ਵਿਚ ਵੱਖਰੀ ਕਿਸਮ ਦਾ ਅੰਤਰ-ਸਵਾਦ ਸਿਰਜਣ ਦੀ ਕੋਸ਼ਿਸ਼ ਕਰਦੀ ਹੈ। ਇਸੇ ਕਰਕੇ ਉਹ ਮੂਲਵਾਸ ਤੇ ਪਰਵਾਸ, ਪਿਤਾ-ਪੁਰਖਤਾ ਤੇ ਨਾਰੀ-ਚੇਤਨਾ ਪਰੰਪਰਾ ਤੇ ਨਵੀਨਤਾ ਅਤੇ ਸਥਾਨਕਤਾ ਤੇ ਸੰਸਾਰਕਤਾ ਦੇ ਆਪਸੀ ਨਿਖੇੜਿਆਂ ਅਤੇ ਕਾਟਵੇਂ ਸੰਬੰਧਾਂ ਵਿਚ ਸਰਗਰਮ ਖ਼ਾਮੋਸ਼ ਸਾਂਝਾਂ ਨੂੰ ਪੇਸ਼ ਕਰਦੀ ਹੋਈ ਇਹਨਾਂ ਦੇ ਮਿਲਣ-ਬਿੰਦੂਆਂ ਦੀ ਅੱਕਾਸ਼ੀ ਕਰਦੀ ਹੈ। ਇਸੇ ਕਰਕੇ ਉਸਦੀ ਕਾਵਿ-ਸਿਰਜਣਾ ਵਿਚ ਵਿਦਰੋਹਾਂ ਅਤੇ ਸੰਘਰਸ਼ਾਂ ਦੀ ਬਿੰਬਾਵਲੀ ਦੀ ਥਾਂ ਸਹਿਜਤਾ ਅਤੇ ਸੁਮੇਲ ਦੀ ਤਾਂਘ ਦਿਖਾਈ ਦਿੰਦੀ ਹੈ। ਖ਼ੂਬਸੂਰਤ ਗੱਲ ਤਾਂ ਇਹ ਹੈ ਕਿ ਉਸਦੀ ਕਾਵਿਕ-ਅਭਿਵਿਅਕਤੀ ਵਿਚਲੀ ਪ੍ਰਗੀਤਾਤਮਕਤਾ ਅਤੇ ਸੋਹਜਾਤਮਕਤਾ ਇਸ ਪ੍ਰਕਿਰਿਆ ਨੂੰ ਹੋਰ ਵੀ ਸਹਿਜ, ਸੁਭਾਵਕ ਅਤੇ ਕਲਾਤਮਕ ਰੰਗ ਪ੍ਰਦਾਨ ਕਰਦੀ ਹੈ।

**— ਡਾ. ਗੁਰਪਾਲ ਸਿੰਘ ਸੰਧੂ**
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

* * * * *

ਅਮਰ ਜਿਉਤੀ ਦੀਆਂ ਨਜ਼ਮਾਂ ਦਾ ਸੱਚ ਪੇਤਲਾ ਨਹੀਂ- ਤਲਖ਼ ਹੈ, ਸ਼ੀਰੀਂ ਹੈ, ਉਸਦੀ ਕਵਿ-ਪ੍ਰਤਿਭਾ ਦਾ ਹਮਸਫ਼ਰ। ਸ਼ਾਇਰਾ ਅਜੋਕੇ ਸਮਾਜੀ ਦੰਭ ਦੀ ਕੇਵਲ ਨਿਰੀਖਕ ਹੀ ਨਹੀਂ ਹੈ, ਇਸਦੇ ਮੂਲ ਕਾਰਨਾਂ ਤਕ ਵੀ ਜਾਂਦੀ ਹੈ। ਇਸੇ ਲਈ ਉਹਦੀਆਂ ਨਜ਼ਮਾਂ ਵਿਚ ਪੇਸ਼ ਕੀਤਾ ਗਿਆ ਮਹੌਲ ਡੂੰਘੇ ਅਨੁਭਵੀ ਮੰਜ਼ਰ ਲੈ ਕੇ ਆਉਂਦਾ ਹੈ। ਉਹ ਅੱਜ ਦੀ ਗੁਰਬਤ, ਭੁੱਖ, ਦੰਭ, ਕਮੀਨਗੀ, ਦੋਗਲੇਪਣ ਦਾ ਜ਼ਿਕਰ ਕਰਦਿਆਂ ਰੋਹ ਵਿਚ ਤਾਂ ਆਉਂਦੀ ਹੈ ਪਰ ਉਸਦਾ ਰੋਹ ਇਕਹਿਰਾ ਨਹੀਂ ਸਗੋਂ ਕਾਵਿਕ ਸੰਵੇਦਨਾ ਨਾਲ ਲਬਰੇਜ਼ ਹੈ। ਰਿਸ਼ਤਿਆਂ ਪ੍ਰਤੀ ਬਣੇ ਬਣਾਏ ਮਾਪ ਦੰਡ ਵੀ ਉਸਦੀ ਸ਼ਾਇਰੀ ਵਿਚ ਅਪ੍ਰਵਾਨਤ ਹਨ। ਉਸਦੀਆਂ ਕਵਿਤਾਵਾਂ ਵਿਚ ਬੇਲੋੜਾ ਪਾਸਾਰ ਨਹੀਂ, ਨਾ ਹੀ ਆਧੁਨਿਕ ਲੱਗਣ ਦਾ ਅਖੌਤੀ ਯਤਨ, ਉਸਨੇ ਆਪਣੀ ਸ਼ਾਇਰੀ ਨੂੰ ਸ਼ਿਲਪ ਦੇ ਪੱਖੋਂ ਵੀ ਨਵੀਨਤਾ ਦੇ ਅੰਗ ਸੰਗ ਰਖਿਆ ਹੈ ਇਸ ਤਰ੍ਹਾਂ ਕਰਨ ਨਾਲ ਅਜੋਕੇ ਸੱਚ ਨੂੰ ਅਜੋਕਾ ਕਾਵਿ-ਮੁਹਾਂਦਰਾ ਪ੍ਰਾਪਤ ਹੋ ਸਕਿਆ ਹੈ। ਆਪਣਾ ਕਾਵਿਕ-ਮੁਹਾਂਦਰਾ ਆਪ ਸਿਰਜ ਲੈਣਾ ਵੀ ਸ਼ਾਇਰਾ ਦੇ ਹਿੱਸੇ ਆਇਆ ਹੈ।

**— ਪ੍ਰਮਿੰਦਰਜੀਤ**
(ਸ਼ਾਇਰ— ਸੰਪਾਦਕ : ਲੋਅ, ਅੱਖਰ)
ਅੰਮ੍ਰਿਤਸਰ

* * * * *



ਇਸ ਸ਼ਾਇਰਾ ਦੀਆਂ ਕਵਿਤਾਵਾਂ ਪੰਜਾਬੀ ਦੀਆਂ ਕੁਝ ਹੋਰ ਨਾਮਵਰ ਕਵਿਤਰੀਆਂ ਵਾਂਗ ਸਵਾਲ ਤਾਂ ਪੁਛਦੀਆਂ ਹਨ, ਪਰ ਇਹ ਸਵਾਲ ਨਿਰੇਪੁਰੇ ਨਿੱਜੀ ਇਸ਼ਕ ਦੀ ਪੂਰਤੀ ਜਾਂ ਤ੍ਰਿਪਤੀ ਤਕ ਸੀਮਤ ਨਹੀਂ ਹੋ ਜਾਂਦੇ ਸਗੋਂ ਮਨੁੱਖੀ ਜੀਵਨ ਦੇ ਹਰ ਸ਼ੋਬੇ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਯਤਨ ਕਰਦੇ ਹਨ। ਅਮਰ ਜਿਉਤੀ ਦੀਆਂ ਕਵਿਤਾਵਾਂ ਦਾ ਇਕ ਹੋਰ ਪਹਿਲੂ ਵੀ ਹੈ ਕਿ ਇਹ ਕੁਝ ਸਵਾਲਾਂ ਦੇ ਸਾਰਥਿਕ ਜਵਾਬ ਦੇਣ ਦੀ ਜੁਰਅਤ ਵੀ ਕਰਦੀਆਂ ਹਨ। ਉਹ ਜਾਣਦੀ ਹੈ ਕਿ ਅਖੌਤੀ ਤੌਰ ਤੇ ਅੱਜ ਦਾ ਭਾਰਤੀ ਮਰਦ ਨਾਰੀ ਬਾਰੇ ਜੋ ਮਰਜ਼ੀ ਘੋਸ਼ਣਾਵਾਂ ਕਰਦਾ ਰਹੇ ਪਰ ਅਸਲ ਵਿਚ ਉਹ ਨਾਰੀ ਦੇ ਲਿੰਗ-ਰੂਪ ਤੋਂ ਅੱਗੇ ਕੁਝ ਨਹੀਂ ਸੋਚ ਸਕਦਾ। ਪੱਛਮ ਦੇ ਬੰਧਨ ਪਰਿਵੇਸ਼ ਵਿਚ ਰਹਿਕੇ ਵੀ ਉਹ ਵਿਸਮਿਤ ਜਾਂ ਅਚੰਭਿਤ ਨਹੀਂ ਹੋਈ। ਦਰਅਸਲ ਇਧਰ ਭਾਰਤ ਵਿਚ ਰਹਿੰਦਿਆਂ ਹੋਇਆਂ ਹੀ ਉਹ ਇੰਨੀ ਚੇਤੰਨ ਜ਼ਰੂਰ ਸੀ ਜੋ ਸਮਝਦੀ ਸੀ ਕਿ ਪੂੰਜੀਵਾਦੀ ਅਰਥ ਵਿਵਸਥਾ ਵਿਚ ਨਾਰੀ ਦੀ ਸੁਤੰਤਰਤਾ ਐਵੇਂ ਇਕ ਲੱਫਾਜ਼ੀ ਹੈ। ਉਹ ਮਰਦ ਦੀਆਂ ਆਪਣੀ ਪ੍ਰਭੁਸਤਾ ਬਣਾਈ ਰੱਖਣ ਵਾਲੀਆਂ ਸਾਰੀਆਂ ਪੁਰਤਨ ਮਿੱਥਾਂ ਨੂੰ ਪੂਰੀ ਤਰ੍ਹਾਂ ਨਕਾਰਦੀ ਹੈ ਅਤੇ ਇਹਨਾਂ ਮਿੱਥਾਂ ਦੇ ਚਿਹਨਕਾਂ ਨੂੰ ਨਵੇਂ ਪਰਿਪੇਖ ਵਿਚ ਵੇਖਣ ਦੀ ਜੁਰਅਤ ਕਰਦੀ ਹੈ।

**— ਪ੍ਰੋ. ਬ੍ਰਹਮਜਗਜੀਸ਼ ਸਿੰਘ**

* * * * *

ਕਵਿਤਰੀ ਆਪਣੀ ਕਵਿਤਾ ਵਿਚ ਤਥਾ-ਕਥਿਤ ਸਮਾਜਕ, ਨੈਤਿਕ ਸੰਸਕਾਰਾਂ ਦੀ ਜਕੜ ਤੋਂ ਮੁਕਤੀ ਲੋਚਦੀ ਹੈ। ਅਮਰ ਜਿਉਤੀ ਕਾਵਿ ਵਿਚ ਅਨੁਭਵ ਸ਼ਿੱਦਤਾਂ ਤੇ ਸੂਖਮ ਭਾਵ ਅਭਿਵਿਅਕਤੀ ਵੀ ਕਮਾਲ ਦੀ ਹੈ। ਉਸਦੇ ਕਾਵਿ ਸ਼ਬਦ ਬਹੁਪਰਤੀ, ਬਹੁਪਾਸਾਰੀ ਅਰਥ ਉਭਾਰਦੇ ਕਾਵਿਕਤਾ ਕਾਇਮ ਰਖਦੇ ਹਨ। ਉਸਦਾ ਥੀਮਕ ਪਾਸਾਰ ਇਨਸਾਨੀਅਤ ਤੇ ਉਹਦੀ ਚੇਤਨਾ ਜੋ ਸੁੱਤੀ ਰਹੀ, ਜਿਸ ਦਵਾਲੇ ਸਮਾਜਿਕ, ਰਾਜਨੀਤਿਕ, ਧਾਰਮਕ ਰਵਾਇਤਾਂ ਦੀਆਂ ਸੂਲਾਂ ਦਾ ਜੰਗਲ ਉੱਗ ਆਇਆ ਸੀ, ਉਸ ਜੰਗਲ ਨੂੰ ਪੁੱਟ ਸੁੱਟਣ ਦਾ ਸੰਕਲਪ ਬਣਦਾ ਹੈ। ਇਸ ਲਈ ਲੋੜੀਂਦਾ ਗਿਆਨ ਇਕਾਂਤਵਾਸ, ਜ਼ਿੰਦਗੀ-ਸੰਘਰਸ਼ 'ਚੋਂ ਨੱਠ ਕੇ ਪ੍ਰਾਪਤ ਨਹੀਂ ਹੁੰਦਾ ਸਗੋਂ ਜ਼ਿੰਦਗੀ ਨਾਲ ਖਹਿ ਕੇ ਜਿਉਣ 'ਚੋਂ ਹਾਸਲ ਹੁੰਦਾ ਹੈ। ਅਮਰ ਜਿਉਤੀ ਕਾਵਿ ਦੇ ਥੀਮਕ ਪਾਸਾਰਾਂ ਵਿਚ ਸਾਦਗੀ ਹੈ, ਸ਼ਿੱਦਤ ਹੈ, ਅਨੁਭਵ ਹੈ, ਕਵਿਤਾ ਹੈ।

**— ਪ੍ਰੋ. ਅਵਤਾਰ ਜੌੜਾ**

* * * * *

ਅਮਰ ਜਿਉਤੀ ਦੇ ਰਚੇ ਗਏ ਸਾਹਿਤ ਬਾਰੇ ਇਕ ਗੱਲ ਹੋਰ ਵੀ ਸਪਸ਼ੱਟ ਹੈ ਕਿ ਦਰਦ ਕੇਵਲ ਅਨੁਭਵ ਦੀ ਕੁਠਾਲੀ ਵਿਚੋਂ ਹੀ ਪੈਦਾ ਨਹੀਂ ਹੁੰਦਾ ਬਲਕਿ ਨੰਗੇ ਪਿੰਡੇ ਹੰਢਾਇਆ ਸੱਚ ਹੁੰਦਾ ਹੈ, ਜਿਸਨੂੰ ਹੰਢਾਉਂਦਿਆਂ 'ਮਾਰੂਥਲੀ ਵਾਟ' ਨੂੰ 'ਨੰਗੇ ਪੈਰੀਂ' ਤਹਿ ਕਰਨਾ ਪੈਂਦਾ ਹੈ, ਫੇਰ ਜਾ ਕੇ ਉਹ ਕਿਸੇ ਸ਼ਾਇਰ ਜਾਂ ਲੇਖਕ ਦੀਆਂ ਅੱਖਾਂ ਵਿਚਲੀ ਇਬਾਰਤ ਬਣਨ ਦੀ ਸ਼ਕਤੀ ਰੱਖਦਾ

ਹੈ। ਹੌਲ਼ੀ ਹੌਲ਼ੀ ਇਹ ਸ਼ਕਤੀ ਦੁਨੀਆਂ ਭਰ ਦੇ ਤਮਾਮ ਹਾਦਸਿਆਂ ਨੂੰ ਕਲਾਵੇ ਵਿਚ ਲੈ ਲੈਂਦੀ ਹੈ। ਅਮਰ ਜਿਉਤੀ ਦੀਆਂ ਰਚਨਾਵਾਂ ਦਾ ਪੈਰਾਡਾਈਮ ਉਸਦੇ ਰਚੇ ਕਾਵਿ ਸੰਗ੍ਰਹਿਆਂ ਦੀਆਂ ਰਚਨਾਵਾਂ ਨਾਲ ਬਣਿਆ ਹੈ। ਇਹਨਾਂ ਵਿਚਲੀਆਂ ਕਵਿਤਾਵਾਂ ਵਧੇਰੇ ਕਰਕੇ ਉਸਦੀ ਚੇਤਨ ਸ਼ਾਇਰੀ ਦਾ ਪ੍ਰਮਾਣ ਦੇਂਦੀਆਂ ਹਨ। ਇਥੋਂ ਤਕ ਪਹੁੰਚਦਿਆਂ ਉਸਦੇ ਥੀਮਕ ਪਾਸਾਰ ਵਿਚ ਵਧੇਰੇ ਗਹਿਰਾਈ ਆਈ ਹੈ। ਸ਼ਾਇਰਾ ਦੀ ਸ਼ਾਇਰੀ ਦੀ ਸ਼ਿੱਦਤ ਇਕ ਪਾਸੇ ਉਸਦੇ ਕਾਵਿ ਅਨੁਭਵ ਨੂੰ ਚਿਹਨਾਂ ਰਾਹੀਂ ਪੇਸ਼ ਕਰਨ ਵਲ ਰੁਚਿਤ ਹੈ ਦੂਜੇ ਪਾਸੇ ਪੁਰਾਣੇ ਚਿਹਨਾਂ ਰਾਹੀਂ ਨਵੇਂ ਅਨੁਭਵ ਨੂੰ ਪੇਸ਼ ਕਰਨ ਵਲ। ਇਉਂ ਉਸਦੀ ਕਵਿਤਾ ਦਾ ਅਰਥ ਸੰਚਾਰ ਭੂਤ ਤੋਂ ਭਵਿੱਖ ਵਲ ਫੈਲਦਾ ਹੈ।

**— ਡਾ. ਬਲਜੀਤ ਬੱਲੀ**
ਪਟਿਆਲਾ

* * * * *

ਅਮਰ ਜਿਉਤੀ ਪੰਜਾਬੀ ਕਿਰਦਾਰ ਦੇ ਦੋਹਰੇ ਮਾਪ-ਦੰਡਾਂ ਵਾਲੀ ਜ਼ਿੰਦਗੀ ਉਪਰ ਵਿਅੰਗ ਕਰਦੀ ਹੈ ਜੋ ਦੁਨੀਆਂ ਸਰ ਕਰਨ ਬਾਰੇ ਤਾਂ ਸੋਚਣ ਲਈ ਮਜਬੂਰ ਕਰਦਾ ਹੈ ਪਰ ਜ਼ਿੰਦਗੀ ਨੂੰ ਪਰਦੇ ਹੇਠ ਪਰੰਪਰਾਗਤ ਰੂਪ ਵਿਚ ਜਿਊਣਾ ਚਾਹੁੰਦਾ ਹੈ। ਉਸਦੀ ਕਵਿਤਾ ਨਾ ਕੇਵਲ ਪਰਪੱਕਤਾ ਦਾ ਸਬੂਤ ਹੀ ਦਿੰਦੀ ਹੈ ਬਲਕਿ ਨੈਤਿਕਤਾ ਦੀਆਂ ਸਥਾਪਤ ਕਦਰਾਂ-ਕੀਮਤਾਂ ਦੇ ਖਿਲਾਫ਼ ਰੋਹ-ਵਿਦਰੋਹ ਕਰਕੇ ਦਰੋਪਦੀ ਤੋਂ ਦੁਰਗਾ ਤਕ ਦੇ ਰੁਪਾਂਤਰਣ ਵਿਚ ਇਕ ਸ਼ਕਤੀਸ਼ਾਲੀ ਅਤੇ ਇਨਕਲਾਬੀ ਚਰਿਤਰ ਦਾ ਰੂਪ ਧਾਰਦੀ ਹੈ।... ਜ਼ਿੰਦਗੀ ਦੀ ਵਾਸਵਿਕਤਾ ਦੇ ਅਨੇਕਾਂ ਪਹਿਲੂ ਹਨ ਜਿਵੇਂ ਪ੍ਰਕਿਰਤੀ ਦੇ ਰੰਗ ਬਦਲਦੇ ਹਨ ਇਸੇ ਤਰ੍ਹਾਂ ਅਮਰ ਜਿਉਤੀ ਦੀ ਕਵਿਤਾ ਜੀਵਨ ਦੇ ਆਦਰਸ਼ਾਂ ਅਤੇ ਸੁਪਨਿਆਂ ਨੂੰ ਵਕਫੇ ਵਿਚ ਫੈਲਾ ਕੇ ਵੇਖਦੀ ਹੈ। ਤਣਾਉ ਦੀ ਸਹਿਜ ਪੇਸ਼ਕਾਰੀ ਹੀ ਉਸਦੀ ਕਾਵਿਕਤਾ ਦੀ ਬੁਨਿਆਦੀ ਵਿਸ਼ੇਸ਼ਤਾ ਬਣਦੀ ਹੈ।

**— ਡਾ. ਸੁਹਿੰਦਰਬੀਰ**
ਗੁ.ਨਾ.ਦੇ. ਯੂਨੀਵਰਸਿਟੀ, ਅੰਮ੍ਰਿਤਸਰ

* * * * *

ਇਸ ਕਵਿਤਰੀ ਦੀ ਕਾਵਿ-ਵਿਸ਼ੇਸ਼ਤਾ ਭਾਰਤੀ ਮਿਥਿਹਾਸ/ਇਤਿਹਾਸ ਨਾਲ ਸੰਬੰਧਿਤ ਨਾਰੀ ਪਾਤਰਾਂ ਸੀਤਾ, ਅਹੱਲਿਆ, ਯਸ਼ੋਧਾ, ਦਰੋਪਦੀ ਆਦਿ ਦੇ ਸਮਾਨਾਂਤਰ ਅੱਜ ਦੀ ਚੇਤਨ ਨਾਰੀ ਦਾ ਬਿੰਬ ਪੇਸ਼ ਕਰਨ ਵਿਚ ਹੈ। ਇੰਜ ਅਮਰ ਜਿਉਤੀ ਨਾਰੀ ਦੇ ਸੰਤਾਪ ਤੇ ਤਣਾਉ-ਗ੍ਰਸਤ ਅਤੀਤ ਤੋਂ ਵੀ ਵਾਕਫ ਹੈ, ਉਸਦੇ ਸੰਕਟ ਭਰਪੂਰ ਵਰਤਮਾਨ ਤੋਂ ਵੀ ਅਤੇ ਉਸਦੀ ਭਵਿੱਖਾਰਥੀ ਮੁਕਤੀ ਲਈ ਦਰਕਾਰ ਯਤਨਾਂ ਤੋਂ ਵੀ। ਅਤੀਤ, ਵਰਤਮਾਨ ਤੇ ਭਵਿੱਖ ਦੇ ਤੀਹਰੇ ਰਿਸ਼ਤੇ ਵਿਚ ਬੱਝੀ ਹੋਣ ਸਦਕਾ ਹੀ ਉਸਦੀ ਕਾਵਿ ਰਚਨਾ ਆਤਮ-ਪੀੜਾ ਦੇ ਬਿੰਦੂ ਉਪਰ ਸਮਾਪਤ



ਨਹੀਂ ਹੁੰਦੀ ਹੈ। ਭੋਲੇਪਣ ਤੇ ਮਜਬੂਰੀ ਵਿਚ ਜਕੜੀ ਕਾਰੋਬਾਰੀ ਨਾਰੀ ਦੀ ਸੰਕਟ-ਗ੍ਰਸਤ ਹੋਂਦ ਨੂੰ ਪੇਸ਼ ਕਰਨ ਦੇ ਨਾਲ ਨਾਲ ਲੇਖਕਾ ਨੇ ਅਜੋਕੇ ਯੁਗ ਦੇ ਅਖੌਤੀ ਕਵੀਆਂ ਉਪਰ ਵੀ ਵਿਅੰਗ ਕੱਸਿਆ ਹੈ ਜੋ ਨਾਰੀ ਦੀ ਸੰਕਟ-ਗ੍ਰਸਟ ਅਵਸਥਾ ਤੋਂ ਜਾਣੂ ਹੋਣ ਦੇ ਬਾਵਜੂਦ ਉਸ ਬਾਰੇ ਸੱਚੀ ਕਵਿਤਾ ਇਸ ਲਈ ਨਹੀਂ ਲਿਖ ਸਕਦੇ ਕਿਉਂਕਿ ਉਹਨਾਂ ਦੀ ਮਾਨਸਿਕਤਾ ਉਤੇ ਬਜ਼ਾਰੂ ਪ੍ਰਵਿਰਤੀਆਂ ਭਾਰੂ ਹਨ। ਉਹਦੀ ਕਵਿਤਾ ਨਾਰੀ ਦੀ ਵਿਸ਼ਾਦਗ੍ਰਸਤ ਸਥਿਤੀ ਨੂੰ ਤਾਂ ਚਿਤਰਦੀ ਹੈ ਪਰ ਰੁਦਨ ਉਪਰ ਆ ਕੇ ਸਮਾਪਤ ਨਹੀਂ ਹੋ ਜਾਂਦੀ।

**— ਡਾ. ਅਰਵਿੰਦਰਪਾਲ ਕੌਰ**
ਅੰਮ੍ਰਿਤਸਰ

* * * * *

# ਅਮਰ ਜਿਉਤੀ ਬਾਇਓਡਾਟਾ

ਚੰਡੀਗੜ੍ਹ ਦੀਆਂ ਸਾਹਿਤਕ ਮਹਿਫ਼ਲਾਂ ਵਿਚ ਵਿਚਰਦੀ ਸੰਨ 1982 ਵਿਚ ਨੀਦਰਲੈਂਡ ਚਲੀ ਗਈ, ਜਿਥੇ ਉਹ ਹੁਣ ਅਮਸਟਰਡਮ ਵਿਚ ਰਹਿੰਦੀ ਹੈ। ਪਹਿਲੀ ਨਜ਼ਮ ਉਮਰ ਦੇ ਅੱਠਵੇਂ ਵਰ੍ਹੇ ਵਿਚ ਲਿਖੀ, ਫਿਰ ਕਹਾਣੀਆਂ ਲਿਖੀਆਂ ਜੁ ਓਦੋਂ ਨਾਮਵਰ ਸਾਹਿਤਕ ਰਸਾਲਿਆਂ ਵਿਚ ਛਪੀਆਂ ਇਸਤੋਂ ਪਿਛੋਂ ਨਜ਼ਮਾਂ ਲਿਖਣ ਵਲ ਆਈ ਹੁਣ ਤਕ ਛੇ ਪੁਸਤਕਾਂ ਨਜ਼ਮਾਂ ਦੀਆਂ ਤੇ ਦੋ ਪੁਸਤਕਾਂ ਵਾਰਤਕ ਦੀਆਂ ਅਤੇ ਦੋ ਸੰਪਾਦਿਤ ਪੁਸਤਕਾਂ ਛਪ ਚੁੱਕੀਆਂ ਹਨ। ਬਹੁਤ ਸਾਰੀਆਂ ਨਜ਼ਮਾਂ, ਕਹਾਣੀਆਂ, ਅਖੌਤਾਂ ਮੁਹਾਵਰਿਆਂ ਤੇ ਅਧਾਰਤ ਲਿਖੀਆਂ ਕਹਾਣੀਆਂ ਅਣਛਪੀਆਂ ਪਈਆਂ ਹਨ।

ਡੱਚ ਲੇਖਕਾਂ ਤੋਂ ਬਿਨਾਂ ਵਖ ਵਖ ਮੁਲਕਾਂ ਦੇ ਲਗਭਗ ਤੀਹ ਜ਼ਬਾਨਾਂ ਦੇ ਲੇਖਕਾਂ, ਕਲਾਕਾਰਾਂ ਅਤੇ ਪੱਤਰਕਾਰਾਂ ਨਾਲ ਉਹਨਾਂ ਦਾ ਮੇਲ ਜੋਲ ਹੈ। ਨੀਦਰਲੈਂਡ ਟੀ.ਵੀ. ਤੇ ਰੇਡੀਓ ਪ੍ਰੋਗਰਾਮਾਂ/ਬਹਿਸਾਂ ਵਿਚ ਹਿੱਸਾ ਲੈ ਚੁੱਕੀ ਹੈ।

ਨਜ਼ਮਾਂ ਕਈ ਭਾਰਤੀ ਭਾਸ਼ਾਵਾਂ ਤੋਂ ਬਿਨਾਂ ਅੰਗਰੇਜ਼ੀ ਤੇ ਡੱਚ ਜ਼ੁਬਾਨਾਂ ਵਿਚ ਤਰਜੁਮਾ ਹੋ ਕੇ ਛਪ ਚੁਕੀਆਂ ਹਨ।

ਪੁਸਤਕਾਂ ਉੱਤੇ ਯੂਨੀਵਰਸਿਟੀ ਵਿਦਿਆਰਥੀਆਂ ਵੱਲੋਂ ਖੋਜ ਕਾਰਜ ਹੋ ਚੁੱਕੇ ਹਨ ਅਤੇ ਹੋ ਰਹੇ ਹਨ।

**ਯੋਗਤਾ** : ਪੀ.ਐਚ.ਡੀ. (ਡਾਇਸਪੋਰਿਕ ਸੂਰੀਨਾਮ ਕਵਿਤਾ)
ਐਮ.ਏ. ਪੰਜਾਬੀ ਸਾਹਿਤ
ਡਿਪਲੋਮਾ ਡੱਚ ਭਾਸ਼ਾ ਵਿਚ

**ਸੰਪਾਦਨ**

1. ਅੰਬਰ- ਅੰਗਰੇਜ਼ੀ ਜ਼ੁਬਾਨ ਵਿਚ ਡੱਚ ਪੰਜਾਬੀ ਸਾਹਿਤ ਦਾ ਪੁਲ ਬਣਾਉਣ ਵਾਸਤੇ ਸਾਹਿਤਕ ਮੈਗਜ਼ੀਨ ਸ਼ੁਰੂ ਕੀਤਾ ਜਿਸਦੀ ਸੰਪਾਦਕ ਹੈ।
2. ਪੰਖੜੀਆਂ— ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ — ਸੱਤ ਸਾਲ ਸੰਪਾਦਕ ਰਹੀ।
3. ਰੇਡੀਓ ਇੰਡੀਅਨ ਟਾਈਮ ਅਮਸਟਰਡਮ, ਪ੍ਰੀਜ਼ੈਂਟਰ ਤੇ ਪ੍ਰੋਡਿਊਸਰ



4. ਰੇਡੀਓ ਵੌਇਸ ਆਫ ਏਸ਼ੀਆ ਅਮਸਟਰਡਮ ਤੋਂ ਸਾਹਿਤ ਕਲਾ ਤੇ ਕਲਾਕਾਰਾਂ ਬਾਰੇ ਪ੍ਰੋਗਰਾਮ ਪੇਸ਼ ਕੀਤੇ।

**ਮੈਂਬਰਸ਼ਿਪ**

1. ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ- ਜੀਵਨ ਮੈਂਬਰ
2. ਇੰਡੀਅਨ ਲਿਟਰੇਚਰ ਐਂਡ ਕਲਚਰਲ ਸੋਸਾਇਟੀ ਅਮਸਟਰਡਮ - ਪ੍ਰਧਾਨ
3. ਫੌਰਨ ਪ੍ਰੈਸ ਐਸੋਸੀਏਸ਼ਨ, ਨੀਦਰਲੈਂਡਜ਼- ਮੈਂਬਰ
4. ਫਾਊਂਡੇਸ਼ਨ ਫਾਰ ਕ੍ਰਿਟੀਕਲ ਚੌਇਸਿਸ ਫਾਰ ਇੰਡੀਆ—ਨੀਦਰਲੈਂਡਜ਼ ਮੈਂਬਰ ਤੇ ਪ੍ਰੈਸ ਸੈਕਟਰੀ
5. ਡੱਚ ਇੰਡੀਅਨ ਐਸੋਸੀਏਸ਼ਨ- ਮੈਂਬਰ
6. ਸੂਰੀਨਾਮ ਲਿਟਰੇਰੀ ਸੋਸਾਇਟੀ- ਫਾਊਂਡਰ ਅਤੇ ਮੈਂਬਰ

**ਪੁਰਸਕਾਰ ਤੇ ਸਨਮਾਨ**

1. ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ (ਵਿਦੇਸ਼ੀ) ਪੰਜਾਬ (ਭਾਰਤ)
2. ਪ੍ਰੋਇਟਰੀ ਐਵਾਰਡ, ਅਮਸਟਰਡਰਮ (ਨੀਦਰਲੈਂਡ)
3. ਵਾਰਿਸ ਸ਼ਾਹ ਪੁਰਸਕਾਰ-ਪੰਜਾਬੀ ਸੱਥ ਲਾਂਬੜਾ, ਪੰਜਾਬ (ਭਾਰਤ)
4. ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ,
ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ,
ਭੁਲੇਖਾ (ਲਾਹੌਰ) ਪਾਕਿਸਤਾਨ,
ਪੰਜਾਬ, ਯੂ.ਕੇ. ਅਤੇ ਹਾਲੈਂਡ ਦੀਆਂ ਕਈ ਸਾਹਿਤਕ ਤੇ ਕਲਾ ਸਭਾਵਾਂ ਵਲੋਂ ਸਨਮਾਨਤ।